ਜਿਲਦ: 6 ਅੰਕ: 23

ਨਿਊ ਇੰਡੀਆ

1-15 ਜੂਨ, 2026 (ਮੁਫ਼ਤ)

# ਸਮਾਚਾਰ



12 ਵਰ੍ਹੇ

# ਵਿਕਾਸ ਦਾ ਵਿਜ਼ਨ
# ਦੇਸ਼ ਦਾ ਮਿਸ਼ਨ

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰ ਦਾ 12 ਵਰ੍ਹਿਆਂ ਦਾ ਕਾਰਜਕਾਲ ਸੇਵਾ, ਸੁਸ਼ਾਸਨ ਅਤੇ ਵਿਕਾਸ ਦੇ ਨਵੇਂ ਆਯਾਮ ਸਥਾਪਿਤ ਕਰਨ ਵਾਲਾ ਰਿਹਾ ਹੈ। ਇਸ ਦੌਰਾਨ ਦੇਸ਼ ਨੇ ਆਤਮ-ਨਿਰਭਰਤਾ, ਡਿਜੀਟਲ ਕ੍ਰਾਂਤੀ, ਬੁਨਿਆਦੀ ਢਾਂਚੇ ਦੇ ਵਿਸਤਾਰ ਅਤੇ ਵਿਸ਼ਵਵਿਆਪੀ ਮੰਚ 'ਤੇ ਮਜ਼ਬੂਤ ਪਹਿਚਾਣ ਦਾ ਕੀਤਾ ਹੈ ਅਨੁਭਵ...**

ਈ-ਕਾਪੀ ਦੇ ਲਈ QR ਕੋਡ ਸਕੈਨ ਕਰੋ

@NISPIBIndia ਸਾਨੂੰ ਫ਼ੋਲੋ ਕਰੋ

ਵਿਸ਼ਵ ਵਾਤਾਵਰਣ ਦਿਵਸ: 5 ਜੂਨ

# ਭਾਰਤ ਦੀ ਸੰਸਕ੍ਰਿਤੀ ਵਿੱਚ ਕੁਦਰਤ ਵੀ ਅਤੇ ਤਰੱਕੀ ਵੀ

ਭਾਰਤ ਦੀ ਹਜ਼ਾਰਾਂ ਵਰ੍ਹਿਆਂ ਪੁਰਾਣੀ ਸੰਸਕ੍ਰਿਤੀ ਵਿੱਚ, ਕੁਦਰਤ ਦੇ ਨਾਲ-ਨਾਲ ਤਰੱਕੀ ਵੀ ਮੌਜੂਦ ਹੈ। ਸਾਡੇ ਪੂਰਵਜਾਂ ਦੀ ਇੱਛਾ ਸੀ — "ਪ੍ਰਥਵੀ: ਪੂ: ਚ ਉਰਵੀਂ ਭਵ।" ਭਾਵ, ਸੰਪੂਰਨ ਪ੍ਰਿਥਵੀ, ਸੰਪੂਰਨ ਵਾਤਾਵਰਣ ਸਾਡੇ ਸਾਰਿਆਂ ਲਈ ਉੱਤਮ ਹੋਵੇ। ਜਲਵਾਯੂ ਪਰਿਵਰਤਨ ਦੇ ਖ਼ਤਰੇ ਨਾਲ ਨਜਿੱਠਣ ਦੇ ਲਈ ਅੱਜ ਜੋ ਵਿਸ਼ਵ ਪੱਧਰੀ ਯਤਨ ਚੱਲ ਰਹੇ ਹਨ, ਉਨ੍ਹਾਂ ਵਿੱਚ ਭਾਰਤ ਇੱਕ ਉਮੀਦ ਦੀ ਕਿਰਨ ਬਣ ਕੇ ਉਭਰਿਆ ਹੈ। ਜਲਵਾਯੂ ਅਤੇ ਵਾਤਾਵਰਣ ਦੀ ਰੱਖਿਆ ਦੇ ਲਈ ਰਾਸ਼ਟਰ ਅਤੇ ਨਾਗਰਿਕ ਸੰਗਠਿਤ ਯਤਨਾਂ ਸਦਕਾ ਹੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇ ਸਕਾਂਗੇ ਸੁਰੱਖਿਅਤ ਵਾਤਾਵਰਣ....

"

**ਵਿਕਾਸ ਅਤੇ ਵਾਤਾਵਰਣ ਵਿੱਚ ਸੰਤੁਲਨ ਸਾਡੀ ਪ੍ਰਾਚੀਨ ਪਰੰਪਰਾ ਦਾ ਇੱਕ ਅਹਿਮ ਹਿੱਸਾ ਹੈ, ਜਿਸ ਨੂੰ ਅਸੀਂ ਆਤਮਨਿਰਭਰ ਭਾਰਤ ਦੀ ਵੀ ਤਾਕਤ ਬਣਾ ਰਹੇ ਹਾਂ। ਜੀਵ ਅਤੇ ਕੁਦਰਤ ਦੇ ਰਿਸ਼ਤੇ ਦਾ ਸੰਤੁਲਨ, ਵਿਅਕਤੀ ਅਤੇ ਸਮਾਜ ਦਾ ਸੰਤੁਲਨ, ਜੀਵ ਅਤੇ ਸ਼ਿਵ ਦਾ ਸੰਤੁਲਨ ਹਮੇਸ਼ਾ ਤੋਂ ਸਾਡੇ ਸ਼ਾਸਤਰਾਂ ਨੇ ਸਾਨੂੰ ਸਿਖਾਇਆ ਹੈ। ਅਸੀਂ ਜੋ ਵੀ ਆਪਣੇ ਲਈ ਕਰਦੇ ਹਾਂ, ਉਸ ਦਾ ਸਿੱਧਾ ਅਸਰ ਸਾਡੇ ਵਾਤਾਵਰਣ 'ਤੇ ਵੀ ਪੈਂਦਾ ਹੈ। ਇਸ ਲਈ ਆਪਣੇ ਸਰੋਤਾਂ ਦੀ ਕੁਸ਼ਲਤਾ ਨੂੰ ਲੈ ਕੇ ਵੀ ਭਾਰਤ ਦੇ ਯਤਨ ਲਗਾਤਾਰ ਵਧ ਰਹੇ ਹਨ।**

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਨਿਊ ਇੰਡੀਆ
# ਸਮਾਚਾਰ

ਜਿਲਦ: 6, ਅੰਕ: 23 | 1-15 ਜੂਨ, 2026

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।**

https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-@NISPIBIndia

# ਅੰਦਰਲੇ ਪੰਨਿਆਂ ਉੱਤੇ ...



ਕਵਰ ਸਟੋਰੀ
ਵਿਕਾਸ ਯਾਤਰਾ ਦੇ
12 ਵਰ੍ਹੇ

**12 ਵਰ੍ਹਿਆਂ ਦੀ ਸੰਕਲਪ ਯਾਤਰਾ**

## ਵਿਕਸਿਤ ਭਾਰਤ ਦੀ ਯਾਤਰਾ ਦਾ ਇੱਕ ਨਵਾਂ ਯੁੱਗ


ਲੋਕਤੰਤਰੀ ਪ੍ਰਕਿਰਿਆ ਵਿੱਚ 2014 ਤੋਂ 2026 ਇੱਕ ਅਜਿਹੇ ਯੁੱਗ ਦਾ ਸਮਾਨਾਰਥੀ ਬਣ ਗਿਆ ਹੈ ਜਿਸ ਨੇ ਸੰਕਲਪਾਂ ਦੀ ਸਿੱਧੀ ਦਾ ਨਵਾਂ ਅਧਿਆਏ ਲਿਖਿਆ ਹੈ। ਇਹ ਗਵਾਹ ਬਣ ਗਿਆ ਹੈ ਕ੍ਰਾਂਤੀਕਾਰੀ ਤਬਦੀਲੀਆਂ ਦਾ ਅਤੇ ਅੱਜ ਦੇਸ਼ ਦਾ ਜਨ-ਜਨ ਇਨ੍ਹਾਂ ਤਬਦੀਲੀਆਂ ਵਿੱਚ ਖੁਦ ਨੂੰ ਕਰ ਪਾ ਰਿਹਾ ਹੈ ਭਾਈਵਾਲ ਮਹਿਸੂਸ.. 8-68

**ਸੋਮਨਾਥ ਮੰਦਿਰ ਦੀ ਪੁਨਰ-ਸਥਾਪਨਾ ਦੇ 75 ਵਰ੍ਹੇ**

**ਸੋਮਨਾਥ ਅੰਮ੍ਰਿਤ ਮਹੋਤਸਵ**
ਭਾਰਤ ਦੀ ਵਿਲੱਖਣ ਭਾਵਨਾ ਦਾ ਉਤਸਵ



ਗੁਜਰਾਤ ਯਾਤਰਾ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਵਡੋਦਰਾ ਵਿੱਚ ਸਰਦਾਰਧਾਮ ਹੋਸਟਲ ਦਾ ਕੀਤਾ ਉਦਘਾਟਨ... | 72-74

**ਸ਼ਖ਼ਸੀਅਤ: ਦਾਮੋਦਰ ਮੇਨਨ**
ਜਿਨ੍ਹਾਂ ਨੇ ਪੱਤਰਕਾਰੀ ਨੂੰ ਹਥਿਆਰ ਬਣਾ ਕੇ ਆਜ਼ਾਦੀ ਦੀ ਲੜਾਈ ਲੜੀ | 4

**ਖ਼ਰੀਫ਼ ਫ਼ਸਲਾਂ ਦੀ ਐੱਮਐੱਸਪੀ ਅਤੇ ਦੋ ਸੈਮੀਕੰਡਕਟਰ ਪ੍ਰੋਜੈਕਟਾਂ ਨੂੰ ਮਨਜ਼ੂਰੀ**
ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਲਏ ਕਈ ਮਹੱਤਵਪੂਰਨ ਫ਼ੈਸਲੇ | 5-7

**ਬੰਗਲੁਰੂ ਨੇ ਅਧਿਆਤਮ ਅਤੇ ਅਧਿਆਤਮਿਕ ਚੇਤਨਾ ਨੂੰ ਨਵੀਂ ਉਚਾਈ ਤੱਕ ਪਹੁੰਚਾਇਆ**
ਦ ਆਰਟ ਆਫ਼ ਲਿਵਿੰਗ ਦੇ ਸਥਾਪਨਾ ਸਮਾਰੋਹ ਵਿੱਚ ਸ਼ਾਮਲ ਹੋਏ ਪ੍ਰਧਾਨ ਮੰਤਰੀ ਮੋਦੀ | 69

**ਆਧੁਨਿਕ ਇਨਫ੍ਰਾਸਟ੍ਰਕਚਰ ਬਣਾ ਰਿਹਾ ਭਾਰਤ**



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 10 ਮਈ ਨੂੰ ਤੇਲੰਗਾਨਾ ਦੇ ਹੈਦਰਾਬਾਦ ਵਿੱਚ ਲਗਭਗ 9,400 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਰੱਖਿਆ ਨੀਂਹ ਪੱਥਰ ਅਤੇ ਕੀਤਾ ਉਦਘਾਟਨ | 70-71



**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ** –responsenis@pib.gov.in **ਆਰ.ਐੱਨ.ਆਈ. ਨੰਬਰ** DELPUN/2020/78808

# ਸੰਪਾਦਕ ਦੀ ਕਲਮ ਤੋਂ...

# ਸਰਵ-ਪੱਖੀ, ਸਰਵ-ਸਮਾਵੇਸ਼ੀ, ਸਰਵ-ਸਪਰਸ਼ੀ

## ਜਨਤਕ ਸੇਵਾ, ਜਨਤਕ ਵਿਸ਼ਵਾਸ, ਜਨਤਕ ਕਲਿਆਣ ਦੇ 12 ਵਰ੍ਹੇ

ਸਾਦਰ ਨਮਸਕਾਰ।

26 ਮਈ 2014 ਦੀ ਉਹ ਸ਼ਾਮ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੋ ਗਈ, ਜਦੋਂ ਰਾਸ਼ਟਰਪਤੀ ਭਵਨ ਦੇ ਵਿਹੜੇ ਵਿੱਚ ਨਰੇਂਦਰ ਮੋਦੀ ਨੇ ਪਹਿਲੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕੀ। ਲਗਾਤਾਰ ਤੀਜੇ ਕਾਰਜਕਾਲ ਦੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 9 ਜੂਨ 2024 ਨੂੰ ਸਹੁੰ ਲਈ ਸੀ। ਉਨ੍ਹਾਂ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੇ 12 ਵਰ੍ਹੇ ਪੂਰੇ ਹੋ ਰਹੇ ਹਨ। ਇਹ ਸਿਰਫ਼ ਇੱਕ ਰਾਜਨੀਤਿਕ ਯਾਤਰਾ ਨਹੀਂ, ਸਗੋਂ ਨਵੇਂ ਭਾਰਤ ਦੇ ਨਿਰਮਾਣ ਦਾ ਇੱਕ ਵਿਆਪਕ ਅਭਿਆਨ ਰਿਹਾ ਹੈ। ਇਨ੍ਹਾਂ ਵਰ੍ਹਿਆਂ ਵਿੱਚ ਸ਼ਾਸਨ ਦਾ ਕੇਂਦਰ ਹਮੇਸ਼ਾ ਦੇਸ਼ ਦਾ ਨਾਗਰਿਕ ਰਿਹਾ ਅਤੇ ਗ਼ਰੀਬ, ਯੁਵਾ, ਅੰਨਦਾਤਾ ਅਤੇ ਨਾਰੀ ਸ਼ਕਤੀ ਨੂੰ ਵਿਕਾਸ ਦੀ ਸਭ ਤੋਂ ਵੱਡੀ ਸ਼ਕਤੀ ਮੰਨਿਆ ਗਿਆ।

ਸਰਕਾਰ ਨੇ ਇਹ ਯਕੀਨੀ ਕੀਤਾ ਕਿ ਯੋਜਨਾਵਾਂ ਸਿਰਫ਼ ਐਲਾਨਾਂ ਤੱਕ ਸੀਮਿਤ ਨਾ ਰਹਿਣ, ਸਗੋਂ ਉਨ੍ਹਾਂ ਦਾ ਲਾਭ ਆਖ਼ਰੀ ਵਿਅਕਤੀ ਤੱਕ ਪਹੁੰਚੇ। ਵਿਕਸਿਤ ਭਾਰਤ ਸੰਕਲਪ ਯਾਤਰਾ ਵੀ ਇਸ ਦੀ ਇੱਕ ਵੱਡੀ ਉਦਾਹਰਣ ਰਹੀ।

ਸੱਭਿਆਚਾਰਕ ਅਤੇ ਆਧਿਆਤਮਿਕ ਦ੍ਰਿਸ਼ਟੀਕੋਣ ਤੋਂ ਵੀ ਇਹ ਕਾਲਖੰਡ ਇਤਿਹਾਸਕ ਰਿਹਾ ਹੈ। ਭਾਰਤ ਦੀ ਪ੍ਰਾਚੀਨ ਯੋਗ ਪਰੰਪਰਾ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਰੂਪ ਵਿੱਚ ਵਿਸ਼ਵਵਿਆਪੀ ਪਹਿਚਾਣ ਮਿਲੀ, ਜਿਸ ਨੂੰ ਅੱਜ ਪੂਰੀ ਦੁਨੀਆ ਅਪਣਾ ਚੁੱਕੀ ਹੈ। ਰਾਸ਼ਟਰੀ ਸੁਰੱਖਿਆ ਦੇ ਖੇਤਰ ਵਿੱਚ ਸਰਕਾਰ ਨੇ ਕਈ ਸਾਹਸਿਕ ਫ਼ੈਸਲੇ ਲਏ।

ਰੁਜ਼ਗਾਰ ਅਤੇ ਉੱਦਮਤਾ ਵਿੱਚ ਵੀ ਭਾਰਤ ਨੇ ਨਵੀਂ ਪਛਾਣ ਬਣਾਈ ਹੈ। ਦੇਸ਼ ਦੇ ਯੁਵਾ ਹੁਣ ਸਿਰਫ਼ ਨੌਕਰੀ ਲੱਭਣ ਵਾਲੇ ਨਹੀਂ, ਸਗੋਂ ਰੁਜ਼ਗਾਰ ਦੇਣ ਵਾਲੇ ਬਣ ਰਹੇ ਹਨ। ਭਾਰਤ ਅੱਜ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਹੈ ਅਤੇ ਮੋਬਾਈਲ ਨਿਰਮਾਣ ਵਿੱਚ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਦੇਸ਼ ਬਣ ਚੁੱਕਿਆ ਹੈ। ਡਿਜੀਟਲ ਇੰਡੀਆ ਨੇ ਸ਼ਾਸਨ ਨੂੰ ਪਾਰਦਰਸ਼ੀ ਅਤੇ ਪਹੁੰਚਯੋਗ ਬਣਾਇਆ ਹੈ। ਅੱਜ ਭਾਰਤ ਦੁਨੀਆ ਵਿੱਚ ਸਭ ਤੋਂ ਤੇਜ਼ ਰੀਅਲ-ਟਾਈਮ ਡਿਜੀਟਲ ਭੁਗਤਾਨ ਕਰਨ ਵਾਲਾ ਦੇਸ਼ ਬਣ ਚੁੱਕਿਆ ਹੈ। ਇਸ ਦੇ ਨਾਲ ਹੀ, ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਬਣਿਆ ਹੋਇਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਕਈ ਦੇਸ਼ਾਂ ਦੇ ਸਰਬਉੱਚ ਨਾਗਰਿਕ ਸਨਮਾਨ ਪ੍ਰਾਪਤ ਹੋਏ ਹਨ, ਜੋ ਵਿਸ਼ਵਵਿਆਪੀ ਮੰਚ 'ਤੇ ਭਾਰਤ ਦੀ ਵਧਦੀ ਪ੍ਰਤਿਸ਼ਠਾ ਦੇ ਪ੍ਰਤੀਕ ਹਨ।

ਇਨ੍ਹਾਂ 12 ਵਰ੍ਹਿਆਂ ਵਿੱਚ ਸਰਕਾਰ ਨੇ ਸਿਰਫ਼ ਪਹਿਲਾਂ ਦੀਆਂ ਕਮੀਆਂ ਨੂੰ ਦੂਰ ਨਹੀਂ ਕੀਤਾ, ਸਗੋਂ ਵਰਤਮਾਨ ਨੂੰ ਵੀ ਮਜ਼ਬੂਤ ਕਰਦੇ ਹੋਏ ਵਿਕਸਿਤ ਭਾਰਤ@2047 ਦਾ ਸਪਸ਼ਟ ਟੀਚਾ ਵੀ ਦੇਸ਼ ਸਾਹਮਣੇ ਰੱਖਿਆ ਹੈ। ਇਸ ਤਰ੍ਹਾਂ ਨਾਗਰਿਕ ਦੇਵੋ ਭਵ: ਦੀ ਭਾਵਨਾ ਦੇ ਨਾਲ ਕੇਂਦਰ ਸਰਕਾਰ ਨਿਰੰਤਰ ਜਨਤਕ ਸੇਵਾ, ਜਨਤਕ ਵਿਸ਼ਵਾਸ ਅਤੇ ਜਨਤਕ ਭਲਾਈ ਦੇ ਰਾਹ 'ਤੇ ਅੱਗੇ ਵਧ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ 12 ਵਰ੍ਹਿਆਂ ਦੀ ਯਾਤਰਾ ਹੀ ਇਸ ਵਾਰ ਦੀ ਸਾਡੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਪੱਤਰਕਾਰਿਤਾ ਨੂੰ ਹਥਿਆਰ ਬਣਾ ਕੇ ਆਜ਼ਾਦੀ ਦੀ ਲੜਾਈ ਲੜਨ ਵਾਲੇ ਦਾਮੋਦਰ ਮੇਨਨ, ਕੇਂਦਰੀ ਕੈਬਨਿਟ ਦੇ ਫ਼ੈਸਲੇ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪੰਦਰਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 5 ਜੂਨ ਨੂੰ ਹੋਣ ਵਾਲੇ ਵਾਤਾਵਰਣ ਦਿਵਸ ਅਤੇ ਕਵਰ ਸਟੋਰੀ 'ਤੇ ਰਾਸ਼ਟਰੀ ਹਿਤ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਸੱਤ ਅਪੀਲਾਂ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।https://newindiasamachar.pib.gov.in/news.aspx

# ਆਪਕੀ ਬਾਤ...




## ਪੱਤ੍ਰਿਕਾ ਤੋਂ ਮਿਲਦੀ ਹੈ ਵਿਸਤ੍ਰਿਤ ਜਾਣਕਾਰੀ

"ਮੈਂ ਨਿਊ ਇੰਡੀਆ ਸਮਾਚਾਰ"ਪੱਤ੍ਰਿਕਾ ਦੇ 16-30 ਅਪ੍ਰੈਲ 2026 ਅੰਕ ਵਿੱਚ 'ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਪੀਲ ਪੜ੍ਹੀ ਤਾਂ ਬਹੁਤ ਪ੍ਰੇਰਿਤ ਹੋਇਆ। ਕਿਉਂਕਿ ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਦੀ ਸਿਹਤ, ਖੁਸ਼ਹਾਲੀ ਅਤੇ ਵਿਕਾਸ ਦੇ ਲਈ ਹਰੇਕ ਖੇਤਰ 'ਤੇ ਆਪਣੀ ਨਜ਼ਰ ਰੱਖੀ ਹੈ ਅਤੇ ਯੋਗ ਸਲਾਹ ਨਾਲ ਸਾਡਾ ਮਾਰਗਦਰਸ਼ਨ ਵੀ ਕੀਤਾ ਹੈ। ਇਹ ਬਹੁਤ ਹੀ ਮਹੱਤਵਪੂਰਨ ਗੱਲ ਹੈ। ਸੰਪਾਦਕ ਦੀ ਕਲਮ ਤੋਂ.... ਦੇ ਤਹਿਤ 'ਭਾਰਤ ਵਿੱਚੋਂ ਲਾਲ ਅੱਤਵਾਦ ਦਾ ਖ਼ਾਤਮਾ' ਦੀ ਵਿਸਤ੍ਰਿਤ ਜਾਣਕਾਰੀ ਮਿਲੀ ਜੋ ਮੋਦੀ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੈ। ਆਜ਼ਾਦੀ ਤੋਂ ਬਾਅਦ ਲਗਾਤਾਰ ਹੋਏ ਨਕਸਲੀ ਹਮਲਿਆਂ ਦੇ ਕਾਰਨ ਕਬਾਇਲੀ ਇਲਾਕਿਆਂ ਦਾ ਵਿਕਾਸ ਰੁਕ ਗਿਆ ਸੀ ਅਤੇ ਜਾਨ-ਮਾਲ ਦੇ ਨੁਕਸਾਨ ਦੇ ਨਾਲ ਵੱਡੀ ਗਿਣਤੀ ਵਿੱਚ ਸਾਡੇ ਜਵਾਨਾਂ ਦੀਆਂ ਜਾਨਾਂ ਗਈਆਂ ਸਨ। ਮੋਦੀ ਸਰਕਾਰ ਨੇ ਸਹੀ ਫ਼ੈਸਲਾ ਲੈ ਕੇ ਮੁਹਿੰਮ ਚਲਾਈ ਅਤੇ ਭਾਰਤ ਨੂੰ ਨਕਸਲ ਮੁਕਤ ਬਣਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਸ ਲਈ ਦੇਸ਼ਵਾਸੀਆਂ ਵਿੱਚ ਮੋਦੀ ਸਰਕਾਰ ਦੀ ਨੀਤੀ ਅਤੇ ਫ਼ੈਸਲਿਆਂ 'ਤੇ ਵਿਸ਼ਵਾਸ ਵਧਿਆ ਹੈ।

**ਬਿਰਖ ਖਡਕਾ ਡੁਵਰਸੇਲੀ**

**birkhakd@gmail.com**

## ਆਰਥਿਕ ਨੀਤੀਆਂ ਦੀ ਵਿਸਤ੍ਰਿਤ ਕਵਰੇਜ ਅਤਿਅੰਤ ਜਾਣਕਾਰੀ ਭਰਪੂਰ

ਮੈਂ 'ਨਿਊ ਇੰਡੀਆ ਸਮਾਚਾਰ' ਦੇ ਪ੍ਰਤੀ ਆਪਣੀ ਸ਼ਲਾਘਾ ਵਿਅਕਤ ਕਰਨ ਦੇ ਲਈ ਇਹ ਪੱਤਰ ਲਿਖ ਰਿਹਾ ਹਾਂ। "ਇੱਕ ਪ੍ਰੈਕਟਿਸਿੰਗ ਚਾਰਟਰਡ ਅਕਾਊਂਟੈਂਟ ਦੇ ਤੌਰ 'ਤੇ, ਮੈਨੂੰ ਇਸ ਪੱਤ੍ਰਿਕਾ ਵਿੱਚ ਰਾਸ਼ਟਰੀ ਵਿਕਾਸ, ਸਰਕਾਰੀ ਯੋਜਨਾਵਾਂ ਅਤੇ ਆਰਥਿਕ ਨੀਤੀਆਂ ਦੀ ਵਿਸਤ੍ਰਿਤ ਕਵਰੇਜ ਅਤਿਅੰਤ ਜਾਣਕਾਰੀ ਭਰਪੂਰ ਅਤੇ ਮੇਰੇ ਪੇਸ਼ੇਵਰ ਖੇਤਰ ਦੇ ਲਈ ਬਹੁਤ ਢੁਕਵੀਂ ਲੱਗਦੀ ਹੈ।" ਪੇਸ਼ੇਵਰ ਭਾਈਚਾਰੇ ਨੂੰ ਸੂਚਿਤ ਰੱਖਣ ਦੇ ਲਈ ਤੁਹਾਡੇ ਯਤਨਾਂ ਦੇ ਲਈ ਧੰਨਵਾਦ।

**ਧਰਮੇਸ਼ ਬੇਲਡਿਆ**

**dbeladiya32@gmail.com**

## ਲੋਕਾਂ ਦੇ ਲਈ ਜਾਣਕਾਰੀ ਦਾ ਇੱਕ ਮਹੱਤਵਪੂਰਨ ਸਾਧਨ

ਮੈਂ ਨਿਊ ਇੰਡੀਆ ਸਮਾਚਾਰ ਦੇ ਜ਼ਰੀਏ ਕੀਤੇ ਜਾ ਰਹੇ ਬਿਹਤਰੀਨ ਕੰਮ ਦੇ ਲਈ ਤੁਹਾਨੂੰ ਅਤੇ ਤੁਹਾਡੀ ਪੂਰੀ ਟੀਮ ਨੂੰ ਦਿਲ ਤੋਂ ਧੰਨਵਾਦ ਦੇਣਾ ਚਾਹੁੰਦਾ ਹਾਂ। ਇਹ ਸੱਚ ਵਿੱਚ ਇੱਕ ਸ਼ਾਨਦਾਰ ਨਿਊਜ਼ਲੈਟਰ ਹੈ, ਜੋ ਸਾਰੀਆਂ ਭਾਰਤੀ ਭਾਸ਼ਾਵਾਂ, ਖਾਸ ਕਰਕੇ ਤਮਿਲ ਵਿੱਚ ਉਪਲਬਧ ਹੋਣ ਨਾਲ ਹੋਰ ਵੀ ਖਾਸ ਹੋ ਗਿਆ ਹੈ। ਇਸ ਨਾਲ ਦੇਸ਼ ਭਰ ਦੇ ਲੋਕ ਸਾਡੀ ਸਰਕਾਰ ਦੀਆਂ ਜ਼ਰੂਰੀ ਪਹਿਲਕਦਮੀਆਂ, ਉਪਲਬਧੀਆਂ ਅਤੇ ਵਿਜ਼ਨ ਨੂੰ ਅਸਾਨੀ ਨਾਲ ਸਮਝ ਅਤੇ ਉਨ੍ਹਾਂ ਨਾਲ ਜੁੜ ਸਕੇ ਹਨ। ਮੈਂ ਖਾਸ ਤੌਰ 'ਤੇ ਇਸ ਗੱਲ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਸਾਡੇ ਪ੍ਰਧਾਨ ਮੰਤਰੀ ਅਤੇ ਸਰਕਾਰ ਦੇ ਵੱਖ-ਵੱਖ ਪ੍ਰੋਗਰਾਮਾਂ ਨਾਲ ਜੁੜੀਆਂ ਸਾਰੀਆਂ ਜ਼ਰੂਰੀ ਖ਼ਬਰਾਂ ਨਿਊ ਇੰਡੀਆ ਸਮਾਚਾਰ ਦੇ ਜ਼ਰੀਏ ਇੱਕ ਹੀ ਪਲੈਟਫਾਰਮ 'ਤੇ ਲਿਆਂਦੀਆਂ ਜਾਂਦੀਆਂ ਹਨ। ਇਹ ਲੋਕਾਂ ਦੇ ਲਈ ਜਾਣਕਾਰੀ ਦਾ ਇੱਕ ਮਹੱਤਵਪੂਰਨ ਸਾਧਨ ਬਣ ਰਿਹਾ ਹੈ।" ਦੇਸ਼ ਨੂੰ ਅਸਲੀ ਅਤੇ ਪ੍ਰੇਰਣਾ ਦੇਣ ਵਾਲੀਆਂ ਖ਼ਬਰਾਂ ਦੇਣ ਵਿੱਚ ਤੁਹਾਡਾ ਸਮਰਪਣ ਅਤੇ ਕਮਿਟਮੈਂਟ ਬਹੁਤ ਪ੍ਰਸ਼ੰਸਾ ਦੇ ਕਾਬਲ ਹੈ। ਮੈਂ ਤੁਹਾਨੂੰ ਅਤੇ ਤੁਹਾਡੀ ਪੂਰੀ ਟੀਮ ਨੂੰ ਆਉਣ ਵਾਲੇ ਵਰ੍ਹਿਆਂ ਵਿੱਚ ਲਗਾਤਾਰ ਸਫ਼ਲਤਾ ਦੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।

**ਐੱਸ. ਰਾਜੇਸ਼ਕੰਨਾ**

**kisanmorcha.gs@gmail.com**

## ਸਰਕਾਰੀ ਨੀਤੀਆਂ ਅਤੇ ਪਹਿਲਕਦਮੀਆਂ ਬਾਰੇ ਮਿਲਦੀ ਹੈ ਜਾਣਕਾਰੀ

"ਮੈਂ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਨਿਯਮਿਤ ਰੂਪ ਨਾਲ ਪੜ੍ਹਦੀ ਹਾਂ। ਸਰਕਾਰੀ ਨੀਤੀਆਂ ਅਤੇ ਪਹਿਲਕਦਮੀਆਂ ਬਾਰੇ ਜਾਣਕਾਰੀ ਰੱਖਣ ਦੇ ਲਈ ਮੈਨੂੰ ਇਸ ਪੱਤ੍ਰਿਕਾ ਨੂੰ ਪੜ੍ਹਨ ਵਿੱਚ ਬਹੁਤ ਦਿਲਚਸਪੀ ਹੈ। ਮੈਂ ਪੜ੍ਹੀ ਗਈ ਜਾਣਕਾਰੀ ਨੂੰ ਆਪਣੇ ਆਲੇ-ਦੁਆਲੇ ਦੇ ਸਾਰੇ ਲੋਕਾਂ ਦੇ ਨਾਲ ਸਾਂਝਾ ਕਰਦੀ ਰਹਿੰਦੀ ਹਾਂ।

**ਪਾਰੁਲ ਸ਼ਰਮਾ**

**ps308616@gmail.com**

## ਚੰਗੀ ਪੱਤ੍ਰਿਕਾ ਹੈ ਨਿਊ ਇੰਡੀਆ ਸਮਾਚਾਰ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਚੰਗੀ ਹੈ। ਅਸੀਂ ਵਿਕਸਿਤ ਭਾਰਤ ਵੱਲ ਵਧ ਰਹੇ ਹਾਂ। ਇਹ ਹਰ ਭਾਰਤਵਾਸੀ ਦੇ ਲਈ ਮਾਣ ਦੀ ਗੱਲ ਹੈ।"

**ਓਮ ਲਤਾ ਅਖੌਰੀ**

**omlata.akhouri@gmail.com**

**ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077,ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003**

**ਈਮੇਲ- response-nis@pib.gov.in**



# ਜਿਨ੍ਹਾਂ ਨੇ ਪੱਤਰਕਾਰੀ ਨੂੰ ਹਥਿਆਰ ਬਣਾ ਕੇ ਲੜੀ ਆਜ਼ਾਦੀ ਦੀ ਲੜਾਈ

*ਜਨਮ: 10 ਜੂਨ 1906, ਦੇਹਾਂਤ: 1 ਨਵੰਬਰ 1980*

*ਭਾਰਤ ਦੇ ਪ੍ਰਸਿੱਧ ਪੱਤਰਕਾਰ, ਸੁਤੰਤਰਤਾ ਸੈਨਾਨੀ ਅਤੇ ਸਮਾਜ ਸੇਵੀ ਕੇ.ਏ. ਦਾਮੋਦਰ ਮੇਨਨ ਨੇ ਦੇਸ਼ ਦੀ ਆਜ਼ਾਦੀ ਦੇ ਦੌਰਾਨ ਨਾ ਸਿਰਫ਼ ਸਰਗਰਮ ਭੂਮਿਕਾ ਨਿਭਾਈ ਸਗੋਂ ਬ੍ਰਿਟਿਸ਼ ਸ਼ਾਸਨ ਦੇ ਖਿਲਾਫ਼ ਜ਼ੋਰਦਾਰ ਆਵਾਜ਼ ਵੀ ਚੁੱਕੀ। ਲੰਬੇ ਸਮੇਂ ਤੱਕ ਮਾਤ੍ਰਭੂਮੀ ਅਖ਼ਬਾਰ ਨਾਲ ਜੁੜ ਕੇ ਉਨ੍ਹਾਂ ਨੇ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ 'ਤੇ ਪ੍ਰਭਾਵਸ਼ਾਲੀ ਲੇਖਣੀ ਕੀਤੀ। ਪੱਤਰਕਾਰੀ ਵਿੱਚ ਨਿਡਰਤਾ, ਇਮਾਨਦਾਰੀ, ਨਿਰਪੱਖਤਾ ਅਤੇ ਲੋਕ ਹਿਤ ਦੇ ਪ੍ਰਤੀ ਸਮਰਪਣ ਉਨ੍ਹਾਂ ਦੀ ਪਹਿਚਾਣ ਸੀ ਜਿਸ ਨੂੰ ਆਜ਼ਾਦੀ ਦੀ ਲੜਾਈ ਵਿੱਚ ਉਨ੍ਹਾਂ ਨੇ ਆਪਣਾ ਮਜ਼ਬੂਤ ਹਥਿਆਰ ਬਣਾਇਆ। ਸੁਤੰਤਰਤਾ ਤੋਂ ਬਾਅਦ ਰਾਜਨੀਤੀ ਨਾਲ ਜੁੜਨ ਅਤੇ ਜਨਤਕ ਸੇਵਾ ਦਾ ਉਦੇਸ਼ ਲੈ ਕੇ ਚਲਣ ਵਾਲੇ ਦਾਮੋਦਰ ਮੇਨਨ ਨੇ ਜਨਤਕ ਜਾਗਰਣ, ਸਿੱਖਿਆ ਅਤੇ ਸਮਾਜਿਕ ਸੁਧਾਰ ਦੇ ਖੇਤਰ ਵਿੱਚ ਦਿੱਤਾ ਮਹੱਤਵਪੂਰਨ ਯੋਗਦਾਨ.....*

ਬ੍ਰਿਟਿਸ਼ ਸ਼ਾਸਨ ਦੇ ਖਿਲਾਫ਼ ਨਿਰਪੱਖ ਅਤੇ ਨਿਡਰ ਪੱਤਰਕਾਰੀ ਕਰਨ ਵਾਲੇ ਕੇ.ਏ. ਦਾਮੋਦਰ ਮੇਨਨ ਭਾਰਤ ਦੇ ਪ੍ਰਮੁੱਖ ਸੁਤੰਤਰਤਾ ਸੈਨਾਨੀਆਂ ਵਿੱਚੋਂ ਇੱਕ ਸਨ। 10 ਜੂਨ 1906 ਨੂੰ ਕੇਰਲ (ਹੁਣ ਕੇਰਲਮ) ਦੇ ਕਰਮਲੂਰ ਵਿੱਚ ਜੰਮੇ ਮੇਨਨ ਦਾ ਜੀਵਨ ਸੱਚ, ਨਿਸ਼ਠਾ ਅਤੇ ਸੇਵਾ ਦੀਆਂ ਕਦਰਾਂ-ਕੀਮਤਾਂ ਦਾ ਪ੍ਰਤੀਕ ਰਿਹਾ। ਉਨ੍ਹਾਂ ਨੇ ਮਹਾਰਾਜਾ ਕਾਲਜ, ਤ੍ਰਿਵੇਂਦਰਮ ਅਤੇ ਰੰਗੂਨ ਯੂਨੀਵਰਸਿਟੀ, ਬਰਮਾ (ਮੌਜੂਦਾ ਮਿਆਂਮਾਰ) ਤੋਂ ਸਿੱਖਿਆ ਪ੍ਰਾਪਤ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਤ੍ਰਿਵੇਂਦ੍ਰਮ ਤੋਂ ਕਾਨੂੰਨ ਦੀ ਡਿਗਰੀ ਲਈ। ਸਿੱਖਿਆ ਤੋਂ ਬਾਅਦ ਉਨ੍ਹਾਂ ਦੀ ਦਿਲਚਸਪੀ ਜਨਤਕ ਕਾਰਜਾਂ ਦੇ ਨਾਲ-ਨਾਲ ਪੱਤਰਕਾਰੀ ਵਿੱਚ ਵਧੇਰੇ ਹੋਣ ਲੱਗੀ ਸੀ। ਅਜਿਹੇ ਵਿੱਚ ਉਹ ਮਹਾਤਮਾ ਗਾਂਧੀ ਤੋਂ ਪ੍ਰੇਰਿਤ ਹੋ ਕੇ ਸੁਤੰਤਰਤਾ-ਸੰਗ੍ਰਾਮ ਵਿੱਚ ਸ਼ਾਮਲ ਹੋ ਗਏ।

ਦਾਮੋਦਰ ਮੇਨਨ ਦੇ ਜੀਵਨ 'ਤੇ ਮਹਾਤਮਾ ਗਾਂਧੀ ਅਤੇ ਉਨ੍ਹਾਂ ਦੇ ਵਿਚਾਰਾਂ ਦਾ ਬਹੁਤ ਪ੍ਰਭਾਵ ਸੀ। ਉਨ੍ਹਾਂ ਨੇ ਮਹਾਤਮਾ ਗਾਂਧੀ ਦੁਆਰਾ ਚਲਾਏ ਗਏ 'ਨਮਕ ਸੱਤਿਆਗ੍ਰਹਿ' ਅਤੇ 'ਸਵਿਨੈ ਅਵੱਗਿਆ ਅੰਦੋਲਨ' ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ। ਜੇਲ੍ਹ ਵਿੱਚ ਵੀ ਰਹੇ। ਉਨ੍ਹਾਂ ਨੇ ਭਾਰਤ ਛੱਡੋ ਅੰਦੋਲਨ ਵਿੱਚ ਨਾ ਸਿਰਫ਼ ਹਿੱਸਾ ਲਿਆ ਸਗੋਂ ਇਸ ਅੰਦੋਲਨ ਦੇ ਪ੍ਰਮੁੱਖ ਨੇਤਾਵਾਂ ਵਿੱਚੋਂ ਇੱਕ ਰਹੇ। ਇਹੀ ਕਾਰਨ ਹੈ ਕਿ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਇੱਕ ਵਾਰ ਫਿਰ ਗ੍ਰਿਫਤਾਰ ਕਰ ਲਿਆ ਅਤੇ ਉਹ 1942 ਤੋਂ 1945 ਤੱਕ ਜੇਲ੍ਹ ਵਿੱਚ ਬੰਦ ਰਹੇ।

ਦਾਮੋਦਰ ਮੇਨਨ ਨੇ 1948 ਤੱਕ ਪ੍ਰਸਿੱਧ ਮਲਿਆਲਮ ਰੋਜ਼ਾਨਾ 'ਮਾਤ੍ਰਭੂਮੀ' ਦੇ ਸੰਪਾਦਕ ਵਜੋਂ ਜਨ- ਜਾਗਰਣ ਦੇ ਲਈ ਮਹੱਤਵਪੂਰਨ ਕਾਰਜ ਕੀਤੇ। ਇਸ ਸਮਾਚਾਰ ਪੱਤਰ ਦੇ ਮਾਧਿਅਮ ਨਾਲ ਉਨ੍ਹਾਂ ਨੇ ਅੰਗਰੇਜ਼ਾਂ ਦੁਆਰਾ ਭਾਰਤੀਆਂ ਦੇ ਦਮਨ ਦੀ ਅਲੋਚਨਾ ਕੀਤੀ। ਇੰਨਾ ਹੀ ਨਹੀਂ, ਉਨ੍ਹਾਂ ਨੇ ਵੱਖ-ਵੱਖ ਸਮੇਂ ਵਿੱਚ 'ਸਮਦਰਸ਼ੀ', 'ਸੁਤੰਤਰ', 'ਕਹਾਲਮ' ਅਤੇ 'ਪਾਵਰ' ਸ਼ਕਤੀ' ਪੱਤਰਾਂ ਦਾ ਵੀ ਸੰਪਾਦਨ ਕੀਤਾ। ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਉਹ ਰਾਸ਼ਟਰ ਹਿਤ ਦੇ ਲਈ ਕੰਮ ਕਰਦੇ ਰਹੇ। ਲੋਕ ਸਭਾ ਅਤੇ ਵਿਧਾਨ ਸਭਾ ਦੇ ਲਈ ਵੀ ਚੁਣੇ ਗਏ।

ਕੇਰਲ ਵਿਧਾਨ ਸਭਾ ਦੇ ਮੈਂਬਰ ਚੁਣੇ ਜਾਣ ਤੋਂ ਬਾਅਦ ਉਹ ਰਾਜ ਸਰਕਾਰ ਵਿੱਚ ਮੰਤਰੀ ਵੀ ਬਣੇ। ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦੇ ਆਰਥਿਕ ਵਿਚਾਰ ਬੜੇ ਹੀ ਉਦਾਰ ਸਨ। ਉਹ ਮੰਨਦੇ ਸਨ ਕਿ ਧਰਮ ਵਿਅਕਤੀ ਦਾ ਨਿਜੀ ਮਾਮਲਾ ਹੈ। ਇਸ ਲਈ ਉਹ ਅੰਤਰ-ਜਾਤੀ ਹੀ ਨਹੀਂ, ਵੱਖ-ਵੱਖ ਅੰਤਰ-ਧਰਮ ਦੇ ਵਿੱਚ ਵਿਆਹ- ਸਬੰਧਾਂ ਦੇ ਵੀ ਸਮਰਥਕ ਸਨ। 1 ਨਵੰਬਰ 1980 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 18 ਮਾਰਚ 2022 ਨੂੰ ਮਾਤ੍ਰਭੂਮੀ ਅਖ਼ਬਾਰ ਦੇ ਸ਼ਤਾਬਦੀ ਵਰ੍ਹੇ ਸਮਾਰੋਹ ਦੇ ਉਦਘਾਟਨ ਸਮਾਰੋਹ ਵਿੱਚ ਦਾਮੋਦਰ ਮੇਨਨ ਨੂੰ ਯਾਦ ਕੀਤਾ ਸੀ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਸੀ।

ਕੇਂਦਰੀ ਕੈਬਨਿਟ ਦੇ ਫ਼ੈਸਲੇ

# ਖ਼ਰੀਫ਼ ਫ਼ਸਲਾਂ ਦੀ ਐੱਮਐੱਸਪੀ
## ਅਤੇ ਦੋ ਸੈਮੀਕੰਡਕਟਰ ਪ੍ਰੋਜੈਕਟਾਂ ਨੂੰ ਮਨਜ਼ੂਰੀ



*ਦੇਸ਼ ਭਰ ਦੇ ਕਿਸਾਨਾਂ ਦੇ ਹਿਤਾਂ ਦੀ ਰੱਖਿਆ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧੇ ਦੇ ਲਈ ਕੇਂਦਰ ਸਰਕਾਰ ਨਿਰੰਤਰ ਮਹੱਤਵਪੂਰਨ ਫ਼ੈਸਲੇ ਲੈ ਰਹੀ ਹੈ। ਇਸੇ ਕੜੀ ਵਿੱਚ ਕੇਂਦਰੀ ਕੈਬਨਿਟ ਨੇ ਖ਼ਰੀਫ਼ ਸੀਜ਼ਨ 2026 ਦੇ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧੇ ਨੂੰ ਮਨਜ਼ੂਰੀ ਦਿੱਤੀ ਹੈ। ਇਹ ਫ਼ੈਸਲਾ ਕਿਸਾਨਾਂ ਦੀ ਆਮਦਨ ਵਧਾਉਣ, ਖੇਤੀਬਾੜੀ ਨੂੰ ਵਧੇਰੇ ਲਾਭਦਾਇਕ ਬਣਾਉਣ ਅਤੇ ਗ੍ਰਾਮੀਣ ਅਰਥਵਿਵਸਥਾ ਨੂੰ ਮਜ਼ਬੂਤੀ ਦੇਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਦੇ ਨਾਲ ਹੀ, ਕੈਬਨਿਟ ਨੇ ਭਾਰਤ ਸੈਮੀਕੰਡਕਟਰ ਮਿਸ਼ਨ (ਆਈਐੱਸਐੱਮ) ਦੇ ਤਹਿਤ ਦੋ ਹੋਰ ਸੈਮੀਕੰਡਕਟਰ ਪ੍ਰੋਜੈਕਟਾਂ ਸਮੇਤ ਕਈ ਹੋਰ ਮਹੱਤਵਪੂਰਨ ਪ੍ਰਸਤਾਵਾਂ ਨੂੰ ਵੀ ਦਿੱਤੀ ਹੈ ਮਨਜ਼ੂਰੀ...*

**ਫ਼ੈਸਲਾ : ਮਾਰਕੀਟਿੰਗ ਸੀਜ਼ਨ 2026-27 ਦੇ ਲਈ 14 ਖ਼ਰੀਫ਼ ਫ਼ਸਲਾਂ ਦੀ ਐੱਮਐੱਸਪੀ ਨੂੰ ਮਨਜ਼ੂਰੀ।**

**ਪ੍ਰਭਾਵ :** ਸਰਕਾਰ ਨੇ ਵਰ੍ਹੇ 2026-27 ਦੇ ਮਾਰਕੀਟਿੰਗ ਸੀਜ਼ਨ ਦੇ ਲਈ ਖ਼ਰੀਫ਼ ਫ਼ਸਲਾਂ ਦੀ ਐੱਮਐੱਸਪੀ ਵਿੱਚ ਵਾਧਾ ਕੀਤਾ ਹੈ, ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਲਾਭਕਾਰੀ ਮੁੱਲ ਮਿਲ ਸਕੇ। ਪਿਛਲੇ ਵਰ੍ਹੇ ਦੀ ਤੁਲਨਾ ਵਿੱਚ ਐੱਮਐੱਸਪੀ ਵਿੱਚ ਸਭ ਤੋਂ ਵੱਧ ਵਾਧਾ ਸੂਰਜਮੁਖੀ ਦੇ ਬੀਜ (622 ਰੁਪਏ ਪ੍ਰਤੀ ਕੁਇੰਟਲ), ਉਸ ਤੋਂ ਬਾਅਦ ਕਪਾਹ (557 ਰੁਪਏ ਪ੍ਰਤੀ ਕੁਇੰਟਲ), ਨਾਈਜਰਸੀਡ (515 ਰੁਪਏ ਪ੍ਰਤੀ ਕੁਇੰਟਲ) ਅਤੇ ਤਿਲਾਂ ਦੇ ਲਈ (500 ਰੁਪਏ ਪ੍ਰਤੀ ਕੁਇੰਟਲ) ਦੀ ਸਿਫ਼ਾਰਿਸ਼ ਕੀਤੀ ਗਈ ਹੈ।

**ਫ਼ੈਸਲਾ : ਭਾਰਤ ਸੈਮੀਕੰਡਕਟਰ ਮਿਸ਼ਨ (ਆਈਐੱਸਐੱਮ) ਦੇ ਤਹਿਤ ਦੋ ਹੋਰ ਸੈਮੀਕੰਡਕਟਰ ਪ੍ਰੋਜੈਕਟਾਂ ਨੂੰ ਮਨਜ਼ੂਰੀ।**

**ਪ੍ਰਭਾਵ :** ਮਨਜ਼ੂਰ ਕੀਤੇ ਗਏ ਦੋ ਪ੍ਰਸਤਾਵਾਂ ਤੋਂ ਗੁਜਰਾਤ ਵਿੱਚ ਲਗਭਗ 3,936 ਕਰੋੜ ਰੁਪਏ ਦੇ ਕੁੱਲ ਨਿਵੇਸ਼ ਦੇ ਨਾਲ ਸੈਮੀਕੰਡਕਟਰ ਮੈਨੂਫੈਕਚਰਿੰਗ ਯੂਨਿਟਾਂ ਸਥਾਪਿਤ ਕੀਤੀਆਂ ਜਾਣਗੀਆਂ। ਇਨ੍ਹਾਂ ਨਾਲ ਕੁਸ਼ਲ ਪੇਸ਼ੇਵਰਾਂ ਦੇ ਲਈ ਕੁੱਲ 2,230 ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ।

- ਇਨ੍ਹਾਂ ਦੋਵਾਂ ਮਨਜ਼ੂਰੀਆਂ ਦੇ ਨਾਲ, ਦੇਸ਼ ਵਿੱਚ ਸੈਮੀਕੰਡਕਟਰ ਈਕੋਸਿਸਟਮ ਨੂੰ ਮਹੱਤਵਪੂਰਨ ਹੁਲਾਰਾ ਮਿਲੇਗਾ ਕਿਉਂਕਿ ਆਈਐੱਸਐੱਮ ਦੇ ਤਹਿਤ ਕੁੱਲ ਮਨਜ਼ੂਰ ਪ੍ਰੋਜੈਕਟਾਂ ਦੀ ਗਿਣਤੀ 12 ਤੱਕ ਪਹੁੰਚ ਜਾਵੇਗੀ, ਜਿਨ੍ਹਾਂ ਦਾ ਕੁੱਲ ਨਿਵੇਸ਼ ਲਗਭਗ 1.64 ਲੱਖ ਕਰੋੜ ਰੁਪਏ ਹੈ।

- ਇਹ ਦੇਸ਼ ਵਿੱਚ ਉਭਰਦੀਆਂ ਵਿਸ਼ਵ ਪੱਧਰੀ ਚਿਪ ਡਿਜ਼ਾਈਨ ਸਮਰੱਥਾਵਾਂ ਵਿੱਚ ਪੂਰਕ ਭੂਮਿਕਾ ਨਿਭਾਉਣਗੀਆਂ, ਜਿਨ੍ਹਾਂ ਨੂੰ ਸਰਕਾਰ ਦੁਆਰਾ 315 ਵਿਦਿਅਕ ਸੰਸਥਾਨਾਂ ਅਤੇ 104 ਸਟਾਰਟਅੱਪਸ ਨੂੰ ਪ੍ਰਦਾਨ ਕੀਤੇ ਗਏ ਡਿਜ਼ਾਈਨ ਇਨਫ੍ਰਾਸਟ੍ਰਕਚਰ ਸਮਰਥਨ ਤੋਂ ਗਤੀ ਮਿਲੀ ਹੈ।
- ਭਾਰਤ ਵਿੱਚ ਸੈਮੀਕੰਡਕਟਰ ਈਕੋਸਿਸਟਮ ਦੀ ਗਤੀ ਹੋਰ ਵਧ ਰਹੀ ਹੈ, ਕਿਉਂਕਿ ਦਸ ਪ੍ਰਵਾਨਿਤ ਪ੍ਰੋਜੈਕਟਸ ਪਹਿਲਾਂ ਤੋਂ ਹੀ ਲਾਗੂਕਰਨ ਦੇ ਵੱਖ-ਵੱਖ ਪੜਾਵਾਂ ਵਿੱਚ ਹਨ।

**ਫ਼ੈਸਲਾ : ਐਮਰਜੈਂਸੀ ਕ੍ਰੈਡਿਟ ਗਾਰੰਟੀ ਯੋਜਨਾ (ਈਸੀਐੱਲਜੀਐੱਸ) 5.0 ਨੂੰ ਮਨਜ਼ੂਰੀ**

**ਪ੍ਰਭਾਵ :** ਇਸ ਯੋਜਨਾ ਦਾ ਉਦੇਸ਼ ਪੱਛਮੀ ਏਸ਼ੀਆ ਸੰਘਰਸ਼ ਤੋਂ ਪੈਦਾ ਹੋਈਆਂ ਚੁਣੌਤੀਆਂ ਤੋਂ ਕਾਰੋਬਾਰਾਂ ਨੂੰ ਉਭਾਰਨ ਵਿੱਚ ਸਮਰੱਥ ਬਣਾਉਣਾ ਹੈ। ਇਸ ਤੋਂ ਇਲਾਵਾ, ਇਸ ਨਾਲ ਕਾਰੋਬਾਰਾਂ ਨੂੰ ਆਪਣਾ ਸੰਚਾਲਨ ਬਣਾਏ ਰੱਖਣ, ਨੌਕਰੀਆਂ ਦੀ ਰੱਖਿਆ ਕਰਨ ਅਤੇ ਸਪਲਾਈ ਚੇਨਾਂ ਨੂੰ ਬਣਾਈ ਰੱਖਣ ਵਿੱਚ ਮਦਦ ਮਿਲਣ ਦੀ ਉਮੀਦ ਹੈ।

- ਪ੍ਰਸਤਾਵਿਤ ਲੋਨ ਗਾਰੰਟੀ ਸਕੀਮ ਕਾਰੋਬਾਰਾਂ, ਖਾਸ ਕਰਕੇ ਐੱਮਐੱਸਐੱਮਈ ਅਤੇ ਏਅਰਲਾਈਨ ਖੇਤਰ ਨੂੰ, ਬੈਂਕਾਂ ਅਤੇ ਵਿੱਤੀ ਸੰਸਥਾਵਾਂ ਦੁਆਰਾ ਉਨ੍ਹਾਂ ਦੀਆਂ ਵਾਧੂ ਕਾਰਜਸ਼ੀਲ ਪੂੰਜੀ ਦੀਆਂ ਜ਼ਰੂਰਤਾਂ ਦੀ ਪੂਰਤੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨ ਦੇ ਲਈ ਇੱਕ ਮਹੱਤਵਪੂਰਨ ਕਦਮ ਹੈ।
- ਸਮੇਂ ਸਿਰ ਪੈਸਾ ਉਪਲਬਧ ਕਰਵਾ ਕੇ ਇਹ ਯੋਜਨਾ ਕਾਰੋਬਾਰਾਂ ਨੂੰ ਬਣਾਈ ਰੱਖੇਗੀ ਅਤੇ ਨੌਕਰੀਆਂ ਦੇ ਨੁਕਸਾਨ ਨੂੰ ਰੋਕੇਗੀ।
- ਇਹ ਨਿਰਵਿਘਨ ਘਰੇਲੂ ਉਤਪਾਦਨ ਨੂੰ ਵੀ ਉਤਸ਼ਾਹਿਤ ਕਰੇਗੀ ਅਤੇ ਈਕੋਸਿਸਟਮ ਦੀ ਮਜ਼ਬੂਤੀ ਨੂੰ ਵੀ ਬਣਾਈ ਰੱਖੇਗੀ।

**ਫ਼ੈਸਲਾ : ਆਰਥਿਕ ਮਾਮਲੇ ਕਮੇਟੀ ਨੇ ਗੁਜਰਾਤ ਦੇ ਵਡੀਨਾਰ ਵਿੱਚ ਜਹਾਜ਼ ਮੁਰੰਮਤ ਕੇਂਦਰ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ।**

**ਪ੍ਰਭਾਵ :** ਵਡੀਨਾਰ ਜਹਾਜ਼ ਮੁਰੰਮਤ ਕੇਂਦਰ ਭਾਰਤ ਦੇ ਜਹਾਜ਼ ਮੁਰੰਮਤ ਬੁਨਿਆਦੀ ਢਾਂਚੇ ਵਿੱਚ ਮੌਜੂਦ ਇੱਕ ਮਹੱਤਵਪੂਰਨ ਕਮੀ ਨੂੰ ਸਿੱਧੇ ਤੌਰ 'ਤੇ ਦੂਰ ਕਰੇਗਾ। ਦਰਅਸਲ, ਦੇਸ਼ ਵਿੱਚ ਵਰਤਮਾਨ ਵਿੱਚ 230 ਮੀਟਰ ਤੋਂ ਵੱਧ ਲੰਬਾਈ ਵਾਲੇ ਵੱਡੇ ਜਹਾਜ਼ਾਂ ਦੀ ਮੁਰੰਮਤ ਦੇ ਲਈ ਲੋੜੀਂਦੀ ਘਰੇਲੂ ਸਮਰੱਥਾ ਦੀ ਘਾਟ ਹੈ। 300 ਮੀਟਰ ਤੱਕ ਦੇ ਜਹਾਜ਼ਾਂ ਦੀ ਮੁਰੰਮਤ ਨੂੰ ਸੰਭਵ ਬਣਾ ਕੇ, ਇਹ ਕੇਂਦਰ ਭਾਰਤ ਦੇ ਅੰਦਰ ਹੀ ਵੱਡੇ ਜਹਾਜ਼ਾਂ ਦੀ ਉੱਚ-ਮੁੱਲ ਵਾਲੀ ਮੁਰੰਮਤ ਨੂੰ ਸੰਭਵ ਬਣਾਵੇਗਾ। ਇਸ ਨਾਲ ਵਿਦੇਸ਼ੀ ਸ਼ਿਪਯਾਰਡਾਂ 'ਤੇ ਨਿਰਭਰਤਾ ਕਾਫ਼ੀ ਘੱਟ ਹੋਵੇਗੀ ਅਤੇ ਵਿਦੇਸ਼ੀ ਮੁਦ੍ਰਾ ਦੀ ਬੱਚਤ ਵੀ ਹੋਵੇਗੀ।

- ਇਸ ਪ੍ਰੋਜੈਕਟ ਨਾਲ ਜਹਾਜ਼ ਮੁਰੰਮਤ, ਲੌਜਿਸਟਿਕਸ ਅਤੇ ਸਹਾਇਕ ਉਦਯੋਗਾਂ ਵਿੱਚ ਲਗਭਗ 290 ਪ੍ਰਤੱਖ ਅਤੇ ਲਗਭਗ 1,100 ਅਪ੍ਰਤੱਖ ਰੁਜ਼ਗਾਰ ਸਿਰਜਿਤ ਹੋਣ ਦੀ ਸੰਭਾਵਨਾ। ਨਾਲ ਹੀ, ਇਹ ਵਿਆਪਕ ਸਮੁੰਦਰੀ ਉਦਯੋਗਿਕ ਈਕੋਸਿਸਟਮ ਨੂੰ ਵੀ ਹੁਲਾਰਾ ਦੇਵੇਗਾ।

**ਫ਼ੈਸਲਾ : ਕੈਬਨਿਟ ਦੀ ਆਰਥਿਕ ਮਾਮਲੇ ਕਮੇਟੀ ਨੇ ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਕਰਨਾਟਕ, ਆਂਧਰ ਪ੍ਰਦੇਸ਼ ਅਤੇ ਤੇਲੰਗਾਨਾ ਰਾਜਾਂ ਦੇ 19 ਜ਼ਿਲ੍ਹਿਆਂ ਨੂੰ ਸ਼ਾਮਲ ਕਰਨ ਵਾਲੇ 3 ਮਲਟੀਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ।**

**ਪ੍ਰਭਾਵ :** ਇਸ ਨਾਲ ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 901 ਕਿਲੋਮੀਟਰ ਦਾ ਵਾਧਾ ਹੋਵੇਗਾ। ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਅਨੁਮਾਨਿਤ ਲਾਗਤ 23,437 ਕਰੋੜ ਰੁਪਏ ਹੈ। ਇਹ ਵਰ੍ਹੇ 2030-31 ਤੱਕ ਪੂਰੀ ਹੋ ਜਾਵੇਗੀ।

- ਪ੍ਰਸਤਾਵਿਤ ਮਲਟੀ-ਟ੍ਰੈਕਿੰਗ ਪ੍ਰੋਜੈਕਟਾਂ ਨਾਲ ਲਗਭਗ 4,161 ਪਿੰਡਾਂ ਦੀ ਕਨੈਕਟੀਵਿਟੀ ਸੁਧਰੇਗੀ, ਜਿਨ੍ਹਾਂ ਦੀ ਆਬਾਦੀ ਲਗਭਗ 83 ਲੱਖ ਹੈ।

**ਇਨ੍ਹਾਂ ਪ੍ਰੋਜੈਕਟਾਂ ਵਿੱਚ ਸ਼ਾਮਲ**




**ਫ਼ੈਸਲਾ : ਸੰਸਦ ਵਿੱਚ ਸੁਪਰੀਮ ਕੋਰਟ (ਜੱਜਾਂ ਦੀ ਗਿਣਤੀ) ਸੋਧ ਬਿਲ, 2026 ਨੂੰ ਪੇਸ਼ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ।**

**ਪ੍ਰਭਾਵ :** ਇਸ ਦਾ ਉਦੇਸ਼ ਸੁਪਰੀਮ ਕੋਰਟ (ਜੱਜਾਂ ਦੀ ਗਿਣਤੀ) ਐਕਟ, 1956 ਵਿੱਚ ਸੋਧ ਕਰਕੇ ਮੁੱਖ ਜੱਜ ਨੂੰ ਛੱਡ ਕੇ ਭਾਰਤ ਦੀ ਸੁਪਰੀਮ ਕੋਰਟ ਵਿੱਚ ਜੱਜਾਂ ਦੀ ਗਿਣਤੀ ਨੂੰ ਵਰਤਮਾਨ ਵਿੱਚ 33 ਤੋਂ ਵਧਾ ਕੇ 37 ਕਰਨਾ ਹੈ।

- ਜੱਜਾਂ ਦੀ ਗਿਣਤੀ ਵਿੱਚ ਵਾਧੇ ਨਾਲ ਸੁਪਰੀਮ ਕੋਰਟ ਵਧੇਰੇ ਕੁਸ਼ਲਤਾਪੂਰਵਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਣਗੇ। ਇਸ ਨਾਲ ਤੁਰੰਤ ਨਿਆਂ ਯਕੀਨੀ ਹੋ ਸਕੇਗਾ।
- ਜੱਜਾਂ ਅਤੇ ਸਹਾਇਕ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਸੁਵਿਧਾਵਾਂ 'ਤੇ ਹੋਣ ਵਾਲਾ ਖਰਚ ਭਾਰਤ ਦੇ ਸੰਚਿਤ ਫੰਡ ਨਾਲ ਪੂਰਾ ਕੀਤਾ ਜਾਵੇਗਾ।

**ਫ਼ੈਸਲਾ : ਗੰਨਾ ਕਿਸਾਨਾਂ ਦੇ ਲਈ ਵਰ੍ਹੇ 2026-27 ਚੀਨੀ ਉਤਪਾਦਨ ਸੀਜ਼ਨ ਦੇ ਲਈ ਉਚਿਤ ਅਤੇ ਲਾਭਕਾਰੀ ਮੁੱਲ 365 ਰੁਪਏ ਪ੍ਰਤੀ ਕੁਇੰਟਲ ਮਨਜ਼ੂਰ।**

**ਪ੍ਰਭਾਵ :** ਗੰਨਾ ਕਿਸਾਨਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫ਼ੈਸਲਾ ਲਿਆ ਗਿਆ ਹੈ। ਇਸ ਫ਼ੈਸਲੇ ਨਾਲ 5 ਕਰੋੜ ਗੰਨਾ ਕਿਸਾਨਾਂ ਦੇ ਨਾਲ ਹੀ ਚੀਨੀ ਮਿੱਲਾਂ ਅਤੇ ਸਬੰਧਿਤ ਸਹਾਇਕ ਕਾਰਜਾਂ ਵਿੱਚ ਲੱਗੇ 5 ਲੱਖ ਮਜ਼ਦੂਰ ਲਾਭਵੰਦ ਹੋਣਗੇ।

## ਫ਼ੈਸਲਾ : ਨਾਗਪੁਰ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਅਪਗ੍ਰੇਡੇਸ਼ਨ ਅਤੇ ਆਧੁਨਿਕੀਕਰਣ ਨੂੰ ਮਨਜ਼ੂਰੀ

**ਪ੍ਰਭਾਵ :** ਨਾਗਪੁਰ ਹਵਾਈ ਅੱਡੇ ਦੇ ਲਈ ਨਾਗਪੁਰ ਵਿੱਚ ਮਲਟੀ-ਮਾਡਲ ਇੰਟਰਨੈਸ਼ਨਲ ਕਾਰਗੋ ਹੱਬ ਅਤੇ ਏਅਰਪੋਰਟ (MIHAN) ਪ੍ਰੋਜੈਕਟ ਦੇ ਤਹਿਤ ਖੇਤਰੀ ਐਵੀਏਸ਼ਨ ਹੱਬ ਬਣਨ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਉਪਲਬਧੀ ਹੈ। ਨਿਜੀ ਖੇਤਰ ਦੀ ਕੁਸ਼ਲਤਾ ਅਤੇ ਸਰਕਾਰੀ ਨਿਗਰਾਨੀ ਦੇ ਨਾਲ, ਹਵਾਈ ਅੱਡੇ ਵਿੱਚ ਮਹੱਤਵਪੂਰਨ ਨਿਵੇਸ਼, ਆਧੁਨਿਕੀਕਰਣ ਅਤੇ ਬਿਹਤਰ ਯਾਤਰੀ ਅਤੇ ਮਾਲ ਢੁਆਈ ਸੇਵਾਵਾਂ ਦੀ ਸੰਭਾਵਨਾ ਹੈ।

- ਪੜਾਅ ਵਾਰ ਵਿਕਾਸ ਦੇ ਤਹਿਤ ਇਸ ਦੀ ਅੰਤਿਮ ਸਮਰੱਥਾ 30 ਮਿਲੀਅਨ ਯਾਤਰੀਆਂ ਨੂੰ ਪ੍ਰਤੀ ਵਰ੍ਹੇ ਸੰਭਾਲਣ ਦੀ ਹੋਵੇਗੀ, ਜਿਸ ਨਾਲ ਇਹ ਮੱਧ ਭਾਰਤ ਦੇ ਪ੍ਰਮੁੱਖ ਹਵਾਈ ਅੱਡਿਆਂ ਵਿੱਚੋਂ ਇੱਕ ਬਣ ਜਾਵੇਗਾ।
- ਇਹ ਪਰਿਵਰਤਨ ਨਾ ਸਿਰਫ਼ ਵਿਦਰਭ ਖੇਤਰ ਵਿੱਚ ਕਨੈਕਟੀਵਿਟੀ ਨੂੰ ਵਧਾਏਗਾ, ਸਗੋਂ ਇਸ ਦੇ ਆਰਥਿਕ ਬੁਨਿਆਦੀ ਢਾਂਚੇ ਨੂੰ ਵੀ ਮਜ਼ਬੂਤ ਕਰੇਗਾ। ਇਸ ਨਾਲ ਮਾਲ ਢੁਆਈ ਸਮਰੱਥਾ ਵਿੱਚ ਵੀ ਮਹੱਤਵਪੂਰਨ ਵਾਧਾ ਹੋਵੇਗਾ।



ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਫ਼ੈਸਲਾ : 37,500 ਕਰੋੜ ਰੁਪਏ ਦੇ ਖਰਚੇ ਨਾਲ ਸਤ੍ਹਾ ਦੇ ਨੇੜੇ ਸਥਿਤ ਕੋਲੇ/ਲਿਗਨਾਈਟ ਗੈਸੀਫਿਕੇਸ਼ਨ ਪ੍ਰੋਜੈਕਟਾਂ ਦੀ ਪ੍ਰੋਤਸਾਹਨ ਯੋਜਨਾ ਨੂੰ ਮਨਜ਼ੂਰੀ।

**ਪ੍ਰਭਾਵ :** ਇਹ ਯੋਜਨਾ ਭਾਰਤ ਦੇ ਕੋਲਾ/ਲਿਗਨਾਈਟ ਗੈਸੀਫਿਕੇਸ਼ਨ ਪ੍ਰੋਗਰਾਮ ਵਿੱਚ ਤੇਜ਼ੀ ਲਿਆਉਣ, ਵਰ੍ਹੇ 2030 ਤੱਕ 100 ਮਿਲੀਅਨ ਟਨ ਕੋਲੇ ਦੇ ਗੈਸੀਫਿਕੇਸ਼ਨ ਦੇ ਰਾਸ਼ਟਰੀ ਟੀਚੇ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਹੈ।

- ਨਾਲ ਹੀ, ਊਰਜਾ ਸੁਰੱਖਿਆ ਮਜ਼ਬੂਤ ਕਰਨ ਅਤੇ ਤਰਲੀਕ੍ਰਿਤ ਕੁਦਰਤੀ ਗੈਸ-ਐੱਲਐੱਨਜੀ (50 ਪ੍ਰਤੀਸ਼ਤ ਤੋਂ ਵੱਧ ਆਯਾਤ), ਯੂਰੀਆ (20 ਪ੍ਰਤੀਸ਼ਤ ਆਯਾਤ), ਅਮੋਨੀਆ (100 ਪ੍ਰਤੀਸ਼ਤ ਆਯਾਤ) ਅਤੇ ਮੈਥਾਨੌਲ (80-90 ਪ੍ਰਤੀਸ਼ਤ ਆਯਾਤ) ਜਿਹੇ ਪ੍ਰਮੁੱਖ ਉਤਪਾਦਾਂ ਦੀ ਆਯਾਤ ਨਿਰਭਰਤਾ ਘੱਟ ਕਰਨ ਵਿੱਚ ਮਦਦ ਕਰੇਗਾ।

## ਫ਼ੈਸਲਾ : ਗੁਜਰਾਤ ਦੇ ਅਹਿਮਦਾਬਾਦ ਜ਼ਿਲ੍ਹੇ ਨੂੰ ਸ਼ਾਮਲ ਕਰਨ ਵਾਲੇ ਇੱਕ ਨਵੇਂ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ।

**ਪ੍ਰਭਾਵ :** ਇਸ ਨਾਲ ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 134 ਕਿਲੋਮੀਟਰ ਦਾ ਵਾਧਾ ਹੋਵੇਗਾ। ਇਸ ਪ੍ਰੋਜੈਕਟ ਦੀ ਕੁੱਲ ਅਨੁਮਾਨਿਤ ਲਾਗਤ ਲਗਭਗ 20,667 ਕਰੋੜ ਰੁਪਏ ਹੈ। ਇਹ 2030-31 ਤੱਕ ਪੂਰੀ ਹੋ ਜਾਵੇਗੀ।

- ਇਸ ਪ੍ਰੋਜੈਕਟ ਸੈਕਸ਼ਨ ਨਾਲ ਅਹਿਮਦਾਬਾਦ, ਧੋਲੇਰਾ ਐੱਸਆਈਆਰ, ਧੋਲੇਰਾ ਦਾ ਆਗਾਮੀ ਹਵਾਈ ਅੱਡਾ ਅਤੇ ਲੋਥਲ ਰਾਸ਼ਟਰੀ ਸਮੁੰਦਰੀ ਵਿਰਾਸਤ ਕੈਂਪਸ ਦਰਮਿਆਨ ਬਿਹਤਰ ਸੰਪਰਕ ਸਥਾਪਿਤ ਹੋਵੇਗਾ।
- ਅਹਿਮਦਾਬਾਦ ਨੂੰ ਧੋਲੇਰਾ ਨਾਲ ਜੋੜਨ ਨਾਲ ਯਾਤਰੀਆਂ ਦਾ ਯਾਤਰਾ ਸਮਾਂ ਘੱਟ ਹੋਵੇਗਾ, ਜਿਸ ਨਾਲ ਰੋਜ਼ਾਨਾ ਆਵਾਜਾਈ ਆਰਾਮਦਾਇਕ ਹੋਵੇਗੀ ਅਤੇ ਇੱਕ ਹੀ ਦਿਨ ਵਿੱਚ ਵਾਪਸੀ ਯਾਤਰਾ ਸੰਭਵ ਹੋ ਸਕੇਗੀ।
- ਇਹ ਸੈਮੀ ਹਾਈ-ਸਪੀਡ ਰੇਲਵੇ ਸ਼ਹਿਰਾਂ ਵਿੱਚ ਸੈਂਕੜੇ ਕਿਲੋਮੀਟਰ ਦੂਰ ਰਹਿਣ ਵਾਲੇ ਲੋਕਾਂ ਨੂੰ ਇੱਕ-ਦੂਜੇ ਦੇ ਕਰੀਬ ਲਿਆਏਗਾ।

## ਫ਼ੈਸਲਾ : 2030-31 ਤੱਕ ਕਪਾਹ ਖੇਤਰ ਵਿੱਚ ਆਤਮ-ਨਿਰਭਰਤਾ ਅਤੇ ਗਲੋਬਲ ਟੈਕਸਟਾਈਲ ਮਾਰਕਿਟ ਵਿੱਚ ਮੁਕਾਬਲੇਬਾਜ਼ੀ ਹਾਸਲ ਕਰਨ ਦੇ ਲਈ 5,659.22 ਕਰੋੜ ਰੁਪਏ ਦੇ ਖਰਚੇ ਦੇ ਨਾਲ 'ਕਪਾਹ ਉਤਪਾਦਕਤਾ ਮਿਸ਼ਨ' ਨੂੰ ਮਨਜ਼ੂਰੀ।

**ਪ੍ਰਭਾਵ :** ਇਹ ਮਿਸ਼ਨ ਭਾਰਤ ਸਰਕਾਰ ਦੇ 5-ਐੱਫ ਯਾਨੀ ਖੇਤ ਤੋਂ ਰੇਸ਼ਾ, ਰੇਸ਼ੇ ਤੋਂ ਕਾਰਖਾਨਾ, ਕਾਰਖਾਨੇ ਤੋਂ ਫ਼ੈਸ਼ਨ, ਫ਼ੈਸ਼ਨ ਤੋਂ ਵਿਦੇਸ਼ ਤੱਕ (ਫਾਰਮ ਟੂ ਫਾਈਬਰ ਟੂ ਫੈਕਟਰੀ ਟੂ ਫੈਸ਼ਨ ਟੂ ਫੌਰੇਨ) ਵਿਜ਼ਨ ਦੇ ਅਨੁਕੂਲ ਹੈ।

- ਇਸ ਮਿਸ਼ਨ ਦਾ ਉਦੇਸ਼ ਬਿਮਾਰੀ ਅਤੇ ਕੀਟ ਪ੍ਰਤੀਰੋਧੀ ਉੱਚ ਉਪਜ ਵਾਲੀਆਂ ਕਿਸਮਾਂ ਦੇ ਬੀਜਾਂ ਦੇ ਵਿਕਾਸ ਦੇ ਜ਼ੋਰ 'ਤੇ ਕਪਾਹ ਦੀ ਉਤਪਾਦਕਤਾ ਵਧਾਉਣਾ, ਰਾਜ ਸਰਕਾਰਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਦੇ ਮਾਧਿਅਮ ਨਾਲ ਮੌਜੂਦਾ ਅਤੇ ਨਵੀਨਤਮ ਫ਼ਸਲ ਉਤਪਾਦਨ ਤਕਨਾਲੋਜੀਆਂ ਦਾ ਵੱਡੇ ਪੈਮਾਨੇ 'ਤੇ ਪ੍ਰਚਾਰ ਅਤੇ ਉਸ ਨੂੰ ਅਪਣਾ ਕੇ ਵਿਸਤਾਰ ਕਰਨਾ ਹੈ।
- ਨਾਲ ਹੀ, ਉਦਯੋਗ ਨੂੰ ਘੱਟ ਤੋਂ ਘੱਟ ਦੂਸ਼ਿਤ ਕਪਾਹ ਦੀ ਸਪਲਾਈ ਨੂੰ ਯਕੀਨੀ ਬਣਾਉਣਾ ਅਤੇ ਉੱਚ ਗੁਣਵੱਤਾ ਵਾਲੀ ਕਪਾਹ ਦੇ ਨਿਰਯਾਤ ਨੂੰ ਹੁਲਾਰਾ ਦੇਣਾ ਹੈ। ■




12 ਵਰ੍ਹਿਆਂ ਦੀ ਸੰਕਲਪ ਯਾਤਰਾ

# ਵਿਕਸਿਤ ਭਾਰਤ ਦੀ ਯਾਤਰਾ ਦਾ ਇੱਕ ਨਵਾਂ ਯੁੱਗ




**ਲੋਕਤੰਤਰੀ ਪ੍ਰਕਿਰਿਆ ਵਿੱਚ 2014 ਤੋਂ 2026 ਇੱਕ ਅਜਿਹੇ ਯੁੱਗ ਦਾ ਸਮਾਨਾਰਥੀ ਬਣ ਗਿਆ ਹੈ ਜਿਸ ਨੇ ਸੰਕਲਪਾਂ ਦੀ ਸਿੱਧੀ ਦਾ ਨਵਾਂ ਅਧਿਆਏ ਲਿਖਿਆ ਹੈ। ਇਹ ਗਵਾਹ ਬਣ ਗਿਆ ਹੈ ਕ੍ਰਾਂਤੀਕਾਰੀ ਪਰਿਵਰਤਨਾਂ ਦਾ ਅਤੇ ਅੱਜ ਦੇਸ਼ ਦਾ ਜਨ-ਜਨ ਇਨ੍ਹਾਂ ਪਰਿਵਰਤਨਾਂ ਵਿੱਚ ਖੁਦ ਨੂੰ ਸਹਿਭਾਗੀ ਮਹਿਸੂਸ ਕਰ ਪਾ ਰਿਹਾ ਹੈ। ਇਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ 12 ਵਰ੍ਹਿਆਂ ਦੀਆਂ ਉਪਲਬਧੀਆਂ, ਤਪ-ਤਪੱਸਿਆ ਨਾਲ ਨਿਕਲਿਆ ਉਹ ਅੰਮ੍ਰਿਤ ਹੈ, ਜੋ 'ਅੰਮ੍ਰਿਤ ਕਾਲ' ਦੌਰਾਨ ਭਾਰਤ ਨੂੰ ਇੱਕ 'ਵਿਕਸਿਤ ਰਾਸ਼ਟਰ' ਬਣਾਉਣ ਦੇ ਅਟੱਲ ਸੰਕਲਪ ਨਾਲ, ਹੁਣ 'ਰਾਸ਼ਟਰੀ ਪੁਨਰ ਨਿਰਮਾਣ' ਦੇ ਰਾਹ 'ਤੇ ਨਿਰਣਾਇਕ ਤੌਰ 'ਤੇ ਅੱਗੇ ਚਲ ਪਿਆ ਹੈ..**

ਕਵਰ ਸਟੋਰੀ

# ਵਿਕਾਸ ਯਾਤਰਾ ਦੇ 12 ਵਰ੍ਹੇ

**ਰਾਸ਼ਟਰ ਦੀ ਵਿਕਾਸ ਯਾਤਰਾ ਵਿੱਚ ਇੱਕ ਸਮਾਂ ਅਜਿਹਾ ਜ਼ਰੂਰ ਆਉਂਦਾ ਹੈ ਜਦੋਂ ਦੇਸ਼ ਖੁਦ ਨੂੰ ਨਵੇਂ ਸਿਰ੍ਹੇ ਤੋਂ ਪਰਿਭਾਸ਼ਿਤ ਕਰਦਾ ਹੈ। ਨਵੇਂ ਸੰਕਲਪ ਲੈਂਦਾ ਹੈ, ਸਿੱਧੀ ਦਾ ਮਾਰਗ ਲੱਭਦਾ ਹੈ। ਦ੍ਰਿੜ੍ਹ ਇੱਛਾ ਸ਼ਕਤੀ ਨਾਲ ਉਸ ਨੂੰ ਸਾਕਾਰ ਕਰਨ ਵਿੱਚ ਜੁਟ ਜਾਂਦਾ ਹੈ। ਇੱਥੋਂ ਹੀ ਕੁਝ ਅਜਿਹੇ ਪਰਿਵਰਤਨ ਸ਼ੁਰੂ ਹੁੰਦੇ ਹਨ, ਜੋ ਯੁੱਗਾਂ-ਯੁੱਗਾਂ ਤੱਕ ਜਨ-ਜਨ ਦੀ ਯਾਦ ਦਾ ਹਿੱਸਾ ਬਣ ਜਾਂਦੇ ਹਨ। ਵਰ੍ਹੇ 2014 ਵਿੱਚ ਦੇਸ਼ ਦੀ ਰਾਜਨੀਤੀ ਨੇ ਕਰਵਟ ਲਈ। ਦੇਸ਼ ਨੇ ਇੱਕ ਅਜਿਹੀ ਸਵੇਰ ਦੇਖੀ ਜਿੱਥੋਂ ਸ਼ੁਰੂ ਹੋਈ ਵਿਕਾਸ ਯਾਤਰਾ ਅੱਜ ਵੀ ਨਿਰੰਤਰ ਜਾਰੀ ਹੈ। ਵਿਕਸਿਤ ਭਾਰਤ ਦੇ ਇੱਕ ਵਿਸ਼ਾਲ ਸੰਕਲਪ ਦੇ ਨਾਲ ਅੱਗੇ ਵਧ ਰਹੇ ਰਾਸ਼ਟਰ ਦੇ ਨਵੇਂ ਨਿਰਮਾਣ ਦੀ ਇਸ ਯਾਤਰਾ ਦੇ 9 ਜੂਨ ਨੂੰ 12 ਵਰ੍ਹੇ ਪੂਰੇ ਹੋ ਰਹੇ ਹਨ। ਭਾਰਤ ਦੇ ਸੱਭਿਆਚਾਰ ਅਤੇ ਵੱਖ-ਵੱਖ ਧਰਮ ਦੇ ਸ਼ਾਸਤਰਾਂ ਵਿੱਚ 12 ਦੇ ਅੰਕ ਦਾ ਇੱਕ ਵਿਸ਼ੇਸ਼ ਮਹੱਤਵ ਵੀ ਹੈ। ਸ਼ਾਸਤਰਾਂ ਵਿੱਚ 12 ਵਰ੍ਹਿਆਂ ਦੀ ਤੱਪਸਿਆ ਦਾ ਉਦੇਸ਼ ਸਾਧਕ ਨੂੰ ਅਧਿਆਤਮਿਕ ਗਿਆਨ, ਸਵੈ-ਬੋਧ ਵਿੱਚ ਮਦਦ ਕਰਦਾ ਹੈ। ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ 12 ਵਰ੍ਹਿਆਂ ਦੀ ਤਪੱਸਿਆ ਇੱਕ ਕਠੋਰ ਅਤੇ ਚੁਣੌਤੀਪੂਰਨ ਪ੍ਰਕਿਰਿਆ ਹੈ ਅਤੇ ਹਰ ਕੋਈ ਇਸ ਨੂੰ ਕਰਨ ਵਿੱਚ ਯੋਗ ਨਹੀਂ ਹੁੰਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ 12 ਵਰ੍ਹਿਆਂ ਦੀ ਵਿਕਾਸ ਯਾਤਰਾ ਸਿਰਫ਼ ਤਤਕਾਲੀ ਸਮੇਂ ਦੀ ਜ਼ਰੂਰਤ ਨਹੀਂ, ਸਗੋਂ ਲੰਬੇ ਸਮੇਂ ਦੇ-ਸੁਵਿਚਾਰਿਤ ਦ੍ਰਿਸ਼ਟੀਕੋਣ 'ਤੇ ਅਧਾਰਿਤ ਰਹੀ ਹੈ।**

ਦਰਅਸਲ, ਬੀਤੇ 12 ਵਰ੍ਹਿਆਂ ਵਿੱਚ ਸੇਵਾ ਹੀ ਸੰਕਲਪ ਅਤੇ ਕਰਤੱਵ ਦੀ ਰਾਹ 'ਤੇ ਵਧਦੇ ਰਹਿਣ ਦੀ ਸੋਚ ਨੇ ਹੀ ਪੁਰਾਣੀਆਂ ਧਾਰਨਾਵਾਂ ਨੂੰ ਤੋੜ ਵਿਕਾਸ ਦੇ ਨਵੇਂ ਮਾਰਗ ਦਾ ਨਿਰਮਾਣ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਜਿਸ ਤਰ੍ਹਾਂ ਨਾਲ ਬੀਤੇ 12 ਵਰ੍ਹਿਆਂ ਵਿੱਚ ਅੰਤਿਮ ਵਿਅਕਤੀ ਤੱਕ ਲਾਭ ਪਹੁੰਚਾਉਣ ਅਤੇ ਸਹੀ ਅਰਥਾਂ ਵਿੱਚ ਆਜ਼ਾਦੀ ਦਾ ਅਹਿਸਾਸ ਕਰਵਾਉਣ ਦੀ ਪਹਿਲ ਹੋਈ ਹੈ, ਉਸ ਨੇ ਪੱਥਰ 'ਤੇ ਇੱਕ ਅਜਿਹੀ ਲਕੀਰ ਖਿੱਚ ਦਿੱਤੀ ਹੈ ਜੋ ਆਜ਼ਾਦੀ ਦੇ ਅੰਮ੍ਰਿਤ ਕਾਲ ਤੋਂ ਸ਼ੁਰੂ ਹੋ ਕੇ ਸੁਨਹਿਰੀ ਵਰ੍ਹੇ ਤੱਕ ਦੀ ਯਾਤਰਾ ਵਿੱਚ ਨਵੇਂ ਭਾਰਤ ਦੀ ਨਵੀਂ ਤਕਦੀਰ ਲਿਖਣ ਵਾਲੀ ਹੈ। ਇੱਕ ਅਜਿਹਾ ਭਾਰਤ ਜੋ ਯੁਵਾ ਸ਼ਕਤੀ ਦੇ ਸੁਪਨਿਆਂ ਨੂੰ ਨਵੀਂ ਉਡਾਣ ਦੇ ਰਿਹਾ ਹੈ, ਨਾਰੀ ਸ਼ਕਤੀ ਦੀਆਂ ਉਮੀਦਾਂ ਨੂੰ ਪੂਰਾ ਕਰ ਰਿਹਾ ਹੈ, ਗ਼ਰੀਬਾਂ ਦੇ ਲਈ ਅੱਗੇ ਵਧਣ ਦੇ ਲੋੜੀਂਦੇ ਮੌਕੇ ਉਪਲਬਧ ਹੋ ਰਹੇ ਹਨ, ਮੱਧ ਵਰਗ ਦੀਆਂ ਉਮੀਦਾਂ ਨੂੰ ਨਵੀਆਂ ਉਚਾਈਆਂ ਮਿਲ ਰਹੀਆਂ ਹਨ। ਅਰਥਵਿਵਸਥਾ ਤੇਜ਼ ਗਤੀ ਨਾਲ ਵਧ ਰਹੀ ਹੈ। ਬੀਤੇ 12 ਵਰ੍ਹਿਆਂ ਵਿੱਚ ਸ਼ੁਰੂ ਹੋਈਆਂ ਕਈ ਯੋਜਨਾਵਾਂ ਦਾ ਲਾਭ ਕਰੋੜਾਂ ਗ਼ਰੀਬਾਂ ਦੇ ਘਰ ਤੱਕ ਪਹੁੰਚਿਆ ਹੈ। ਉੱਜਵਲਾ ਤੋਂ ਲੈ ਕੇ ਆਯੁਸ਼ਮਾਨ ਭਾਰਤ ਤੱਕ ਦੀ ਤਾਕਤ ਅੱਜ ਦੇਸ਼ ਦਾ ਹਰ ਗ਼ਰੀਬ ਜਾਣਦਾ ਹੈ। ਅੱਜ ਸਰਕਾਰੀ ਯੋਜਨਾਵਾਂ ਦੀ ਗਤੀ ਵਧੀ ਹੈ, ਉਹ ਨਿਰਧਾਰਿਤ ਟੀਚੇ ਪ੍ਰਾਪਤ ਕੀਤੇ ਜਾ ਰਹੇ ਹਨ। ਦੇਸ਼ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਲੇਕਿਨ ਇਹ ਸਫ਼ਰ ਇੱਥੇ ਪੂਰਾ ਨਹੀਂ

ਹੁੰਦਾ ਹੈ। ਦੇਸ਼ ਨੂੰ ਪੂਰਨਤਾ ਤੱਕ ਜਾਣਾ ਹੈ। ਇਸੇ ਸੰਕਲਪ ਦੇ ਨਾਲ ਭਾਰਤ ਨੇ ਅੰਮ੍ਰਿਤ ਕਾਲ ਦੀ ਯਾਤਰਾ ਸ਼ੁਰੂ ਕੀਤੀ ਹੈ ਜਿੱਥੇ ਸੌ ਫੀਸਦੀ ਪਿੰਡਾਂ ਵਿੱਚ ਸੜਕਾਂ ਹੋਣ, ਸੌ ਫੀਸਦੀ ਪਰਿਵਾਰਾਂ ਦੇ ਬੈਂਕ ਖਾਤੇ ਹੋਣ, ਸੌ ਫੀਸਦੀ ਯੋਗ ਲੋੜਵੰਦਾਂ ਕੋਲ ਆਯੁਸ਼ਮਾਨ ਭਾਰਤ ਕਾਰਡ ਹੋਵੇ, ਸੌ ਫੀਸਦੀ ਯੋਗ ਵਿਅਕਤੀਆਂ ਕੋਲ ਉੱਜਵਲਾ ਯੋਜਨਾ ਦਾ ਗੈਸ ਕਨੈਕਸ਼ਨ ਹੋਵੇ, ਸਰਕਾਰ ਦੀ ਬੀਮਾ ਯੋਜਨਾ ਹੋਵੇ, ਪੈਨਸ਼ਨ ਯੋਜਨਾ ਹੋਵੇ ਜਾਂ ਆਵਾਸ ਯੋਜਨਾ ਹੋਵੇ, ਹਰ ਉਸ ਵਿਅਕਤੀ ਨੂੰ ਇਨ੍ਹਾਂ ਯੋਜਨਾਵਾਂ ਨਾਲ ਜੋੜਨਾ ਹੈ ਜੋ ਇਸ ਦੇ ਹੱਕਦਾਰ ਹਨ। ਰੇਹੜੀ-ਪਟੜੀ ਅਤੇ ਫੁੱਟਪਾਥ 'ਤੇ ਬੈਠ ਕੇ ਸਮਾਨ ਵੇਚਣ ਵਾਲਿਆਂ ਨੂੰ ਸਵਨਿਧੀ ਯੋਜਨਾ ਦੇ ਜ਼ਰੀਏ ਬੈਂਕਿੰਗ ਵਿਵਸਥਾ ਨਾਲ ਜੋੜਿਆ ਜਾ ਰਿਹਾ ਹੈ। ਦੇਸ਼ ਅੱਜ ਹਰ ਘਰ ਨਲ ਸੇ ਜਲ ਮਿਸ਼ਨ ਨੂੰ ਲੈ ਕੇ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਸਰਵਪੱਖੀ-ਸਰਵ-ਸਮਾਵੇਸ਼ੀ-ਸਰਵ-ਸਪਰਸ਼ੀ ਵਿਕਾਸ ਦੀ ਸੋਚ ਨਾਲ ਕੇਂਦਰ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸਮਾਜ ਦੀ ਵਿਕਾਸ ਯਾਤਰਾ ਵਿੱਚ ਕੋਈ ਵੀ ਵਿਅਕਤੀ, ਵਰਗ ਨਾ ਛੂਟੇ, ਕੋਈ ਭੂ-ਭਾਗ, ਦੇਸ਼ ਦਾ ਕੋਈ ਕੋਨਾ ਪਿੱਛੇ ਨਹੀਂ ਛੁੱਟਣਾ ਚਾਹੀਦਾ ਹੈ। ਭਾਵੇਂ ਨਾਰੀ ਸ਼ਕਤੀ ਹੋਵੇ ਜਾਂ ਯੁਵਾ ਸ਼ਕਤੀ, ਕਿਸਾਨ ਹੋਵੇ ਜਾਂ ਗ਼ਰੀਬ-ਵਾਂਝਾ, ਸੋਚ ਸਿਰਫ਼ ਇੱਕ ਹੀ ਹੈ—ਵਿਕਾਸ ਸਰਵਪੱਖੀ ਹੋਣਾ ਚਾਹੀਦਾ ਹੈ। ਦੇਸ਼ ਦੇ ਅਜਿਹੇ ਖੇਤਰਾਂ ਨੂੰ ਵੀ ਅੱਗੇ ਲਿਆਉਣ ਦੇ ਲਈ ਪਿਛਲੇ 12 ਵਰ੍ਹਿਆਂ ਵਿੱਚ ਯਤਨ ਕੀਤੇ ਗਏ ਹਨ। ਪੂਰਬੀ ਭਾਰਤ, ਉੱਤਰ-ਪੂਰਬ, ਜੰਮੂ-ਕਸ਼ਮੀਰ, ਲੱਦਾਖ ਸਮੇਤ ਪੂਰਾ ਹਿਮਾਲਿਆ ਖੇਤਰ, ਤਟਵਰਤੀ ਖੇਤਰ, ਕਬਾਇਲੀ ਇਲਾਕੇ, ਭਵਿੱਖ ਵਿੱਚ ਭਾਰਤ ਦੀ ਵਿਕਾਸ ਯਾਤਰਾ ਦੇ ਬਹੁਤ ਵੱਡੇ ਅਧਾਰ ਬਣ ਰਹੇ ਹਨ। ਇਨ੍ਹਾਂ ਸਾਰਿਆਂ ਦੇ ਲਈ ਸੁਸ਼ਾਸਨ ਦਾ ਅਜਿਹਾ ਮੰਤਰ ਹੋਵੇ ਜੋ ਬਹੁਮਤ ਦੀ ਬਜਾਏ ਸਰਵਸੰਮਤੀ ਦੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ ਅਤੇ "ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ" ਜਿਸ ਦਾ ਉਦੇਸ਼ ਵਾਕ ਬਣ ਚੁੱਕਿਆ ਹੈ। ਇੱਕ ਅਜਿਹੇ ਭਾਰਤ ਦੇ ਨਿਰਮਾਣ ਵੱਲ ਰਾਸ਼ਟਰ ਵਧ ਰਿਹਾ ਹੈ ਜਿੱਥੇ ਗ਼ਰੀਬੀ, ਗੰਦਗੀ, ਭ੍ਰਿਸ਼ਟਾਚਾਰ, ਅੱਤਵਾਦ, ਜਾਤੀਵਾਦ ਅਤੇ ਕੱਟੜਵਾਦ ਤੋਂ ਮੁਕਤੀ ਮਿਲੇ।

## ਵਿਕਸਿਤ ਭਾਰਤ ਦਾ ਮਜ਼ਬੂਤ ਹੁੰਦਾ ਰਾਹ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਲੈ ਕੇ ਕਈ ਮੰਚਾਂ 'ਤੇ ਅਜਿਹੇ ਕੰਮਾਂ ਦੀ ਸੂਚੀ ਗਿਣਾ ਚੁੱਕੇ ਹਨ ਜੋ ਆਜ਼ਾਦੀ ਦੇ ਸ਼ੁਰੂਆਤੀ ਵਰ੍ਹਿਆਂ ਵਿੱਚ ਹੀ ਹੋ ਜਾਣੇ ਚਾਹੀਦੇ ਸਨ। ਪਰ ਉਨ੍ਹਾਂ ਬਾਰੇ ਸਥਾਈ ਸਮਾਧਾਨ ਦੀ ਲੰਬੇ ਸਮੇਂ ਦੀ ਸੋਚ ਉਦੋਂ ਨਹੀਂ ਅਪਣਾਈ ਗਈ। ਅਜਿਹੇ ਵਿੱਚ ਜੋ ਕੰਮ ਸੱਤ ਦਹਾਕਿਆਂ ਤੋਂ ਲਟਕੇ ਹੋਏ ਸਨ ਜਾਂ ਇੰਝ ਕਹਿ ਲਓ ਕਿ ਅਟਕੇ-ਲਟਕੇ ਪਏ ਸਨ, ਉਨ੍ਹਾਂ ਨੂੰ ਮੌਜੂਦਾ ਲੀਡਰਸ਼ਿਪ ਵਿੱਚ ਦੇਸ਼ ਅੱਜ ਸਾਕਾਰ ਹੁੰਦੇ ਹੋਏ ਦੇਖ ਰਿਹਾ ਹੈ। ਹੁਣ ਦੇਸ਼ ਨੂੰ ਕਿਸਮਤ ਦੇ ਭਰੋਸੇ ਨਹੀਂ ਸਗੋਂ ਇੱਕ ਸਪਸ਼ਟ ਸੋਚ, ਲੰਮੇ ਸਮੇਂ ਦੀ ਨੀਤੀ ਅਤੇ ਸਥਾਈ ਸਮਾਧਾਨ ਦੇ ਦ੍ਰਿਸ਼ਟੀਕੋਣ ਨਾਲ ਵਿਕਾਸ ਦੀਆਂ ਨਵੀਆਂ ਪਰੰਪਰਾਵਾਂ ਸਥਾਪਿਤ ਹੋ ਰਹੀਆਂ ਹਨ। ਇਸ ਨਾਲ ਉੱਭਰਦੇ ਹੋਏ ਨਵੇਂ ਭਾਰਤ ਦਾ ਨਿਰਮਾਣ ਹੋ ਰਿਹਾ ਹੈ। ਬੀਤੇ 12 ਵਰ੍ਹਿਆਂ ਵਿੱਚ ਭਾਰਤ ਨੇ ਨਾ ਸਿਰਫ਼ ਆਪਣੀ ਅਰਥਵਿਵਸਥਾ ਦਾ ਆਕਾਰ ਦੁੱਗਣਾ ਕੀਤਾ ਹੈ, ਸਗੋਂ ਆਧੁਨਿਕ ਇਨਫ੍ਰਾਸਟ੍ਰਕਚਰ ਦੇ ਕਾਰਨ ਤੇਜ਼ ਗਤੀ ਨਾਲ ਵਿਕਾਸ ਵੀ ਕੀਤਾ ਹੈ।



ਬੀਤੇ 12 ਵਰ੍ਹਿਆਂ ਵਿੱਚ ਰੇਲਵੇ, ਰੋਡ, ਏਅਰਪੋਰਟ, ਪੋਰਟ, ਬਿਜਲੀ, ਪਾਣੀ, ਗੈਸ ਪਾਈਪਲਾਈਨ, ਅਜਿਹੇ ਇਨਫ੍ਰਾਸਟ੍ਰਕਚਰ ਦਾ ਬਜਟ ਲਗਭਗ 6 ਗੁਣਾ ਵਧਾਇਆ ਗਿਆ ਹੈ। ਅੱਜ ਦੇਸ਼ ਵਿੱਚ ਬਹੁਤ ਤੇਜ਼ੀ ਨਾਲ ਮੈਗਾ ਪ੍ਰੋਜੈਕਟਾਂ 'ਤੇ ਕੰਮ ਹੋ ਰਹੇ ਹਨ। ਉੱਤਰ ਵਿੱਚ ਦੇਖੀਏ ਤਾਂ ਜੰਮੂ-ਕਸ਼ਮੀਰ ਵਿੱਚ ਦੁਨੀਆ ਦੇ ਸਭ ਤੋਂ ਉੱਚੇ ਰੇਲ ਬ੍ਰਿਜਾਂ ਵਿੱਚੋਂ ਇੱਕ, ਚਿਨਾਬ ਬ੍ਰਿਜ ਬਣਿਆ ਹੈ। ਪੱਛਮ ਵਿੱਚ ਦੇਖੀਏ ਤਾਂ ਮੁੰਬਈ ਵਿੱਚ ਦੇਸ਼ ਦਾ ਸਭ ਤੋਂ ਲੰਬਾ ਸੀ-ਬ੍ਰਿਜ, ਅਟਲ ਸੇਤੂ ਬਣਿਆ ਹੈ। ਪੂਰਬ ਵਿੱਚ ਦੇਖੀਏ ਤਾਂ ਅਸਾਮ ਦੇ ਬੋਗੀਬੀਲ ਬ੍ਰਿਜ ਦੇ ਦਰਸ਼ਨ ਹੋਣਗੇ। ਦੱਖਣ ਵਿੱਚ ਦੇਖੀਏ ਤਾਂ ਦੁਨੀਆ ਦੇ ਗਿਣੇ-ਚੁਣੇ ਵਰਟੀਕਲ ਲਿਫਟ ਬ੍ਰਿਜਾਂ ਵਿੱਚੋਂ ਇੱਕ, ਪੰਬਨ ਬ੍ਰਿਜ ਦਾ ਨਿਰਮਾਣ ਪੂਰਾ ਹੋਇਆ ਹੈ। ਇਸੇ ਤਰ੍ਹਾਂ, ਈਸਟਰਨ ਅਤੇ ਵੈਸਟਰਨ ਡੈਡੀਕੇਟਿਡ ਫ੍ਰੇਟ ਕੌਰੀਡੋਰ ਵੀ ਤਿਆਰ ਹੋ ਰਹੇ ਹਨ। ਦੇਸ਼ ਦੀ ਪਹਿਲੀ ਬੁਲੇਟ ਟ੍ਰੇਨ 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਵੰਦੇ ਭਾਰਤ, ਅੰਮ੍ਰਿਤ ਭਾਰਤ ਅਤੇ ਨਮੋ ਭਾਰਤ ਵਰਗੀਆਂ ਆਧੁਨਿਕ ਟ੍ਰੇਨਾਂ ਰੇਲ ਨੈੱਟਵਰਕ ਨੂੰ ਹੋਰ ਆਧੁਨਿਕ ਬਣਾ ਰਹੀਆਂ ਹਨ। ਇਸ ਵਿਕਾਸ ਦੇ ਪਿੱਛੇ ਇੱਕ ਸੋਚ ਹੈ- ਜਦੋਂ ਭਾਰਤ ਦਾ ਹਰੇਕ ਖੇਤਰ ਆਪਸ ਵਿੱਚ ਜੁੜਦਾ ਹੈ, ਤਾਂ ਵਿਕਸਿਤ ਰਾਸ਼ਟਰ ਬਣਾਉਣ ਦਾ ਮਾਰਗ ਮਜ਼ਬੂਤ ਹੁੰਦਾ ਹੈ। ਨਵਾਂ ਸੰਸਦ ਭਵਨ ਅਤੇ ਸੈਂਟਰਲ ਵਿਸਟਾ ਆਤਮ-ਨਿਰਭਰ ਭਾਰਤ ਦੀ ਬੁਨਿਆਦੀ ਸੋਚ ਦਾ ਦਰਪਣ ਬਣਿਆ ਹੈ। ਇਸ ਨਵੇਂ ਭਵਨ ਵਿੱਚ ਪਹਿਲਾ ਬਿਲ ਮਹਿਲਾਵਾਂ ਨੂੰ ਸੰਸਦ-ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਰਾਖਵਾਂਕਰਨ ਦੇਣ ਦੇ ਫ਼ੈਸਲੇ ਨਾਲ ਪਾਸ ਹੋਇਆ। ਇਸੇ ਤਰ੍ਹਾਂ 34 ਵਰ੍ਹਿਆਂ ਬਾਅਦ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਆਈ, ਜੋ ਗਲੋਬਲ ਨਾਲੇਜ ਸੁਪਰ ਪਾਵਰ ਵੱਲ ਵਧਦੇ ਭਾਰਤ ਦੇ ਕਦਮਾਂ ਦੀ ਪ੍ਰਤੀਕ ਹੈ। ਤਿੰਨ ਤਲਾਕ, ਰਾਮ ਮੰਦਿਰ, ਬੋਡੋ ਸਮਝੌਤਾ, ਆਰਟੀਕਲ 370 ਵਰਗੇ ਕਈ ਫੈਸਲਿਆਂ ਨਾਲ ਅਮਨ-ਸ਼ਾਂਤੀ ਸਥਾਪਿਤ ਹੋਈ। ਅਜਿਹੇ ਫ਼ੈਸਲੇ ਜੋ ਦਹਾਕਿਆਂ ਤੋਂ ਲਟਕ ਰਹੇ ਸਨ, ਜਿਨ੍ਹਾਂ ਨੂੰ ਸਥਾਈ ਸਮੱਸਿਆ ਮੰਨ ਲਿਆ ਗਿਆ ਸੀ, ਪਰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਸਮਾਧਾਨ ਨਿਕਲਿਆ ਅਤੇ ਨਵੇਂ ਭਾਰਤ ਦਾ ਉਦੈ ਹੋ ਰਿਹਾ ਹੈ।

## ਤਕਨੀਕ ਨਾਲ ਪਰਿਵਰਤਨ ਦਾ ਨਵਾਂ ਯੁੱਗ

ਭਾਰਤ ਉਨ੍ਹਾਂ ਕੁਝ ਚੋਣਵੇਂ ਦੇਸ਼ਾਂ ਵਿੱਚ ਸ਼ਾਮਲ ਹੈ, ਜੋ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਤਕਨਾਲੋਜੀ ਦੀਆਂ ਨੀਤੀਆਂ ਬਣਾਉਣ ਵਿੱਚ ਸਭ ਤੋਂ ਅੱਗੇ ਹਨ। ਕਈ ਖੇਤਰ ਜਿਨ੍ਹਾਂ ਵਿੱਚ ਤਕਨਾਲੋਜੀ ਦਾ ਵਿਆਪਕ ਪ੍ਰਭਾਵ ਪਿਆ ਹੈ। ਤਕਨੀਕ ਰਾਹੀਂ ਪਾਰਦਰਸ਼ਿਤਾ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਹੋਈ ਹੈ। ਅੱਜ ਭਾਰਤ ਦੇ ਗ੍ਰਾਮੀਣ ਇਲਾਕਿਆਂ ਵਿੱਚ ਸ਼ਹਿਰਾਂ ਨਾਲੋਂ ਵੱਧ ਇੰਟਰਨੈੱਟ ਡੇਟਾ ਦੀ ਖਪਤ ਹੋ ਰਹੀ ਹੈ। ਕੋਵਿਡ ਕਾਲ ਵਿੱਚ ਯੂਪੀਆਈ ਜਿਹੇ ਪਲੈਟਫਾਰਮ ਨੂੰ ਨਵੀਂ ਗਤੀ ਮਿਲਣ ਨਾਲ ਡਿਜੀਟਲ ਲੈਣ-ਦੇਣ ਨੂੰ ਲੋਕਾਂ ਨੇ ਸੱਭਿਆਚਾਰ ਬਣਾ ਲਿਆ। ਈ-ਕਾਮਰਸ ਰਾਹੀਂ ਵਿਆਪਕ ਬਜ਼ਾਰ ਦੀ ਉਪਲਬਧਤਾ ਵਧੀ ਹੈ। ਤਕਨੀਕ ਦੀ ਵਜ੍ਹਾ ਨਾਲ ਹੀ ਅੱਜ 100 ਫੀਸਦੀ ਲਾਭ ਲਾਭਾਰਥੀਆਂ ਤੱਕ ਪਹੁੰਚ ਰਿਹਾ ਹੈ, ਜਦੋਂ ਕਿ ਪਹਿਲਾਂ ਕਿਹਾ ਜਾਂਦਾ ਸੀ ਕਿ ਇੱਕ ਰੁਪਏ ਵਿੱਚੋਂ ਪਿੰਡਾਂ ਤੱਕ ਸਿਰਫ਼ 15 ਪੈਸੇ ਹੀ ਪਹੁੰਚਦੇ ਹਨ। ਯੋਜਨਾਵਾਂ ਦਾ ਲਾਗੂਕਰਨ ਹੋਵੇ ਜਾਂ ਨਿਗਰਾਨੀ, ਤਕਨੀਕ ਪਿੰਡਾਂ ਦੇ ਇਨਫ੍ਰਾਸਟ੍ਰਕਚਰ ਵਿਕਾਸ ਨੂੰ ਗਤੀ ਦੀ ਸ਼ਕਤੀ ਪ੍ਰਦਾਨ ਕਰ ਰਿਹਾ ਹੈ। ਆਈਟੀ-ਫੇਸਲੈੱਸ ਅਸੈਸਮੈਂਟ ਵਰਗੀਆਂ ਸਹੂਲਤਾਂ ਨੇ ਕ੍ਰਾਂਤੀਕਾਰੀ ਬਦਲਾਅ ਕੀਤੇ ਹਨ, ਤਾਂ ਉੱਥੇ ਹੀ ਈ-ਆਫਿਸ ਵਰਗੀ ਪਹਿਲ ਨੇ ਪ੍ਰਸ਼ਾਸਨ ਦੀ ਗਤੀ ਨੂੰ ਤੇਜ਼ ਕੀਤਾ ਹੈ। ਪਿੰਡਾਂ ਵਿੱਚ ਪੋਸਟਲ ਬੈਂਕ, ਸਕੂਲਾਂ ਵਿੱਚ ਅਟਲ ਇਨੋਵੇਸ਼ਨ ਮਿਸ਼ਨ ਨਾਲ ਨਵੀਂ ਸੰਸਕ੍ਰਿਤੀ ਦੀ ਸ਼ੁਰੂਆਤ ਹੋਈ। ਇੱਕ ਸਮਾਂ ਸੀ ਜਦੋਂ ਭਾਰਤ ਵਿੱਚ ਨੌਕਰੀ ਮੰਗਣ ਵਾਲੀ ਸੋਚ ਸੀ, ਪਰ ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ ਬਦਲ ਕੇ ਨੌਕਰੀ ਦੇਣ ਵਾਲਾ ਬਣਾਇਆ। ਸਟਾਰਟਅੱਪ ਅਤੇ ਮੁਦ੍ਰਾ ਦੀ ਸਹੂਲਤ ਨਾਲ ਅੱਜ ਨੌਜਵਾਨ ਨਵੀਂ ਉਡਾਣ ਭਰ ਰਹੇ ਹਨ। ਭਾਰਤ ਵਿੱਚ ਪਹਿਲਾਂ ਸਟਾਰਟਅੱਪ ਸ਼ਬਦ ਗਿਣੇ-ਚੁਣੇ ਲੋਕ ਹੀ ਸਮਝਦੇ ਸਨ, ਪਰ ਅੱਜ ਪਿੰਡਾਂ ਤੱਕ ਨੌਜਵਾਨ ਇਸ ਨੂੰ ਸਮਝ ਰਹੇ ਹਨ ਅਤੇ ਹੁਣ ਯੂਨੀਕੌਰਨ ਬਣਨ ਦੀ ਦਿਸ਼ਾ ਵਿੱਚ ਵਧ ਰਹੇ ਹਨ। ਭਾਰਤ ਅੱਜ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋ-ਸਿਸਟਮ ਬਣ ਗਿਆ ਹੈ।

## ਗਲੋਬਲ ਲੀਡਰਸ਼ਿਪ ਦਾ ਅਨੁਕੂਲ ਮੌਕਾ

ਬੀਤੇ 12 ਵਰ੍ਹਿਆਂ ਵਿੱਚ ਭਾਰਤ ਦਾ ਮਾਣ ਦੇਸ਼ ਅਤੇ ਦੁਨੀਆ ਵਿੱਚ ਵਧਿਆ ਹੈ ਅਤੇ ਭਾਰਤ ਇੱਕ ਭਰੋਸੇਮੰਦ ਲੀਡਰ ਵਜੋਂ ਉਭਰਿਆ ਹੈ। ਰੂਸ-ਯੂਕ੍ਰੇਨ ਯੁੱਧ ਦੇ ਸੰਕਟ ਕਾਲ ਵਿੱਚ 'ਆਪ੍ਰੇਸ਼ਨ ਗੰਗਾ', ਗਲਾਸਗੋ ਵਿੱਚ ਕੌਪ-26 (COP-26) ਅਤੇ ਸ਼ਰਮ-ਅਲ-ਸ਼ੇਖ ਵਿੱਚ ਕੌਪ-27 ਦੀ ਮੀਟਿੰਗ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਬੁਲੰਦ ਆਵਾਜ਼ ਬਣ ਕੇ ਉਭਰਿਆ ਭਾਰਤ, ਸੰਯੁਕਤ ਰਾਸ਼ਟਰ, ਬਿਮਸਟੈਕ, ਜੀ-20 ਵਰਗੇ ਅੰਤਰਰਾਸ਼ਟਰੀ ਮੰਚਾਂ 'ਤੇ ਭਾਰਤ ਵੱਲ ਦੁਨੀਆ ਦੀ ਨਿਗਾਹ. ਇਸ ਦੀ ਮਿਸਾਲ ਹੈ। ਜੀ-20 ਦੀ ਪ੍ਰਧਾਨਗੀ ਕਰਦੇ ਹੋਏ ਭਾਰਤ ਨੇ ਦੁਨੀਆ ਨੂੰ ਨਵੀਂ ਰਾਹ ਦਿਖਾਈ ਹੈ ਅਤੇ ਵਿਸ਼ਵ ਨੂੰ ਭਾਰਤ ਦੀ ਸੰਸਕ੍ਰਿਤੀ ਦੇ ਨਾਲ-ਨਾਲ ਉਸ ਦੀ ਸਮਰੱਥਾ ਦਾ ਵੀ ਅਹਿਸਾਸ ਕਰਵਾਇਆ ਹੈ। ਵਾਤਾਵਰਣ ਦੇ ਖੇਤਰ ਵਿੱਚ ਮਿਸ਼ਨ ਲਾਈਫ ਅਤੇ ਇੰਟਰਨੈਸ਼ਨਲ ਸੋਲਰ ਅਲਾਇੰਸ ਵਰਗੀਆਂ ਪਹਿਲਕਦਮੀਆਂ ਨੇ ਦੁਨੀਆ ਨੂੰ ਕੁਦਰਤ ਅਤੇ ਜੰਗਲੀ ਜੀਵਾਂ ਨਾਲ ਤਾਲਮੇਲ ਦਾ ਰਸਤਾ ਦਿਖਾਇਆ ਹੈ। ਵਸੁਧੈਵ ਕੁਟੁੰਬਕਮ ਦੀ ਭਾਵਨਾ ਦੇ ਨਾਲ ਸੰਕਟ ਦੀ ਘੜੀ ਵਿੱਚ ਗੁਆਂਢੀ ਅਤੇ ਦੁਨੀਆ ਦੇ ਹੋਰ ਦੇਸ਼ਾਂ ਦੇ ਨਾਲ ਭਾਰਤ ਪਹਿਲਾ ਮਦਦਗਾਰ ਰਾਸ਼ਟਰ ਬਣਿਆ ਹੈ, ਤਾਂ ਕੋਵਿਡ ਕਾਲ ਵਿੱਚ ਦੁਨੀਆ ਦੇ ਲਈ ਦਵਾਈਆਂ ਦਾ ਕੇਂਦਰ ਬਣਿਆ ਸੀ। ਬੀਤੇ 12 ਵਰ੍ਹਿਆਂ ਵਿੱਚ ਭਾਰਤ ਨੇ ਗਲੋਬਲ ਪੱਧਰ 'ਤੇ ਇੱਕ ਭਰੋਸੇਮੰਦ ਸਾਂਝੇਦਾਰ ਦੇ ਰੂਪ ਵਿੱਚ ਆਪਣੀ ਪਛਾਣ ਬਣਾਈ ਹੈ। ਉੱਥੇ ਹੀ ਦੇਸ਼ ਦੇ ਅੰਦਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਧਰ 'ਤੇ ਅਜਿਹਾ ਮਾਹੌਲ ਬਣਿਆ ਹੈ ਕਿ ਆਮ ਨਾਗਰਿਕ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਵਿੱਚ ਸਹਿਭਾਗੀ ਬਣ ਕੇ ਵਿਕਾਸ ਦਾ ਭਾਗੀਦਾਰ ਬਣ ਗਿਆ ਹੈ।

ਨਿਸ਼ਚਿਤ ਤੌਰ ‘ਤੇ ਯੁੱਗ-ਦ੍ਰਿਸ਼ਟਾ ਅਤੇ ਸਾਹਸਿਕ ਸੁਧਾਰਵਾਦ ਦੇ ਮੋਢੀ ਦੇ ਤੌਰ ‘ਤੇ ਉਭਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਨਵੇਂ ਵਿਸ਼ਵਾਸ ਦੇ ਨਾਲ ਨਵੀਂ ਸ਼ੁਰੂਆਤ' ਦੇ ਪ੍ਰਤੀਕ ਬਣ ਚੁੱਕੇ ਹਨ। ਇੱਕ ਸੁਰੱਖਿਅਤ, ਸਮ੍ਰਿੱਧ ਅਤੇ ਪ੍ਰਗਤੀਸ਼ੀਲ ਭਾਰਤ ਦੇ ਨਿਰਮਾਣ ਦੀ ਪਹਿਲ 'ਨਯਾ ਭਾਰਤ, ਵਿਕਸਿਤ ਭਾਰਤ' ਦਾ ਵਿਜ਼ਨ ਹੈ। ਬੀਤੇ 12 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਦੇ ਸੰਕਲਪਾਂ ਨੂੰ ਅੱਜ ਹਰ ਭਾਰਤਵਾਸੀ ਸਾਕਾਰ ਹੁੰਦੇ ਦੇਖ ਰਿਹਾ ਹੈ।

**ਆਓ, ਸੰਕਲਪ ਤੋਂ ਸਿੱਧੀ ਦੀ 12 ਵਰ੍ਹਿਆਂ ਦੀ ਯਾਤਰਾ ਦੀਆਂ ਇਨ੍ਹਾਂ ਉਪਲਬਧੀਆਂ ਨੂੰ ਅੱਗੇ ਦੇ ਪੰਜ ਸੈਕਸ਼ਨਾਂ ਵਿੱਚ ਜਾਣਦੇ ਹਾਂ...**




ਕਵਰ ਸਟੋਰੀ
ਵਿਕਾਸ ਯਾਤਰਾ ਦੇ
12 ਵਰ੍ਹੇ

# ਲੋਕ ਸੇਵਾ ਹੀ ਉਦੇਸ਼

***"ਜਿਹੜੇ ਮੈਨੂੰ ਜਾਣਦੇ ਹਨ, ਉਹ ਮੈਨੂੰ ਸਮਝਦੇ ਵੀ ਹਨ। ਮੈਂ ਆਪਣੇ ਲਈ ਨਹੀਂ, ਅਤੇ ਨਾ ਹੀ ਆਪਣਿਆਂ ਲਈ ਹਾਂ। ਮੈਂ ਇੱਥੇ ਗ਼ਰੀਬਾਂ ਦੇ ਲਈ ਹਾਂ। ਮੈਂ ਗ਼ਰੀਬੀ ਵਿੱਚ ਜੰਮਿਆ ਹਾਂ ਅਤੇ ਗ਼ਰੀਬੀ ਨੂੰ ਜੀਵਿਆ ਵੀ ਹੈ। ਮੈਂ ਗ਼ਰੀਬਾਂ ਦਾ ਦਰਦ ਸਮਝਦਾ ਹਾਂ।" ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਹ ਸ਼ਬਦ ਸਿਰਫ਼ ਇੱਕ ਪ੍ਰਗਟਾਵਾ ਨਹੀਂ ਹਨ, ਸਗੋਂ*** *ਇਹ ਇੱਕ ਬਹੁਤ ਹੀ ਸੰਵੇਦਨਸ਼ੀਲ ਵਿਅਕਤੀ ਦੇ ਦਿਲ ਤੋਂ ਨਿਕਲੀ ਆਵਾਜ਼ ਹੈ, ਜਿਨ੍ਹਾਂ ਦੇ ਮਨ ਵਿੱਚ ਦੇਸ਼ ਦੇ ਦਲਿਤਾਂ, ਗ਼ਰੀਬਾਂ, ਆਦਿਵਾਸੀਆਂ ਅਤੇ ਪਿਛੜੇ ਲੋਕਾਂ ਲਈ ਅਥਾਹ ਸੰਵੇਦਨਸ਼ੀਲਤਾ ਹੈ। ਹਰ ਫ਼ੈਸਲਾ ਲੈਂਦੇ ਸਮੇਂ ਹਮੇਸ਼ਾ ਅੰਤਯੋਦਯ ਅਤੇ ਗ਼ਰੀਬ ਕਲਿਆਣ ਦੇ ਲਈ ਸਭ ਤੋਂ ਪਹਿਲਾਂ ਸੋਚਣਾ ਉਨ੍ਹਾਂ ਦੀ ਫਿਤਰਤ ਬਣ ਗਿਆ ਹੈ। ਰਾਸ਼ਟਰ ਦੀ ਹਰ ਸੋਚ, ਭਾਰਤ ਦੀ ਸੰਸਕ੍ਰਿਤੀ ਅਤੇ ਸੰਸਕਾਰ, ਸੇਵਾ, ਸੁਸ਼ਾਸਨ ਅਤੇ ਗ਼ਰੀਬ ਕਲਿਆਣ ਦੇ ਨਾਲ ਵਿਕਸਿਤ ਭਾਰਤ ਦੇ ਸੁਨਹਿਰੀ ਸੁਪਨੇ ਨੂੰ ਸਮਰਪਿਤ ਹੈ। ਇਸ ਦ੍ਰਿਸ਼ਟੀਕੋਣ ਨੇ ਪਿਛਲੇ 12 ਵਰ੍ਹਿਆਂ ਵਿੱਚ ਦੇਸ਼ ਦੇ ਕਿਸਾਨਾਂ, ਪਿੰਡਾਂ-ਗ਼ਰੀਬਾਂ ਅਤੇ ਮੱਧ ਵਰਗ ਦੇ ਲਈ ਇੱਕ ਸੁਰੱਖਿਆ ਕਵਚ ਦਾ ਨਿਰਮਾਣ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ (ਪੀਐੱਮ-ਜੇਏਵਾਈ) ਰਾਹੀਂ ਲੋਕਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਸਮਾਵੇਸ਼ੀ ਵਿਕਾਸ ਨਾਲ ਗ਼ਰੀਬਾਂ, ਕਿਸਾਨਾਂ ਅਤੇ ਮੱਧ ਵਰਗ ਦੀਆਂ ਆਕਾਂਖਿਆਵਾਂ ਨੂੰ ਮਿਲੇ ਹਨ ਨਵੇਂ ਖੰਭ – ਅਤੇ ਸਰਵਪੱਖੀ ਸੁਰੱਖਿਆ ਦਾ ਇੱਕ ਚੱਕਰ ਬਣਾ ਕੇ ਆਤਮ-ਨਿਰਭਰ ਭਾਰਤ ਦੀ ਦਿਸ਼ਾ ਵੱਲ ਵਧਾਇਆ ਹੈ ਕਦਮ...*

## ਗ਼ਰੀਬ ਕਲਿਆਣ

ਕਵਰ ਸਟੋਰੀ
ਵਿਕਾਸ ਯਾਤਰਾ ਦੇ 12 ਵਰ੍ਹੇ

# ਗ਼ਰੀਬ ਕਲਿਆਣ ਤੋਂ ਗੌਰਵਮਈ ਜੀਵਨ

*ਅੱਜ ਭਾਰਤ ਵਿੱਚ ਸਰਕਾਰ ਦੀਆਂ ਉਪਲਬਧੀਆਂ ਦੀ ਗੱਲ ਹੁੰਦੀ ਹੈ, ਤਾਂ ਉਸ ਵਿੱਚ ਗ਼ਰੀਬ ਕਲਿਆਣ ਸਭ ਤੋਂ ਉੱਪਰ ਹੈ। ਕੇਂਦਰ ਸਰਕਾਰ ਨੇ ਬੀਤੇ 12 ਵਰ੍ਹਿਆਂ ਵਿੱਚ ਗ਼ਰੀਬ ਕਲਿਆਣ ਨੂੰ ਆਪਣਾ ਉਦੇਸ਼ ਬਣਾਇਆ ਹੈ, ਜਿੱਥੇ ਤੁਸ਼ਟੀਕਰਣ ਨਹੀਂ ਸਗੋਂ ਸੰਤੁਸ਼ਟੀਕਰਣ ਅਧਾਰ ਹੈ। ਇਸ ਵਿੱਚ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ, ਦੇਸ਼ ਦੀ ਇੱਕ ਬਹੁਤ ਵੱਡੀ ਆਬਾਦੀ ਦੇ ਲਈ ਇੱਕ ਹੋਰ ਸੁਰੱਖਿਆ ਕਵਚ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਆਰਾ 2014 ਵਿੱਚ ਵਿਅਕਤ 'ਗ਼ਰੀਬ ਕਲਿਆਣ' ਦੇ ਸੰਕਲਪਾਂ ਨੂੰ ਸਾਕਾਰ ਕਰਨ ਵਾਲੀਆਂ ਅਨੇਕਾਂ ਯੋਜਨਾਵਾਂ ਨਾਲ ਪਿੰਡਾਂ ਅਤੇ ਗਰੀਬਾਂ ਦੇ ਜੀਵਨ ਵਿੱਚ ਬਦਲਾਅ ਆਇਆ ਹੈ। ਦੁਨੀਆ ਦੀਆਂ ਭਰੋਸੇਯੋਗ ਰਿਪੋਰਟਾਂ ਦੱਸਦੀਆਂ ਹਨ ਕਿ ਭਾਰਤ ਵਿੱਚ ਗ਼ਰੀਬੀ ਤੇਜ਼ੀ ਨਾਲ ਘੱਟ ਹੋਈ ਹੈ ਕਿਉਂਕਿ ਉੱਚ ਲੀਡਰਸ਼ਿਪ ਦੇ ਹਰ ਫ਼ੈਸਲੇ ਵਿੱਚ, ਅੰਤਯੋਦਯ ਦੇ ਨਾਲ ਗ਼ਰੀਬ ਕਲਿਆਣ ਅਤੇ ਸਸ਼ਕਤੀਕਰਣ ਬਣ ਗਈ ਹੈ ਸਥਾਈ ਸੋਚ...*

## ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ



**81 ਕਰੋੜ** ਲੋਕਾਂ ਨੂੰ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਵਿੱਚ ਮਿਲ ਰਿਹਾ ਹੈ ਮੁਫ਼ਤ ਅਨਾਜ ।

**5** ਵਰ੍ਹਿਆਂ ਦੇ ਲਈ ਵਧਾਈ ਗਈ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ 1 ਜਨਵਰੀ, 2024 ਤੋਂ ।

- ਮਾਰਚ, 2024 ਤੱਕ ਫੋਰਟੀਫਾਈਡ ਚੌਲਾਂ ਦੀ ਸਪਲਾਈ ਸਫ਼ਲਤਾਪੂਰਵਕ ਕੀਤੀ ਗਈ, ਕਸਟਮ-ਮਿਲਡ ਚੌਲਾਂ ਨੂੰ ਫੋਰਟੀਫਾਈਡ ਚੌਲਾਂ ਨਾਲ ਬਦਲਿਆ ਗਿਆ।
- ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੇ ਤਹਿਤ ਦੇਸ਼ ਭਰ ਵਿੱਚ 100% ਰਾਸ਼ਨ ਕਾਰਡਾਂ ਦਾ ਡਿਜੀਟਲੀਕਰਣ ਕੀਤਾ ਗਿਆ।
- ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 'ਇੱਕ ਰਾਸ਼ਟਰ ਇੱਕ ਰਾਸ਼ਨ ਕਾਰਡ' ਯੋਜਨਾ ਲਾਗੂ ਕੀਤੀ ਗਈ। 207 ਕਰੋੜ ਤੋਂ ਵੱਧ ਪੋਰਟੇਬਿਲਿਟੀ ਲੈਣ-ਦੇਣ ਮਾਰਚ, 2026 ਤੱਕ ਦਰਜ ਕੀਤੇ ਗਏ ਹਨ।

**25** ਕਰੋੜ ਦੇਸ਼ਵਾਸੀ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿੱਚ ਗ਼ਰੀਬੀ ਨੂੰ ਹਰਾ ਕੇ ਬਾਹਰ ਨਿਕਲੇ ਹਨ। ਉਨ੍ਹਾਂ ਦੇ ਤੀਜੇ ਕਾਰਜਕਾਲ ਵਿੱਚ ਗਰੀਬਾਂ ਨੂੰ ਸਸ਼ਕਤ ਕਰਨ ਦਾ ਅਭਿਆਨ ਹੋਰ ਤੇਜ਼ੀ ਨਾਲ ਅੱਗੇ ਵਧਿਆ ਹੈ।

**19%** ਸੀ ਦੇਸ਼ ਵਿੱਚ 2015 ਵਿੱਚ ਸੋਸ਼ਲ ਸਕਿਓਰਿਟੀ, ਜੋ 2025 ਵਿੱਚ 64.3% ਪਹੁੰਚ ਗਈ। 94 ਕਰੋੜ ਤੋਂ ਵੱਧ ਲੋਕਾਂ ਨੂੰ ਘੱਟੋ-ਘੱਟ ਇੱਕ ਸਮਾਜਿਕ ਸੁਰੱਖਿਆ ਯੋਜਨਾ ਦਾ ਲਾਭ ਮਿਲਦਾ ਹੈ।

**12 ਕਰੋੜ ਟਾਇਲਟ**

**ਸਵੱਛ ਭਾਰਤ ਮਿਸ਼ਨ ਦੇ ਤਹਿਤ ਬਣਾਏ ਗਏ ਹਨ, ਜਿਸ ਨਾਲ ਦੇਸ਼ ਖੁੱਲ੍ਹੇ ਵਿੱਚ ਸ਼ੌਚ ਤੋਂ ਮੁਕਤ ਹੋਇਆ ਹੈ। ਜਨਤਕ ਸਿਹਤ ਅਤੇ ਸਵੱਛਤਾ ਵਿੱਚ ਇੱਕ ਵੱਡੀ ਪ੍ਰਗਤੀ ਹੋਈ ਹੈ।**




## ਵਿੱਤੀ ਸੁਰੱਖਿਆ

**58.12** ਕਰੋੜ ਪ੍ਰਧਾਨ ਮੰਤਰੀ ਜਨ-ਧਨ ਖਾਤੇ ਖੋਲ੍ਹੇ ਗਏ 15 ਅਪ੍ਰੈਲ, 2026 ਤੱਕ। ਇਨ੍ਹਾਂ ਖਾਤਿਆਂ ਵਿੱਚ ਲਗਭਗ 2.94 ਕਰੋੜ ਰੁਪਏ ਦੀ ਰਾਸ਼ੀ ਹੈ ਜਮ੍ਹਾਂ।




**32.21** ਕਰੋੜ (55.8%) ਜਨ-ਧਨ ਖਾਤੇ ਮਹਿਲਾਵਾਂ ਦੇ ਹਨ ਅਤੇ ਲਗਭਗ 45.17 ਕਰੋੜ (78.2%) ਪੀਐੱਮਜੇਡੀਵਾਈ (PMJDY) ਖਾਤੇ ਗ੍ਰਾਮੀਣ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਖੋਲ੍ਹੇ ਗਏ ਹਨ।



**2 ਲੱਖ ਰੁਪਏ**

ਦਾ ਜੀਵਨ ਬੀਮਾ ਕਵਰ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਦੇ ਤਹਿਤ ਕਿਸੇ ਵੀ ਕਾਰਨ ਨਾਲ ਮੌਤ 'ਤੇ। ਯੋਜਨਾ ਵਿੱਚ 27.33 ਕਰੋੜ ਤੋਂ ਵੱਧ ਨਾਮਾਂਕਣ।

- ਦੁਰਘਟਨਾ ਦੇ ਕਾਰਨ ਮੌਤ ਜਾਂ ਸਥਾਈ ਪੂਰਨ ਦਿਵਿਯਾਂਗਤਾ ਦੇ ਲਈ 2 ਲੱਖ ਰੁਪਏ ਅਤੇ ਸਥਾਈ ਅੰਸ਼ਕ ਦਿਵਿਯਾਂਗਤਾ ਦੇ ਲਈ 1 ਲੱਖ ਰੁਪਏ ਦਾ ਬੀਮਾ ਕਵਰੇਜ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿੱਚ। 57.92 ਕਰੋੜ ਰਜਿਸਟ੍ਰੇਸ਼ਨ ਹੋਏ।




- ਦੁਰਘਟਨਾ ਦੇ ਕਾਰਨ ਮੌਤ ਜਾਂ ਸਥਾਈ ਪੂਰਨ ਦਿਵਿਯਾਂਗਤਾ ਦੇ ਲਈ 2 ਲੱਖ ਰੁਪਏ ਅਤੇ ਸਥਾਈ ਅੰਸ਼ਕ ਦਿਵਿਯਾਂਗਤਾ ਦੇ ਲਈ 1 ਲੱਖ ਰੁਪਏ ਦਾ ਬੀਮਾ ਕਵਰੇਜ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿੱਚ। 57.92 ਕਰੋੜ ਰਜਿਸਟ੍ਰੇਸ਼ਨ ਹੋਏ।
- ਜਨਧਨ-ਆਧਾਰ-ਮੋਬਾਈਲ ਦੀ ਤ੍ਰਿਸ਼ਕਤੀ ਨੇ ਇੱਕ ਮਜ਼ਬੂਤ ਵਿੱਤੀ ਸਮਾਵੇਸ਼ ਪਲੈਟਫਾਰਮ ਤਿਆਰ ਕੀਤਾ ਹੈ, ਜਿਸ ਵਿੱਚ ਜਨ-ਧਨ ਖਾਤੇ ਨੂੰ ਮੋਬਾਈਲ ਨੰਬਰ ਅਤੇ ਆਧਾਰ ਨਾਲ ਜੋੜਿਆ ਜਾਂਦਾ ਹੈ।
- **ਪੀਐੱਮ ਸਵਨਿਧੀ ਯੋਜਨਾ** - ਸ਼ੁਰੂਆਤ ਤੋਂ 15 ਅਪ੍ਰੈਲ, 2026 ਤੱਕ 74.90 ਕਰੋੜ ਸਟ੍ਰੀਟ ਵੈਂਡਰਾਂ ਨੂੰ ਲੋਨ ਦਿੱਤੇ ਗਏ।

## ਜਲ ਜੀਵਨ ਮਿਸ਼ਨ

**12.61** ਕਰੋੜ ਵਾਧੂ ਗ੍ਰਾਮੀਣ ਪਰਿਵਾਰਾਂ ਨੂੰ ਨਲ ਕਨੈਕਸ਼ਨ ਦਿੱਤੇ ਗਏ 13 ਮਈ, 2026 ਤੱਕ।

3.23 ਕਰੋੜ (16.7 ਪ੍ਰਤੀਸ਼ਤ) ਗ੍ਰਾਮੀਣ ਪਰਿਵਾਰਾਂ ਕੋਲ 2019 ਵਿੱਚ ਮਿਸ਼ਨ ਦੀ ਸ਼ੁਰੂਆਤ ਸਮੇਂ ਨਲ ਦਾ ਕਨੈਕਸ਼ਨ ਸੀ।

**15.85** ਕਰੋੜ ਪਰਿਵਾਰਾਂ ਨੂੰ 13 ਮਈ, 2026 ਨੂੰ ਮਿਲ ਰਿਹਾ ਹੈ ਘਰ ਵਿੱਚ ਨਲ ਤੋਂ ਸਾਫ਼ ਪਾਣੀ, ਦੇਸ਼ ਦੇ 19.36 ਕਰੋੜ ਗ੍ਰਾਮੀਣ ਪਰਿਵਾਰਾਂ ਵਿੱਚੋਂ।

- 10 ਮਾਰਚ 2026 ਨੂੰ ਕੇਂਦਰੀ ਕੈਬਨਿਟ ਨੇ ਜਲ ਜੀਵਨ ਮਿਸ਼ਨ (JJM) ਦੀ ਮਿਆਦ ਨੂੰ ਦਸੰਬਰ 2028 ਤੱਕ ਵਧਾਉਣ ਦੀ ਮਨਜ਼ੂਰੀ ਦਿੱਤੀ।



> ***"ਮੈਨੂੰ ਸਖ਼ਤ ਮਿਹਨਤ ਨਾਲ ਕਦੇ ਵੀ ਥਕਾਵਟ ਨਹੀਂ ਹੁੰਦੀ, ਸਗੋਂ ਮਿਹਨਤ ਨਾਲ ਗ਼ਰੀਬ ਜਨਤਾ ਦੇ ਚਿਹਰਿਆਂ 'ਤੇ ਆਈ ਮੁਸਕਰਾਹਟ ਬਹੁਤ ਸੰਤੁਸ਼ਟੀ ਦਾ ਅਹਿਸਾਸ ਕਰਵਾਉਂਦੀ ਹੈ।***
>
> ***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

ਕਵਰ ਸਟੋਰੀ
ਵਿਕਾਸ ਯਾਤਰਾ ਦੇ 12 ਵਰ੍ਹੇ

# ਇੱਕ ਨਵੇਂ ਯੁੱਗ ਦੀ ਸ਼ੁਰੂਆਤ

*ਦਹਾਕਿਆਂ ਤੱਕ ਅਣਗੌਲਿਆ ਰਿਹਾ ਭਾਰਤ ਦਾ ਕਿਸਾਨ ਯਾਨੀ ਅੰਨਦਾਤਾ ਹੁਣ ਭਾਰਤ ਦੀ ਵਿਕਾਸ ਯਾਤਰਾ ਦਾ ਸਹਿਭਾਗੀ ਬਣ ਚੁੱਕਿਆ ਹੈ। ਕਿਸਾਨਾਂ ਦੇ ਪ੍ਰਤੀ ਸੋਚ ਦਾ ਹੀ ਨਤੀਜਾ ਸੀ ਕਿ ਖੇਤੀਬਾੜੀ ਮੰਤਰਾਲੇ ਦਾ ਨਾਮ ਹੁਣ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਹੋ ਚੁੱਕਿਆ ਹੈ। ਆਪਣੀ ਇਸੇ ਸੋਚ ਨਾਲ ਬੀਤੇ 12 ਵਰ੍ਹਿਆਂ ਵਿੱਚ ਸੰਪੂਰਨਤਾ ਦੇ ਨਾਲ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਦੇ ਲਈ ਕੇਂਦਰ ਸਰਕਾਰ ਵੱਖ-ਵੱਖ ਯੋਜਨਾਵਾਂ ਰਾਹੀਂ ਬਿਜਾਈ ਤੋਂ ਪਹਿਲਾਂ, ਬਿਜਾਈ ਦੌਰਾਨ ਅਤੇ ਬਿਜਾਈ ਤੋਂ ਬਾਅਦ ਦੇ ਪੜਾਵਾਂ ਵਿੱਚ ਉਨ੍ਹਾਂ ਦੀ ਹਰ ਜ਼ਰੂਰਤ ਦਾ ਧਿਆਨ ਰੱਖਦੀ ਆ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਮਿਲੀ ਹੈ ਨਵੀਂ ਦਿਸ਼ਾ.....*

## ਵਧ ਰਿਹਾ ਅਨਾਜ ਦਾ ਉਤਪਾਦਨ

**357.73** ਮਿਲੀਅਨ ਮੀਟ੍ਰਿਕ ਟਨ ਤੋਂ ਵੱਧ ਰਿਕਾਰਡ ਅਨਾਜ ਦਾ ਉਤਪਾਦਨ ਖੇਤੀਬਾੜੀ ਵਰ੍ਹੇ 2024- 2025 ਵਿੱਚ ਭਾਰਤ ਨੇ ਕੀਤਾ।

**150** ਮਿਲੀਅਨ ਟਨ ਉਤਪਾਦਨ ਦੇ ਨਾਲ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਚੌਲ ਉਤਪਾਦਕ ਦੇਸ਼ ਬਣ ਗਿਆ ਹੈ।



- ਭਾਰਤ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਮੱਛੀ ਉਤਪਾਦਕ ਦੇਸ਼ ਵੀ ਬਣਿਆ ਹੈ। ਇਹ ਬਲੂ ਇਕੌਨਮੀ ਵਿੱਚ ਦੇਸ਼ ਦੀ ਸਫਲਤਾ ਨੂੰ ਦਰਸਾਉਂਦਾ ਹੈ।



- ਦੁੱਧ ਉਤਪਾਦਨ ਦੇ ਖੇਤਰ ਵਿੱਚ ਵੀ, ਭਾਰਤ ਦੁਨੀਆ ਦੇ ਸਭ ਤੋਂ ਸਫਲ ਦੇਸ਼ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਹ ਸਹਿਕਾਰਤਾ ਅੰਦੋਲਨ ਦੀ ਮਜ਼ਬੂਤੀ ਦਾ ਨਤੀਜਾ ਹੈ।



## ਪੀਐੱਮ ਕਿਸਾਨ ਸਨਮਾਨ ਨਿਧੀ

ਇਸ ਯੋਜਨਾ ਵਿੱਚ, ਕਿਸਾਨਾਂ ਦੇ ਆਧਾਰ ਸੀਡੇਡ ਬੈਂਕ ਖਾਤਿਆਂ ਵਿੱਚ ਡਾਇਰੈਕਟ ਬੈਨੀਫਿਟ ਟ੍ਰਾਂਸਫਰ (ਡੀਬੀਟੀ) ਨਾਲ ਪ੍ਰਤੀ ਵਰ੍ਹੇ 6,000 ਰੁਪਏ ਦੀ ਵਿੱਤੀ ਸਹਾਇਤਾ ਤਿੰਨ ਬਰਾਬਰ ਕਿਸ਼ਤਾਂ ਵਿੱਚ ਟ੍ਰਾਂਸਫਰ ਕੀਤੀ ਜਾਂਦੀ ਹੈ। ਸ਼ੁਰੂ ਤੋਂ ਹੁਣ ਤੱਕ 9 ਕਰੋੜ ਤੋਂ ਵੱਧ ਕਿਸਾਨਾਂ ਨੂੰ 22 ਕਿਸ਼ਤਾਂ ਵਿੱਚ 4.27 ਲੱਖ ਕਰੋੜ ਰੁਪਏ ਤੋਂ ਵੱਧ ਵੰਡੇ ਜਾ ਚੁੱਕੇ ਹਨ।



## ਸਰਕਾਰ ਲਗਾਤਾਰ ਵਧਾ ਰਹੀ ਹੈ ਐੱਮਐੱਸਪੀ

- 2018-19 ਤੋਂ ਸਰਕਾਰ ਸਾਰੀਆਂ ਫਸਲਾਂ ਦੇ ਲਈ ਘੱਟੋ-ਘੱਟ ਸਮਰਥਨ ਮੁੱਲ (MSP) ਵਧਾ ਰਹੀ ਹੈ। ਇਹ ਕਿਸਾਨਾਂ ਦੀ ਫਸਲ ਦੀ ਲਾਗਤ ਨਾਲ ਘੱਟ ਤੋਂ ਘੱਟ 1.5 ਗੁਣਾ ਕੀਤੀ ਜਾਂਦੀ ਹੈ, ਤਾਂ ਜੋ ਕਿਸਾਨਾਂ ਨੂੰ ਉਤਪਾਦਨ ਲਾਗਤ 'ਤੇ ਘੱਟ ਤੋਂ ਘੱਟ 50% ਲਾਭ ਮਿਲ ਸਕੇ।

ਕਵਰ ਸਟੋਰੀ

ਵਿਕਾਸ ਯਾਤਰਾ ਦੇ 12 ਵਰ੍ਹੇ

# ਖੇਤੀਬਾੜੀ ਵਿਕਾਸ ਦੇ ਲਈ ਫੰਡਸ

**ਵਰ੍ਹੇ 2026- 27 ਵਿੱਚ ਖੇਤੀਬਾੜੀ ਖੇਤਰ ਦੇ ਲਈ 1,32,561 ਕਰੋੜ ਰੁਪਏ ਦਾ ਪ੍ਰਬੰਧ ਬਜਟ ਵਿੱਚ ਕੀਤਾ ਗਿਆ। ਐਗਰੀ –ਐਜੂਕੇਸ਼ਨ ਅਤੇ ਰਿਸਰਚ ਦੇ ਲਈ ਲਗਭਗ 9,967 ਕਰੋੜ ਰੁਪਏ ਰੱਖੇ ਗਏ। ਇਹ ਖੇਤੀਬਾੜੀ ਵਿਕਾਸ ਨੂੰ ਨਿਰੰਤਰ ਤਰਜੀਹ ਦੇਣ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।**

## ਪ੍ਰਧਾਨ ਮੰਤਰੀ ਕਿਸਾਨ ਮਾਨ-ਧਨ ਯੋਜਨਾ

**24.96** ਕਰੋੜ ਕਿਸਾਨ ਪ੍ਰਧਾਨ ਮੰਤਰੀ ਕਿਸਾਨ ਮਾਨ-ਧਨ ਯੋਜਨਾ ਵਿੱਚ 6 ਫਰਵਰੀ, 2026 ਤੱਕ ਰਜਿਸਟਰਡ ਹਨ।

**60** ਵਰ੍ਹਿਆਂ ਦੀ ਉਮਰ ਪੂਰੀ ਹੋਣ ‘ਤੇ 3,000 ਰੁਪਏ ਦੀ ਮਾਸਿਕ ਯਕੀਨੀ ਪੈਨਸ਼ਨ ਦਾ ਪ੍ਰਬੰਧ ਹੈ। ਇਸ ਵਿੱਚ ਪ੍ਰਵੇਸ਼ ਉਮਰ ਦੇ ਅਧਾਰ ‘ਤੇ ਮਾਸਿਕ ਯੋਗਦਾਨ ਦੀ ਰਾਸ਼ੀ 55 ਰੁਪਏ ਤੋਂ ਲੈ ਕੇ 200 ਰੁਪਏ ਦੇ ਦਰਮਿਆਨ ਹੁੰਦੀ ਹੈ।



*“ਅੱਜ ਕੇਂਦਰ ਵਿੱਚ ਮੌਜੂਦਾ ਸਰਕਾਰ ਕਿਸਾਨਾਂ ਦੇ ਖਰਚਿਆਂ ਨੂੰ ਘਟਾਉਣ ਅਤੇ ਉਨ੍ਹਾਂ ਦੀਆਂ ਲਾਗਤਾਂ ਦਾ ਬੋਝ ਸਾਂਝਾ ਕਰਨ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੁਨੀਆ ਦੀ ਸਭ ਤੋਂ ਵੱਡੀ ਯੋਜਨਾ ਹੈ ਜਿਸ ਵਿੱਚ ਵਿੱਤੀ ਸਹਾਇਤਾ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਜਾਂਦੀ ਹੈ।*

**–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਕਿਸਾਨਾਂ ਨੂੰ ਰਿਆਇਤੀ ਦਰ ‘ਤੇ ਮਿਲਦੀ ਰਹੀ ਖਾਦ

ਕੋਰੋਨਾ ਅਤੇ ਉਸ ਤੋਂ ਬਾਅਦ ਜੋ ਯੁੱਧ ਹੋਏ, ਉਸ ਦੇ ਕਾਰਨ ਅੰਤਰਰਾਸ਼ਟਰੀ ਬਜ਼ਾਰ ਵਿੱਚ ਖਾਦ ਦੀਆਂ ਕੀਮਤਾਂ ਕਈ ਗੁਣਾ ਵਧ ਗਈਆਂ। ਵਿਦੇਸ਼ੀ ਬਜ਼ਾਰਾਂ ਵਿੱਚ ਖਾਦ ਮਿਲਣੀ ਵੀ ਮੁਸ਼ਕਲ ਹੋ ਗਈ ਸੀ ਪਰ ਕੇਂਦਰ ਸਰਕਾਰ ਨੇ ਇਸ ਸੰਕਟ ਨੂੰ ਰੋਕਣ ਦੇ ਲਈ ਭਰਪੂਰ ਕੋਸ਼ਿਸ਼ ਕੀਤੀ।

**3,000** ਰੁਪਏ ਵਿੱਚ ਯੂਰੀਆ ਦੀ ਜੋ ਬੋਰੀ ਅੰਤਰਰਾਸ਼ਟਰੀ ਬਜ਼ਾਰ ਵਿੱਚ ਮਿਲਦੀ ਹੈ, ਓਹੀ ਬੋਰੀ ਕੇਂਦਰ ਸਰਕਾਰ ਕਿਸਾਨਾਂ ਨੂੰ 300 ਰੁਪਏ ਤੋਂ ਵੀ ਘੱਟ ਕੀਮਤ ‘ਤੇ ਦੇ ਰਹੀ ਹੈ।



- 12 ਲੱਖ ਕਰੋੜ ਰੁਪਏ ਤੋਂ ਵੱਧ ਖਰਚ ਇਸ ‘ਤੇ ਸਰਕਾਰ ਨੇ ਆਪਣੇ ਖਜਾਨੇ ਤੋਂ ਕੀਤੇ ਹਨ, ਤਾਂ ਜੋ ਕਿਸਾਨਾਂ ‘ਤੇ ਬੋਝ ਨਾ ਪਵੇ।
- ਬੀਤੇ 12 ਵਰ੍ਹਿਆਂ ਵਿੱਚ ਦੇਸ਼ ਦੇ ਕਿਸਾਨਾਂ ਦੇ ਆਲੇ-ਦੁਆਲੇ ਕੇਂਦਰ ਸਰਕਾਰ ਨੇ ਇੱਕ ਮਜ਼ਬੂਤ ਸੁਰੱਖਿਆ ਕਵਚ ਬੁਣਿਆ ਹੈ। ਐੱਮ.ਐੱਸ.ਪੀ., ਸਸਤਾ ਲੋਨ, ਫਸਲ ਬੀਮਾ, ਪੀਐੱਮ ਕਿਸਾਨ ਸਨਮਾਨ ਨਿਧੀ ਵਰਗੀਆਂ ਯੋਜਨਾਵਾਂ ਕਿਸਾਨਾਂ ਦਾ ਬਹੁਤ ਵੱਡਾ ਸਹਾਰਾ ਬਣੀਆਂ ਹਨ।
- ਕਿਸਾਨਾਂ ਦੀ ਖੇਤੀਬਾੜੀ ਨਵੀਂ ਤਕਨੀਕ ਨਾਲ ਜੁੜੇ, ਉਨ੍ਹਾਂ ਨੂੰ ਸਿੰਚਾਈ ਦੇ ਨਵੇਂ ਤਰੀਕਿਆਂ ਨਾਲ ਜੋੜਿਆ ਜਾਵੇ ਅਤੇ ਫਸਲਾਂ ਨੂੰ ਵੀ ਲਾਭ ਮਿਲੇ, ਇਸੇ ਇਰਾਦੇ ਨਾਲ ਸਰਕਾਰ ਨੇ Per Drop More Crop ਦੀ ਨੀਤੀ ਬਣਾਈ। ਡਰਿੱਪ ਅਤੇ ਸਪ੍ਰਿੰਕਲਰ ਵਰਗੀਆਂ ਮਾਈਕ੍ਰੋ-ਇਰੀਗੇਸ਼ਨ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਇਆ।
- ਕੇਂਦਰ ਨੇ ਕੁਸੁਮ ਯੋਜਨਾ ਬਣਾਈ। ਅੱਜ ਬਹੁਤ ਸਾਰੇ ਕਿਸਾਨ, ਨਾ ਸਿਰਫ਼ ਸੋਲਰ ਪੰਪ ਲਗਾ ਕੇ ਸਿੰਚਾਈ ਕਰ ਰਹੇ ਹਨ ਸਗੋਂ ਉਸ ਤੋਂ ਬਿਜਲੀ ਬਣਾ ਕੇ, ਪੈਸੇ ਵੀ ਕਮਾ ਰਹੇ ਹਨ।



# ਮੱਧ ਵਰਗ

# ਮੱਧ ਵਰਗ ਦੀਆਂ ਉਮੀਦਾਂ ਨੂੰ ਨਵੀਂ ਉਡਾਣ

*ਬਹੁਤ ਤੇਜ਼ੀ ਨਾਲ ਬਦਲਦੇ ਭਾਰਤ ਵਿੱਚ ਵਿਕਾਸ ਹੋਵੇ ਜਾਂ ਵਿਵਸਥਾ, ਹਿੰਮਤ ਹੋਵੇ ਜਾਂ ਸੰਕਲਪ ਲੈਣ ਦੀ ਸਮਰੱਥਾ, ਜੀਵਨ ਦੇ ਹਰ ਖੇਤਰ ਵਿੱਚ ਅੱਜ ਮੱਧ ਵਰਗ ਇੱਕ ਮੁੱਖ ਧਾਰਾ ਬਣਿਆ ਹੋਇਆ ਹੈ। ਸਮ੍ਰਿੱਧ ਅਤੇ ਵਿਕਸਿਤ ਭਾਰਤ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਇੱਕ ਤਿਹਾਈ ਆਬਾਦੀ ਵਾਲਾ ਮੱਧ ਵਰਗ ਇੱਕ ਬਹੁਤ ਵੱਡੀ ਤਾਕਤ ਹੈ, ਜਿਨ੍ਹਾਂ ਦੀਆਂ ਉਮੀਦਾਂ ਨੂੰ ਕੇਂਦਰ ਸਰਕਾਰ ਵੱਲੋਂ ਬੀਤੇ 12 ਵਰ੍ਹਿਆਂ ਵਿੱਚ ਮਿਲੇ ਹਨ ਨਵੇਂ ਖੰਭ ...*

## ਇਨਕਮ ਟੈਕਸ ਤੋਂ ਮਿਲੀ ਰਾਹਤ

**12 ਲੱਖ** ਰੁਪਏ ਤੱਕ ਦੀ ਸਲਾਨਾ ਆਮਦਨ ‘ਤੇ ਨਵੀਂ ਟੈਕਸ ਵਿਵਸਥਾ ਦੇ ਤਹਿਤ ਕੋਈ ਇਨਕਮ ਟੈਕਸ ਨਹੀਂ।



**75,000** ਰੁਪਏ ਦੀ ਮਿਆਰੀ ਕਟੌਤੀ ਦੇ ਨਾਲ ਵੇਤਨਭੋਗੀ ਟੈਕਸਪੇਅਰਸ ਲਈ 12.75 ਲੱਖ ਰੁਪਏ ਦੀ ਸੀਮਾ।

- ਕੇਂਦਰੀ ਬਜਟ 2025-26 ਵਿੱਚ ਸਾਰੇ ਟੈਕਸਪੇਅਰਸ ਨੂੰ ਲਾਭ ਪਹੁੰਚਾਉਣ ਦੇ ਲਈ ਇਨਕਮ ਟੈਕਸ ਸਲੈਬ ਅਤੇ ਦਰਾਂ ਵਿੱਚ ਵਿਆਪਕ ਬਦਲਾਅ।
- ਸਲੈਬ ਦਰਾਂ ਵਿੱਚ ਕਟੌਤੀ ਅਤੇ ਛੂਟ ਵਿੱਚ ਮੱਧ ਵਰਗ ਨੂੰ ਵਿਆਪਕ ਟੈਕਸ ਰਾਹਤ, ਜਿਸ ਨਾਲ ਘਰੇਲੂ ਉਪਭੋਗ ਖਰਚ ਅਤੇ ਨਿਵੇਸ਼ ਨੂੰ ਮਜ਼ਬੂਤੀ ਮਿਲੇਗੀ।
- ਇਨਕਮ ਟੈਕਸ ਦਾਖਲ ਕਰਨ ਵਾਲਿਆਂ ਦੀ ਗਿਣਤੀ ਵਿੱਤੀ ਵਰ੍ਹੇ 2022 ਵਿੱਚ 6.9 ਕਰੋੜ ਤੋਂ ਵਿੱਤੀ ਵਰ੍ਹੇ 2025 ਵਿੱਚ 9.2 ਕਰੋੜ ‘ਤੇ ਪਹੁੰਚੀ।

## ਉਡਾਣ ਯੋਜਨਾ



**1.64** ਕਰੋੜ ਤੋਂ ਵੱਧ ਦੇਸ਼ਵਾਸੀਆਂ ਨੇ ਉਡਾਣ ਯੋਜਨਾ ਦਾ ਲਾਭ 3.45 ਲੱਖ ਫਲਾਈਟ ਸੇਵਾ ਤੋਂ ਲਿਆ ਹੈ।

ਕੇਂਦਰ ਸਰਕਾਰ ਨੇ ਇਸ ਯੋਜਨਾ ਨੂੰ ਹੋਰ ਵਿਸਥਾਰ ਦਿੱਤਾ ਹੈ। ਇਸ ਲਈ ਲਗਭਗ 29 ਹਜ਼ਾਰ ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਗਈ।

**665** ਰੂਟਸ ਦੁਆਰਾ 95 ਏਅਰਪੋਰਟ-ਹੈਲੀਪੋਰਟ ਅਤੇ ਵਾਟਰ ਏਅਰੋਡ੍ਰੋਮ ਕਨੈਕਟਿਡ ਹਨ।

- ਆਉਣ ਵਾਲੇ ਵਰ੍ਹਿਆਂ ਵਿੱਚ ਇਸ ਦੇ ਤਹਿਤ, ਛੋਟੇ- ਛੋਟੇ ਸ਼ਹਿਰਾਂ ਵਿੱਚ 100 ਨਵੇਂ ਏਅਰਪੋਰਟ ਅਤੇ 200 ਨਵੇਂ ਹੈਲੀਪੈਡ ਬਣਾਉਣ ਦੀ ਯੋਜਨਾ ਹੈ।
- ਸਾਲ 2014 ਤੋਂ ਪਹਿਲਾਂ, ਦੇਸ਼ ਵਿੱਚ ਸਿਰਫ਼ 74 ਏਅਰਪੋਰਟ ਸਨ। ਅੱਜ 160 ਤੋਂ ਜ਼ਿਆਦਾ ਏਅਰਪੋਰਟਸ ਦੇਸ਼ ਵਿੱਚ ਹਨ।

## ਵੰਦੇ ਭਾਰਤ ਸੇਵਾ

**9.1** ਕਰੋੜ ਯਾਤਰਾ ਵੰਦੇ ਭਾਰਤ ਸੇਵਾ ਦੀ ਸ਼ੁਰੂਆਤ ਨਾਲ 31 ਮਾਰਚ, 2026 ਤੱਕ ਕਰ ਚੁੱਕੇ ਹਨ 1 ਲੱਖ ਟ੍ਰਿਪ ਵਿੱਚ ਯਾਤਰਾ।


**162** ਵੰਦੇ ਭਾਰਤ ਸੇਵਾਵਾਂ ਹੁਣ ਤੱਕ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ, ਜਿਸ ਨਾਲ ਕਈ ਕੌਰੀਡੋਰਸ ‘ਤੇ ਯਾਤਰਾ ਦਾ ਸਮਾਂ 45% ਤੱਕ ਘੱਟ ਹੋ ਗਿਆ ਹੈ।

**90** 8 - ਕੋਚ ਵਾਲੀਆਂ | **38** 20 - ਕੋਚ ਵਾਲੀਆਂ | **34** 16 - ਕੋਚ ਵਾਲੀਆਂ

**ਗ਼ਰੀਬ ਅਤੇ ਮੱਧ ਵਰਗ ਦੀ ਸੇਵਾ ਵਿੱਚ ਲੱਗੀ ਭਾਰਤੀ ਰੇਲ ਤੇਜ਼ੀ ਨਾਲ ਸੌ ਫੀਸਦੀ ਇਲੈਕਟ੍ਰੀਫਿਕੇਸ਼ਨ ਦੇ ਟੀਚੇ ਦੀ ਪ੍ਰਾਪਤੀ ਵੱਲ ਅੱਗੇ ਵਧ ਰਹੀ ਹੈ।**



## ਉਮੰਗ ਐਪ : ਇੱਕ ਪਲੈਟਫਾਰਮ, ਕਈ ਸੇਵਾਵਾਂ




**11.02** ਕਰੋੜ ਰਜਿਸਟ੍ਰੇਸ਼ਨ ਉਮੰਗ ਐਪ ‘ਤੇ।

**766.35** ਕਰੋੜ ਟ੍ਰਾਂਸਜੈਕਸ਼ਨ ।

**2,517** ਸਰਵਿਸ ਔਨਬੋਰਡ।

2017 ਵਿੱਚ ਲਾਂਚ ਕੀਤੇ ਗਏ ਇਸ ਐਪ ਦਾ ਮਤਲਬ ਹੈ ਮੱਧ ਵਰਗ ਦੇ ਲਈ ਘੱਟ ਲਾਈਨਾਂ, ਵਧੇਰੇ ਨਿਯੰਤਰਣ ਅਤੇ ਜਨਤਕ ਸੇਵਾਵਾਂ ਤੱਕ ਜਲਦੀ ਪਹੁੰਚ।

## ਡਿਜੀਲੌਕਰ

DigiLocker

**63.88** ਕਰੋੜ ਤੋਂ ਵੱਧ ਰਜਿਸਟਰਡ ਉਪਯੋਗਕਰਤਾ।।

**950** ਕਰੋੜ + ਦਸਤਾਵੇਜ਼ ਜਾਰੀ।

## ਮੋਬਾਈਲ ਡੇਟਾ ਦਾ ਖਰਚਾ ਹੋਇਆ ਘੱਟ

**97%** ਮੋਬਾਈਲ ਡੇਟਾ 'ਤੇ ਖਰਚ ਘੱਟ ਹੋਇਆ 2014 ਦੇ ਮੁਕਾਬਲੇ 2025 -26 ਵਿੱਚ।

## ਰੀਅਲ ਅਸਟੇਟ ਰੈਗੂਲੇਸ਼ਨ

- ਘਰ ਖਰੀਦਣ ਵਾਲਿਆਂ ਦੇ ਹਿਤਾਂ ਦੀ ਰੱਖਿਆ ਕਰਨ ਅਤੇ ਰਿਹਾਇਸ਼ੀ ਖੇਤਰ ਵਿੱਚ ਪਾਰਦਰਸ਼ਿਤਾ ਲਿਆਉਣ ਦੇ ਲਈ, ਸੰਸਦ ਨੇ 2016 ਵਿੱਚ ਰੀਅਲ ਅਸਟੇਟ (ਰੈਗੂਲੇਸ਼ਨ ਐਂਡ ਡਿਵੈਲਪਮੈਂਟ) ਐਕਟ ਪਾਸ ਕੀਤਾ।
- 1.57 ਲੱਖ ਕੇਸ ਰੇਰਾ ਨੇ ਨਿਪਟਾਏ ਹਨ, 35 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਰੇਰਾ ਅਥਾਰਿਟੀ ਹੈ।
- 1.61 ਲੱਖ ਤੋਂ ਵੱਧ ਰੀਅਲ ਅਸਟੇਟ ਪ੍ਰੋਜੈਕਟ ਅਤੇ 1.13 ਲੱਖ ਰੀਅਲ ਅਸਟੇਟ ਏਜੰਟ ਦੇਸ਼ ਭਰ ਵਿੱਚ ਰੇਰਾ ਦੇ ਤਹਿਤ ਰਜਿਸਟਰਡ ਹਨ।



## ਪੀਐੱਮ ਆਵਾਸ ਯੋਜਨਾ - ਸ਼ਹਿਰੀ

ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲਾ 25 ਜੂਨ 2015 ਤੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ (ਪੀਐੱਮਏਵਾਈ-ਯੂ) ਦੇ ਤਹਿਤ ਕੇਂਦਰੀ ਸਹਾਇਤਾ ਪ੍ਰਦਾਨ ਕਰਕੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਯਤਨਾਂ ਵਿੱਚ ਸਹਿਯੋਗ ਕਰ ਰਿਹਾ ਹੈ। ਤਾਂ ਜੋ ਦੇਸ਼ ਭਰ ਵਿੱਚ ਯੋਗ ਕੰਮਕਾਜੀ ਪੇਸ਼ੇਵਰ ਸ਼ਹਿਰੀ ਲਾਭਪਾਤਰੀਆਂ ਨੂੰ ਬੁਨਿਆਦੀ ਨਾਗਰਿਕ ਸਹੂਲਤਾਂ ਨਾਲ ਲੈਸ ਪੱਕੇ ਮਕਾਨ ਮੁਹੱਈਆ ਕਰਵਾਏ ਜਾ ਸਕਣ।



ਲਗਭਗ **125.15** ਲੱਖ ਘਰਾਂ ਨੂੰ ਹੁਣ ਤੱਕ ਦੇਸ਼ ਭਰ ਵਿੱਚ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਪੀਐੱਮਏਵਾਈ-ਯੂ 2.0 ਦੇ ਤਹਿਤ 13.67 ਲੱਖ ਘਰ ਸ਼ਾਮਲ ਹਨ।

116.57 ਲੱਖ ਮਕਾਨਾਂ ਦਾ ਨਿਰਮਾਣ ਕਾਰਜ ਮਨਜ਼ੂਰਸ਼ੁਦਾ ਮਕਾਨਾਂ ਵਿੱਚੋਂ ਸ਼ੁਰੂ ਹੋ ਚੁੱਕਿਆ ਹੈ, ਜਿਨ੍ਹਾਂ ਵਿੱਚੋਂ 97.30 ਲੱਖ ਮਕਾਨ 2 ਮਾਰਚ 2026 ਤੱਕ ਲਾਭਪਾਤਰੀਆਂ ਨੂੰ ਸੌਂਪ ਦਿੱਤੇ ਗਏ ਹਨ।

## ਡਾਕਘਰ ਪਾਸਪੋਰਟ ਸੇਵਾ ਕੇਂਦਰ

**23** ਸਰਕਲਾਂ ਵਿੱਚ 452 ਡਾਕਘਰ ਪਾਸਪੋਰਟ ਸੇਵਾ ਕੇਂਦਰ ਸ਼ੁਰੂ।



## ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ

**36.88** ਲੱਖ ਘਰਾਂ ਵਿੱਚ ਪ੍ਰਧਾਨ ਮੰਤਰੀ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ ਵਿੱਚ ਸੋਲਰ ਸਿਸਟਮ ਲਗਾਏ ਗਏ 30 ਅਪ੍ਰੈਲ, 2026 ਤੱਕ।



**19,480** ਕਰੋੜ ਰੁਪਏ ਦੀ ਸਬਸਿਡੀ ਜਾਰੀ।

ਯੋਜਨਾ ਵਿੱਚ ਸਥਾਪਿਤ ਸਮਰੱਥਾ 10.77 ਗੀਗਾਵਾਟ ਤੱਕ ਪਹੁੰਚੀ।

## ਤੇਜ਼ੀ ਨਾਲ ਵਧਦੀ ਇਕੌਨਮੀ

ਬੀਤੇ 12 ਵਰ੍ਹਿਆਂ ਵਿੱਚ, ਦੇਸ਼ ਦੀ ਆਰਥਿਕ ਨੀਂਹ ਬਹੁਤ ਮਜ਼ਬੂਤ ਹੋਈ ਹੈ। ਦੁਨੀਆ ਵਿੱਚ ਕਈ ਤਰ੍ਹਾਂ ਦੇ ਸੰਕਟਾਂ ਦੇ ਬਾਵਜੂਦ ਭਾਰਤ ਦੁਨੀਆ ਦੀ ਤੇਜ਼ੀ ਨਾਲ ਵਧਦੀ ਮੇਜਰ ਇਕੌਨਮੀ ਬਣਿਆ ਹੋਇਆ ਹੈ। ਭਾਰਤ ਨੇ ਮਹਿੰਗਾਈ ਦਰ ਨੂੰ ਘੱਟ ਰੱਖਣ ਦੇ ਆਪਣੇ ਰਿਕਾਰਡ ਨੂੰ ਹੋਰ ਬਿਹਤਰ ਕੀਤਾ ਹੈ। ਇਸ ਦਾ ਸਿੱਧਾ ਲਾਭ ਦੇਸ਼ ਦੇ ਗ਼ਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਹੋ ਰਿਹਾ ਹੈ।

"


*ਮੱਧ ਵਰਗ ਪਰਿਵਾਰ ਦੇਸ਼ ਦੇ ਲਈ ਬਹੁਤ ਦਿੰਦਾ ਹੈ ਤਾਂ ਦੇਸ਼ ਦੀ ਵੀ ਜ਼ਿੰਮੇਵਾਰੀ ਹੈ ਕਿ ਉਸ ਦੀ ਜੋ ਕੁਆਲਿਟੀ ਆਫ ਲਾਈਫ ਦੀਆਂ ਉਮੀਦਾਂ ਹਨ, ਉਨ੍ਹਾਂ ਨੂੰ ਪੂਰਾ ਕਰਨ ਦੇ ਲਈ ਅਸੀਂ ਨਿਰੰਤਰ ਕੋਸ਼ਿਸ਼ ਕਰਦੇ ਹਾਂ। ਮੈਂ ਸੁਪਨਾ ਦੇਖਿਆ ਹੈ ਕਿ 2047 ਜਦੋਂ ਵਿਕਸਿਤ ਭਾਰਤ ਦਾ ਸੁਪਨਾ ਹੋਵੇਗਾ ਤਾਂ ਉਸ ਦੀ ਇੱਕ ਇਕਾਈ ਇਹ ਵੀ ਹੋਵੇਗੀ ਕਿ ਸਧਾਰਣ ਮਨੁੱਖ ਦੇ ਜੀਵਨ ਵਿੱਚ ਸਰਕਾਰ ਦੀ ਦਖਲਅੰਦਾਜ਼ੀ ਘੱਟ ਹੋਵੇ।*

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

# ਸਿਹਤ ਅਤੇ ਸਮ੍ਰਿੱਧੀ ਵੱਲ ਭਾਰਤ

*ਕੀ ਤੁਸੀਂ ਜਾਣਦੇ ਹੋ ਕਿ ਜੀਵਨ ਜਿਉਣ ਦੀ ਔਸਤ ਉਮਰ ਵਿੱਚ 1 ਸਾਲ ਦਾ ਵਾਧਾ, ਦੇਸ਼ ਦੀ ਜੀਡੀਪੀ ਵਿੱਚ 4 ਪ੍ਰਤੀਸ਼ਤ ਦਾ ਵਾਧਾ ਕਰ ਦਿੰਦਾ ਹੈ। ਇਹੀ ਕਾਰਨ ਹੈ ਕਿ ਹੈਲਥ ਸੈਕਟਰ ਨੂੰ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ 2014 ਤੋਂ ਨਾ ਸਿਰਫ਼ ਤਰਜੀਹ ਮਿਲੀ, ਸਗੋਂ ਮੌਜੂਦਾ ਕੇਂਦਰ ਸਰਕਾਰ ਨੇ ਇਸ ਨੂੰ ਨੀਤੀਗਤ ਅਤੇ ਰਾਜਨੀਤਕ ਏਜੰਡੇ ਵਿੱਚ ਸਭ ਤੋਂ ਉੱਪਰ ਰੱਖਿਆ। ਸਸਤੀ ਹੈਲਥ ਕੇਅਰ ਮੁਹੱਈਆ ਕਰਵਾ ਕੇ ਸਿਹਤਮੰਦ ਭਵਿੱਖ ਨੂੰ ਸੁਰੱਖਿਅਤ ਕਰਕੇ ਬੀਤੇ 12 ਵਰ੍ਹਿਆਂ ਵਿੱਚ ਭਾਰਤ ਸਰਕਾਰ ਨੇ ਬਿਹਤਰ ਨਤੀਜਿਆਂ ਦੀ ਦਿਸ਼ਾ ਵਿੱਚ ਕਦਮ ਵਧਾਇਆ ਹੈ। ਅੱਜ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਹੈਲਥ ਕੇਅਰ ਪ੍ਰੋਗਰਾਮ –ਆਯੁਸ਼ਮਾਨ ਭਾਰਤ ਦੀ ਕਰ ਰਿਹਾ ਹੈ ਅਗਵਾਈ....*

## ਸਿਹਤ ਸਿੱਖਿਆ ਵਿੱਚ 12 ਵਰ੍ਹਿਆਂ ਵਿੱਚ ਦਿਖੇ ਬਦਲਾਅ




## ਟੀਕਾਕਰਣ




- ਵਰ੍ਹੇ 2015 ਵਿੱਚ ਸ਼ੁਰੂ ਮਿਸ਼ਨ ਇੰਦਰਧਨੁਸ਼ ਪ੍ਰੋਗਰਾਮ ਦੇ ਤਹਿਤ ਉਨ੍ਹਾਂ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਤੱਕ ਪਹੁੰਚਣਾ ਹੈ, ਜਿਨ੍ਹਾਂ ਦਾ ਟੀਕਾਕਰਣ ਨਹੀਂ ਹੋਇਆ ਹੈ ਜਾਂ ਜਿਨ੍ਹਾਂ ਨੂੰ ਅੰਸ਼ਕ ਤੌਰ ‘ਤੇ ਟੀਕਾ ਲਗਾਇਆ ਗਿਆ ਹੈ।
- ਪ੍ਰਤੀ ਵਰ੍ਹੇ 2.9 ਕਰੋੜ ਗਰਭਵਤੀ ਅਤੇ 2.54 ਕਰੋੜ ਨਵਜਾਤ ਦਾ ਮੁਫ਼ਤ ਟੀਕਾਕਰਣ।
- ਵਰ੍ਹੇ 2026 ਵਿੱਚ ਸਰਵਾਈਕਲ ਕੈਂਸਰ ਤੋਂ ਬਚਾਅ ਲਈ ਐੱਚਪੀਵੀ ਵੈਕਸੀਨ ਲਾਂਚ।
- ਪੂਰਨ ਟੀਕਾਕਰਣ: ਵਰ੍ਹੇ 2015 ਵਿੱਚ 62% ਸੀ ਜੋ ਕਿ ਵਧ ਕੇ ਜਨਵਰੀ 2026 ਵਿੱਚ 98.4% ਹੋ ਗਿਆ।
- ਕੋਵਿਡ -19 ਦੇ ਦੌਰਾਨ ਭਾਰਤ ਨੇ 200 ਕਰੋੜ ਤੋਂ ਜ਼ਿਆਦਾ ਵੈਕਸੀਨ ਦੀ ਖੁਰਾਕ ਦਿੱਤੀ।



## ਮਿਲੇ ਬਿਹਤਰ ਨਤੀਜੇ



- 1990 ਤੋਂ ਮਾਤ੍ਰਿ ਮੌਤ ਦਰ (ਐੱਮਐੱਮਆਰ) ਵਿੱਚ 86 ਪ੍ਰਤੀਸ਼ਤ ਦੀ ਕਮੀ ਆਈ ਹੈ, ਜੋ ਕਿ ਆਲਮੀ ਔਸਤ 48 ਪ੍ਰਤੀਸ਼ਤ ਤੋਂ ਜ਼ਿਆਦਾ ਹੈ।
- ਪੰਜ ਵਰ੍ਹੇ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਵਿੱਚ 78 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ, ਜੋ ਕਿ ਆਲਮੀ ਔਸਤ 61 ਪ੍ਰਤੀਸ਼ਤ ਤੋਂ ਵੱਧ ਹੈ।
- ਨਵਜਾਤ ਮੌਤ ਦਰ ਵਿੱਚ 70 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ, ਜਦਕਿ ਆਲਮੀ ਪੱਧਰ 'ਤੇ ਇਹ ਗਿਰਾਵਟ 54 ਪ੍ਰਤੀਸ਼ਤ ਹੈ।
- ਸ਼ਿਸ਼ੂ ਮੌਤ ਦਰ ਵਿੱਚ ਪਿਛਲੇ ਦਹਾਕੇ ਵਿੱਚ 37 ਪ੍ਰਤੀਸ਼ਤ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ, ਜੋ ਕਿ 2013 ਵਿੱਚ ਪ੍ਰਤੀ ਹਜ਼ਾਰ ਜੀਵਿਤ ਜਨਮਾਂ 'ਤੇ 40 ਮੌਤਾਂ ਤੋਂ ਘਟ ਕੇ 2023 ਵਿੱਚ 25 ਹੋ ਗਈ ਹੈ।

## ਸੰਸਥਾਗਤ ਜਣੇਪਾ

| | ਪੇਂਡੂ ਖੇਤਰ | | ਸ਼ਹਿਰੀ | |
|---|---|---|---|---|
| | 90.5% | 95.6% | 96.1% | 97.8% |
| | ਵਰ੍ਹੇ 2017-18 | ਵਰ੍ਹੇ 2025 | ਵਰ੍ਹੇ 2017-18 | ਵਰ੍ਹੇ 2025 |

## ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ (ਪੀਐੱਮ- ਜੇਏਵਾਈ)

- 23 ਸਤੰਬਰ, 2018 ਨੂੰ (ਏਬੀ-ਪੀਐੱਮਜੇਏਵਾਈ) ਸ਼ੁਰੂ ਕੀਤੀ ਗਈ। ਇਹ ਵਿਸ਼ਵ ਦੀ ਸਭ ਤੋਂ ਵੱਡੀ ਜਨਤਕ ਸਿਹਤ ਸੰਭਾਲ ਯੋਜਨਾ ਹੈ।
- ਸਮਾਜਿਕ- ਆਰਥਿਕ ਤੌਰ 'ਤੇ ਵਾਂਝੇ ਪਰਿਵਾਰਾਂ ਅਤੇ 70 ਵਰ੍ਹਿਆਂ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਨੂੰ ਇਲਾਜ ਲਈ ਪ੍ਰਤੀ ਵਰ੍ਹੇ 5 ਲੱਖ ਰੁਪਏ ਤੱਕ ਦਾ ਸਿਹਤ ਕਵਰੇਜ।

**12** ਕਰੋੜ ਤੋਂ ਵੱਧ ਨੂੰ ਮਿਲਿਆ ਇਲਾਜ।

**36,038** ਹਸਪਤਾਲ ਯੋਜਨਾ ਵਿੱਚ ਰਜਿਸਟਰਡ।

**43.93** ਕਰੋੜ ਤੋਂ ਵੱਧ ਆਯੁਸ਼ਮਾਨ ਕਾਰਡ ਬਣੇ।



## ਆਯੁਸ਼ਮਾਨ ਆਰੋਗਯ ਮੰਦਿਰ

**1,84,235** ਆਯੁਸ਼ਮਾਨ ਆਰੋਗਯ ਮੰਦਿਰ (27 ਫਰਵਰੀ 2026 ਤੱਕ) ਕਾਰਜਸ਼ੀਲ ਹਨ।

**42.6** ਕਰੋੜ ਤੋਂ ਵੱਧ ਲੋਕਾਂ ਨੂੰ (31 ਦਸੰਬਰ 2025) ਤੱਕ ਟੈਲੀ- ਕੰਸਲਟੇਸ਼ਨਜ਼ ਦਿੱਤੇ ਗਏ।






## ਮੈਡੀਕਲ ਟੂਰਿਜ਼ਮ

- ਵਰ੍ਹੇ 2025 ਵਿੱਚ 5,07,244 ਵਿਦੇਸ਼ੀ ਨਾਗਰਿਕ ਵਿਸ਼ੇਸ਼ ਤੌਰ 'ਤੇ ਡਾਕਟਰੀ ਇਲਾਜ ਲਈ ਪਹੁੰਚੇ।
- ਵਰ੍ਹੇ 2030 ਤੱਕ ਮੈਡੀਕਲ ਟੂਰਿਜ਼ਮ ਦਾ ਬਜ਼ਾਰ ਵਧ ਕੇ 16.2 ਅਰਬ ਡਾਲਰ ਹੋਣ ਦਾ ਅਨੁਮਾਨ।
- ਈ-ਮੈਡੀਕਲ ਵੀਜ਼ਾ ਅਤੇ ਈ-ਮੈਡੀਕਲ ਅਟੈਂਡੈਂਟ ਵੀਜ਼ਾ ਸੁਵਿਧਾਵਾਂ ਨੂੰ 172 ਦੇਸ਼ਾਂ ਤੱਕ ਵਿਸਥਾਰ ਦਿੱਤਾ ਗਿਆ।

### ਮੈਡੀਕਲ ਟੂਰਿਜ਼ਮ ਇੰਡੈਕਸ ਵਰ੍ਹੇ 2020- 21 ਦੇ ਅਨੁਸਾਰ ...

- ਭਾਰਤ ਵਿਸ਼ਵ ਪੱਧਰ 'ਤੇ ਟੌਪ 46 ਮੈਡੀਕਲ ਟੂਰਿਸਟ ਡੈਸਟੀਨੇਸ਼ਨਾਂ ਵਿੱਚ 10ਵੇਂ ਸਥਾਨ 'ਤੇ।
- ਦੁਨੀਆ ਦੀਆਂ ਟੌਪ 20 ਵੈਲਨੈੱਸ ਟੂਰਿਜ਼ਮ ਮਾਰਕਿਟਾਂ ਵਿੱਚ 12ਵੇਂ ਸਥਾਨ 'ਤੇ।
- ਏਸ਼ੀਆ-ਪੈਸੀਫਿਕ ਖੇਤਰ ਵਿੱਚ ਟੌਪ 10 ਹੈਲਥ ਕੇਅਰ ਸਥਾਨਾਂ ਵਿੱਚੋਂ 5ਵੇਂ ਸਥਾਨ 'ਤੇ।

## ਸਸਤੀ ਅਤੇ ਗੁਣਵੱਤਾਪੂਰਨ ਦਵਾਈ

**19,200** ਜਨ ਔਸ਼ਧੀ ਕੇਂਦਰਾਂ 'ਤੇ ਪ੍ਰਧਾਨ ਮੰਤਰੀ ਭਾਰਤੀਯ ਜਨ ਔਸ਼ਧੀ ਪਰਿਯੋਜਨਾ (ਪੀਐੱਮਬੀਜੇਪੀ) ਦੇ ਜ਼ਰੀਏ ਗੁਣਵੱਤਾਪੂਰਨ ਜੈਨੇਰਿਕ ਦਵਾਈਆਂ ਕਿਫਾਇਤੀ ਕੀਮਤਾਂ 'ਤੇ ਉਪਲਬਧ।

- ਇਨ੍ਹਾਂ ਕੇਂਦਰਾਂ 'ਤੇ 2,100 ਤੋਂ ਵੱਧ ਦਵਾਈਆਂ ਅਤੇ 315 ਸਰਜੀਕਲ ਉਤਪਾਦ ਉਪਲਬਧ ਹਨ, ਜੋ ਕਿ ਬਜ਼ਾਰ ਕੀਮਤ ਨਾਲੋਂ 50- 90% ਘੱਟ ਦਰਾਂ 'ਤੇ ਵੇਚੇ ਜਾਂਦੇ ਹਨ।



**ਲਗਭਗ 40,000** ਕਰੋੜ ਰੁਪਏ ਦੀ ਬੱਚਤ ਆਮ ਲੋਕਾਂ ਨੂੰ ਸਸਤੀ ਦਵਾਈ ਮਿਲਣ ਕਾਰਨ ਹੋਈ ਹੈ।

### ਜੇਬ ਤੇ ਬੋਝ ਹੋਇਆ ਘੱਟ

- ਸਿਹਤ ਇਲਾਜ 'ਤੇ ਆਪਣੀ ਜੇਬ ਤੋਂ ਹੋਣ ਵਾਲਾ ਖਰਚ ਵਰ੍ਹੇ 2014-15 ਵਿੱਚ 62.6% ਤੋਂ ਘਟ ਕੇ ਵਰ੍ਹੇ 2020-21 ਵਿੱਚ 39.4% ਹੋ ਗਿਆ ਹੈ। ਇਸ ਵਿੱਚ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਦਾ ਬਹੁਤ ਵੱਡਾ ਯੋਗਦਾਨ ਹੈ।



## ਰਾਸ਼ਟਰੀ ਸਿਹਤ ਨੀਤੀ, 2017

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ 15 ਮਾਰਚ 2017 ਨੂੰ ਕੇਂਦਰੀ ਕੈਬਨਿਟ ਨੇ ਰਾਸ਼ਟਰੀ ਸਿਹਤ ਨੀਤੀ, 2017 ਨੂੰ ਮਨਜ਼ੂਰੀ ਦਿੱਤੀ। ਇਸ ਦਾ ਉਦੇਸ਼ ਸਿਹਤ ਸੇਵਾ ਨੀਤੀ ਦੇ ਜ਼ਰੀਏ ਵਧੀਆ ਤੋਂ ਵਧੀਆ ਸਿਹਤ ਹਾਸਲ ਕਰਨਾ ਅਤੇ ਕਿਸੇ ਵੀ ਤਰ੍ਹਾਂ ਦੀ ਵਿੱਤੀ ਰੁਕਾਵਟ ਦੇ ਬਿਨਾ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।

## ਮੀਲ ਪੱਥਰ

- 2014 ਵਿੱਚ ਭਾਰਤ ਪੋਲੀਓ ਮੁਕਤ ਘੋਸ਼ਿਤ।
- 2015 ਵਿੱਚ ਨਵਜਾਤ ਬੱਚਿਆਂ ਵਿੱਚ ਹੋਣ ਵਾਲੇ ਟੈਟਨਸ ਦਾ ਖਾਤਮਾ।
- 2024 ਵਿੱਚ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਨੇ ਭਾਰਤ ਨੂੰ ਟ੍ਰੇਕੋਮਾ ਮੁਕਤ ਐਲਾਨਿਆ।
- ਭਾਰਤ ਨੇੜਲੇ ਭਵਿੱਖ ਵਿੱਚ ਕਾਲਾ-ਅਜ਼ਰ ਦੇ ਖਾਤਮੇ ਦੀ ਦਿਸ਼ਾ ਵਿੱਚ ਵੀ ਅੱਗੇ ਵਧ ਰਿਹਾ ਹੈ।





ਕਵਰ ਸਟੋਰੀ

ਵਿਕਾਸ ਯਾਤਰਾ ਦੇ 12 ਵਰ੍ਹੇ

# ਸਸ਼ਕਤੀਕਰਣ ਦੀ ਨਿਰੰਤਰ ਯਾਤਰਾ

## ਹਰ ਲਹਿਰ ‘ਤੇ ਵਿਕਾਸ, ਹਰ ਮੋੜ ‘ਤੇ ਨਵੀਆਂ ਸੰਭਾਵਨਾਵਾਂ

*ਤਰੱਕੀ ਅਤੇ ਵੈਭਵ ਦੇ ਰਾਹ ‘ਤੇ ਅੱਗੇ ਵਧਣ ਤੋਂ ਪਹਿਲਾਂ ਜ਼ਰੂਰੀ ਸੀ, ਕਿ ਸਮਾਜ ਦੇ ਉਨ੍ਹਾਂ ਵਰਗਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਜਿਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਸੀ। ਹਾਲਾਂਕਿ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਜਿਹੇ ਵਰਗਾਂ ਨੂੰ ਨਾ ਸਿਰਫ਼ ਪੁੱਛਿਆ, ਸਗੋਂ ਉਨ੍ਹਾਂ ਦਾ ਸਨਮਾਨ ਕੀਤਾ। ਹਾਸ਼ੀਏ ‘ਤੇ ਪਏ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ- ਨੀਤੀਆਂ ਵਿੱਚ ਸਰਬਉੱਚ ਤਰਜੀਹ ਮਿਲੀ ਤਾਂ “ਜਿੱਥੇ ਔਰਤਾਂ ਦਾ ਸਨਮਾਨ ਕੀਤਾ ਜਾਂਦਾ ਹੈ, ਉੱਥੇ ਦੇਵਤਾ ਨਿਵਾਸ ਕਰਦੇ ਹਨ; ਪਰ ਜਿੱਥੇ ਉਨ੍ਹਾਂ ਦਾ ਸਨਮਾਨ ਨਹੀਂ ਕੀਤਾ ਜਾਂਦਾ, ਉੱਥੇ ਸਾਰੇ ਕਰਮ ਵਿਅਰਥ ਰਹਿੰਦੇ ਹਨ। (यत नायतसुपूजने रमने तत देताः यतैतासु न पूजने सासताफलाः कयाः) ਨਾਰੀ ਦੀ ਅਗਵਾਈ ਵਿੱਚ ਵਿਕਾਸ ਦਾ ਮੰਤਰ ਬਣਿਆ ਅਤੇ ਬੀਤੇ 12 ਵਰ੍ਹਿਆਂ ਵਿੱਚ ਨਾਰੀ ਸ਼ਕਤੀ ਹਰ ਖੇਤਰ ਵਿੱਚ ਪਰਚਮ ਲਹਿਰਾ ਰਹੀ ਹੈ। ਇਸੇ ਤਰ੍ਹਾਂ ਇਹੀ ਸਮਾਂ ਹੈ, ਸਹੀ ਸਮਾਂ ਹੈ, ਭਾਰਤ ਦਾ ਅਨਮੋਲ ਸਮਾਂ ਹੈ... ਯੁਵਾ ਪੀੜ੍ਹੀ ਨੂੰ ਸਮਰਪਿਤ ਵਿਕਸਿਤ ਭਾਰਤ ਦਾ ਇਹ ਮੰਤਰ ਇਸ ਗੱਲ ਦਾ ਸੰਕੇਤ ਹੈ ਕਿ- ਭਾਰਤ ਦਾ ਯੁਵਾ ਆਪਣੀਆਂ ਉਮੀਦਾਂ ਨੂੰ ਨਵੀਂ ਉਡਾਣ ਦੇਣ ਲਈ ਤਿਆਰ ਹੈ। ਜਿੱਥੇ ਦੇਸ਼ ਦੀ ਯੁਵਾ ਸ਼ਕਤੀ ਦੀ ਸਮਰੱਥਾ ਨੂੰ ਇੱਕ ਨਵੀਂ ਪਛਾਣ ਮਿਲੀ ਹੈ, ਉੱਥੇ ਹੀ ਭਾਰਤ ਦੇ ਗਿਆਨ ਵਿਗਿਆਨ ਅਤੇ ਕਲਾਤਮਕ ਪ੍ਰਾਪਤੀ ਦਾ ਪ੍ਰਤੀਕ ਬਣ ਗਈ ਹੈ ਨਵੇਂ ਭਾਰਤ ਦੀ 'ਅੰਮ੍ਰਿਤ ਪੀੜ੍ਹੀ'। ਅੱਜ, ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪਿਛਲੇ 12 ਵਰ੍ਹੇ ਇੱਕ ਯੁੱਗ ਦੇ ਰੂਪ ਵਿੱਚ ਹਾਸ਼ੀਏ ‘ਤੇ ਪਏ ਲੋਕਾਂ, ਨਾਰੀ ਸ਼ਕਤੀ, ਨੌਜਵਾਨ ਸ਼ਕਤੀ ਅਤੇ ਕਿਸਾਨਾਂ ਦੇ ਸਸ਼ਕਤੀਕਰਣ ਦੁਆਰਾ ਦਰਸਾਇਆ ਗਿਆ ਹੈ। ਨਵੇਂ ਭਾਰਤ ਦੀ ਨਵੀਂ ਲੀਡਰਸ਼ਿਪ ਨੇ, ਇੱਕ ਸੰਵੇਦਨਸ਼ੀਲ ਮਾਨਸਿਕਤਾ ਅਤੇ ਸਮਾਵੇਸ਼ੀ ਪਹੁੰਚ ਦੇ ਨਾਲ, ਇਸ ਸਮੇਂ ਦੌਰਾਨ, ਹਰ ਵਰਗਾਂ ਅਤੇ ਖੇਤਰਾਂ ਨੂੰ ਵਿਕਾਸ ਵਿੱਚ ਭਾਈਵਾਲ ਬਣਾਇਆ ਹੈ - ਅਤੇ ਫਿਰ ਸ਼ੁਰੂ ਹੋਈ ਇੱਕ ਸੁਨਹਿਰੇ ਭਾਰਤ ਦੀ ਯਾਤਰਾ...*

# ਨਾਰੀ ਸਸ਼ਕਤੀਕਰਣ ਅਤੇ ਨਵਾਂ ਭਾਰਤ

*नारी तू नारायणी, तुमसे ही सामर्थ्य है, तुम्ही हो राष्ट्रशक्ति। ਇਸੇ ਸੰਕਲਪ ਦੇ ਨਾਲ ਨਵਾਂ ਭਾਰਤ ਉੱਤਮਤਾ ਦੇ ਨਿਤ ਨਵੇਂ ਅਧਿਆਏ ਲਿਖ ਰਿਹਾ ਹੈ। ਮਹਿਲਾ ਸ਼ਕਤੀ ਦੇ ਬਗੈਰ ਕਿਸੇ ਰਾਸ਼ਟਰ ਦੀ ਖੁਸ਼ਹਾਲੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਜਿਹੇ ਵਿੱਚ ਸਿਰਫ਼ ਨਾਰੀ ਉੱਥਾਨ ਨਹੀਂ, ਸਗੋਂ ਨਾਰੀ ਸ਼ਕਤੀ ਦੀ ਲੀਡਰਸ਼ਿਪ ਵਿੱਚ ਵਿਕਾਸ ਦੀ ਦ੍ਰਿਸ਼ਟੀ ਬੀਤੇ 12 ਵਰ੍ਹਿਆਂ ਵਿੱਚ ਰਾਸ਼ਟਰ ਦੀ ਨੀਤੀ ਦਾ ਮਹੱਤਵਪੂਰਨ ਅਧਾਰ ਬਣੀ ਹੈ। ਸਿੱਖਿਆ, ਸਿਹਤ, ਆਰਥਿਕ ਖੁਸ਼ਹਾਲੀ ਅਤੇ ਅਗਵਾਈ ਦੇ ਮੌਕਿਆਂ ਵਿੱਚ ਮਹਿਲਾਵਾਂ ਨੂੰ ਸਸ਼ਕਤ ਕਰਨ ਦੀਆਂ ਕਈ ਪਹਿਲਕਦਮੀਆਂ ਇਸ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਈਆਂ ਹਨ। ਹੁਣ ਲੋਕ ਸਭਾ- ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਮਹਿਲਾ ਰਾਖਵੇਂਕਰਣ ਲਈ ਵੀ ਕੇਂਦਰ ਸਰਕਾਰ ਹੈ ਵਚਨਬੱਧ ...*

## ਮਹਿਲਾ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਕਦਮ

**2023** ਵਿੱਚ ਨਵੇਂ ਸੰਸਦ ਭਵਨ ਵਿੱਚ ਨਾਰੀ ਸ਼ਕਤੀ ਵੰਦਨ ਅਧਿਨਿਯਮ ਦੇ ਰੂਪ ਵਿੱਚ ਪਹਿਲਾ ਕਦਮ ਚੁੱਕਿਆ ਗਿਆ।

14 ਲੱਖ ਤੋਂ ਵੱਧ ਮਹਿਲਾਵਾਂ ਅੱਜ ਭਾਰਤ ਵਿੱਚ ਲੋਕਲ ਗਵਰਨਮੈਂਟ ਬਾਡੀਜ਼ ਵਿੱਚ ਸਫਲਤਾਪੂਰਵਕ ਕੰਮ ਕਰ ਰਹੀਆਂ ਹਨ। ਲਗਭਗ 21 ਰਾਜਾਂ ਵਿੱਚ ਤਾਂ ਪੰਚਾਇਤਾਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਕਰੀਬ-ਕਰੀਬ 50 ਪ੍ਰਤੀਸ਼ਤ ਤੱਕ ਪਹੁੰਚ ਚੁੱਕੀ ਹੈ।





- ਬੀਤੇ 12 ਵਰ੍ਹਿਆਂ ਵਿੱਚ 3 ਕਰੋੜ ਤੋਂ ਵੱਧ ਮਹਿਲਾਵਾਂ 'ਪੀਐੱਮ ਆਵਾਸ ਯੋਜਨਾ ਦੇ ਤਹਿਤ ਘਰ ਦੀਆਂ ਮਾਲਕਣ ਬਣੀਆਂ ਹਨ।
- ਅੱਜ 70% ਤੋਂ ਵੱਧ ਪੀਐੱਮ ਆਵਾਸ ਇਕੱਲੇ ਜਾਂ ਸਾਂਝੇ ਤੌਰ 'ਤੇ ਮਹਿਲਾਵਾਂ ਦੇ ਨਾਮ 'ਤੇ ਹਨ।

- ਸਟੈਂਡ- ਅੱਪ ਇੰਡੀਆ ਯੋਜਨਾ ਦੇ ਤਹਿਤ 75% ਲੋਨ ਮਹਿਲਾਵਾਂ ਨੂੰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਜਨ ਧਨ ਖਾਤਿਆਂ ਵਿੱਚ 55% ਹਿੱਸੇਦਾਰੀ ਮਹਿਲਾਵਾਂ ਦੀ ਹੈ।

**70%** ਲੋਨ ਮੁਦਰਾ ਯੋਜਨਾ ਵਿੱਚ ਮਹਿਲਾਵਾਂ ਨੂੰ ਮਿਲੇ ਹਨ।

- 26 ਹਫ਼ਤਿਆਂ ਦੀ ਕਰ ਦਿੱਤੀ ਗਈ ਮਹਿਲਾਵਾਂ ਲਈ ਮੈਟਰਨਿਟੀ ਲੀਵ।
- 10 ਕਰੋੜ ਮਹਿਲਾਵਾਂ ਬੀਤੇ 12 ਵਰ੍ਹਿਆਂ ਵਿੱਚ ਸਵੈ- ਸਹਾਇਤਾ ਸਮੂਹਾਂ ਨਾਲ ਜੁੜੀਆਂ ਹਨ।
- 6 ਕਰੋੜ ਭੈਣਾਂ ਨੂੰ ਲਖਪਤੀ ਦੀਦੀ ਬਣਾਉਣ ਦਾ ਟੀਚਾ ਸਰਕਾਰ ਨੇ ਗ੍ਰਾਮੀਣ ਅਰਥਵਿਵਸਥਾ ਨੂੰ ਗਤੀ ਦੇਣ ਦੇ ਲਈ ਰੱਖਿਆ ਹੈ। ਇਸ ਵਿੱਚੋਂ 3 ਕਰੋੜ ਤੋਂ ਵੱਧ ਗ੍ਰਾਮੀਣ ਮਹਿਲਾਵਾਂ ਲਖਪਤੀ ਦੀਦੀ ਬਣ ਚੁੱਕੀਆਂ ਹਨ।
- ਸਤੰਬਰ 2025 ਵਿੱਚ ਚਲਾਏ ਗਏ 'ਸਵਸਥ ਨਾਰੀ, ਸਸ਼ਕਤ ਪਰਿਵਾਰ' ਅਭਿਆਨ ਦੇ ਤਹਿਤ ਲਗਭਗ ਸੱਤ ਕਰੋੜ ਮਹਿਲਾਵਾਂ ਦੀ ਸਿਹਤ ਦੀ ਜਾਂਚ ਹੋਈ।




- 2015 ਵਿੱਚ ਸਰਕਾਰ ਨੇ ਮਿਸ਼ਨ ਇੰਦਰਧਨੁਸ਼ ਪ੍ਰੋਗਰਾਮ ਸ਼ੁਰੂ ਕੀਤਾ ਜਿਸ ਦਾ ਟੀਚਾ ਉਨ੍ਹਾਂ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਤੱਕ ਪਹੁੰਚਣਾ ਹੈ ਜਿਨ੍ਹਾਂ ਦਾ ਟੀਕਾਕਰਣ ਨਹੀਂ ਹੋਇਆ ਹੈ।
- ਮਿਸ਼ਨ ਸ਼ਕਤੀ ਪੋਰਟਲ :ਜਨਵਰੀ 2025 ਵਿੱਚ ਮਿਸ਼ਨ ਸ਼ਕਤੀ ਪੋਰਟਲ (https://missionshakti.wcd.gov.in/) ਦੀ ਸ਼ੁਰੂਆਤ 23 ਮਾਰਚ, 2026 ਤੱਕ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ 2,428 ਸੁਰੱਖਿਆ ਅਧਿਕਾਰੀਆਂ ਦਾ ਵੇਰਵਾ ਪੋਰਟਲ 'ਤੇ ਅਪਡੇਟ।



## ਸਸ਼ਕਤ ਹੁੰਦੀਆਂ ਮਹਿਲਾਵਾਂ

**48%** ਤੋਂ ਵੱਧ ਸਟਾਰਟਅੱਪਸ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਡਾਇਰੈਕਟਰ।

- ਭਾਰਤ ਦੀ ਮਹਿਲਾ ਕ੍ਰਿਕੇਟ ਟੀਮ ਨੇ ਪਹਿਲੀ ਵਾਰ ਵਰਲਡ ਕੱਪ ਜਿੱਤਿਆ ਹੈ। ਇਸੇ ਤਰ੍ਹਾਂ ਬਲਾਇੰਡ ਵੂਮੈਨ ਕ੍ਰਿਕੇਟ ਟੀਮ ਨੇ ਵੀ ਵਰਲਡ ਕੱਪ ਜਿੱਤਿਆ।
- ਰਾਸ਼ਟਰੀ ਰੱਖਿਆ ਅਕਾਦਮੀ, ਯਾਨੀ NDA ਵਿੱਚ ਮਹਿਲਾ ਕੈਡੇਟਸ ਦਾ ਪਹਿਲਾ ਬੈਚ ਪਾਸ ਆਊਟ ਹੋਇਆ ਹੈ।




**ਪੀਐੱਚਡੀ ਵਿੱਚ ਮਹਿਲਾ ਰਿਸਰਚਰਾਂ ਦਾ ਨਾਮਾਂਕਣ 135.6% ਦੇ ਅਸਧਾਰਣ ਵਾਧੇ (2014-15 ਤੋਂ 2022-23 ਤੱਕ) ਨਾਲ ਦੁੱਗਣੇ ਤੋਂ ਜ਼ਿਆਦਾ ਵਧ ਗਿਆ, ਜਿਸ ਨਾਲ 64,724 ਵਾਧੂ ਮਹਿਲਾ ਰਿਸਰਚਰ ਜੁੜੀਆਂ।**



**ਕਰੀਬ 43%** ਤੱਕ ਪਹੁੰਚ ਗਈ ਹੈ ਮੈਥਸ ਅਤੇ ਸਾਇੰਸ ਦੀ ਪੜ੍ਹਾਈ ਯਾਨੀ STEM Education ਵਿੱਚ ਬੇਟੀਆਂ ਦੀ ਗਿਣਤੀ।

## ਖੁਸ਼ਹਾਲੀ ਦੀ ਜਯੋਤੀ : ਉੱਜਵਲਾ ਯੋਜਨਾ

**10.57** ਕਰੋੜ ਤੋਂ ਵੱਧ ਗੈਸ ਕਨੈਕਸ਼ਨ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਵਿੱਚ 1 ਮਾਰਚ, 2026 ਤੱਕ ਦਿੱਤੇ ਗਏ।

2 ਤੋਂ 3 ਘੰਟੇ ਹਰ ਰੋਜ਼ ਬਚ ਜਾਂਦੇ ਹਨ ਮਹਿਲਾਵਾਂ ਦੇ, ਜੋ ਪਹਿਲਾਂ ਉਨ੍ਹਾਂ ਨੂੰ ਚੁੱਲ੍ਹਾ ਜਲਾਉਣ ਦੇ ਸੰਸਾਧਨ ਇਕੱਠੇ ਕਰਨ ਵਿੱਚ ਲਗਦੇ ਸਨ। ਹੁਣ ਮਹਿਲਾਵਾਂ ਇਸ ਸਮੇਂ ਦੀ ਵਰਤੋਂ ਪੈਸਾ ਕਮਾਉਣ ਦੀਆਂ ਗਤੀਵਿਧੀਆਂ ਜਾਂ ਪਰਿਵਾਰ ਦੀ ਦੇਖਭਾਲ ਕਰਨ ਦੇ ਲਈ ਕਰਦੀਆਂ ਹਨ।



## ਬੇਟੀ ਬਚਾਓ ਬੇਟੀ ਪੜ੍ਹਾਓ (ਬੀਬੀਬੀਪੀ) ਯੋਜਨਾ

22 ਜਨਵਰੀ, 2015 ਨੂੰ ਹਰਿਆਣਾ ਦੇ ਪਾਨੀਪਤ ਵਿੱਚ ਸ਼ੁਰੂ ਕੀਤੀ ਗਈ ਬੇਟੀ ਬਚਾਓ ਬੇਟੀ ਪੜ੍ਹਾਓ (ਬੀਬੀਬੀਪੀ) ਯੋਜਨਾ ਦਾ ਇੱਕ ਦਹਾਕਾ ਪੂਰਾ।

**ਜਨਮ ਦੇ ਸਮੇਂ ਰਾਸ਼ਟਰੀ ਪੱਧਰ 'ਤੇ ਲਿੰਗ ਅਨੁਪਾਤ (ਪ੍ਰਤੀ 1,000 ਲੜਕੀਆਂ)**



| 918 | 929 |
|---|---|
| 2014-15 | 2024-25 |



**ਸੈਕੰਡਰੀ ਪੱਧਰ 'ਤੇ ਸਕੂਲਾਂ ਵਿੱਚ ਲੜਕੀਆਂ ਦੇ ਕੁੱਲ ਦਾਖਲੇ ਦਾ ਅਨੁਪਾਤ**

| | |
|---|---|
| 2014-15 | 75.51% |
| 2024-25 | 80.2% |

## ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ

**8,812** ਰਜਿਸਟਰਡ ਸਵੈ-ਇੱਛਾ ਕਰਮਚਾਰੀ

**22,349** ਪੀਐੱਮਐੱਸਐੱਮਏ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸੁਵਿਧਾਵਾਂ ਦੀ ਸੰਖਿਆ

## ਪ੍ਰਧਾਨ ਮੰਤਰੀ ਮਾਤ੍ਰਿ ਵੰਦਨਾ ਯੋਜਨਾ

ਇਹ ਸਮਾਜਿਕ ਅਤੇ ਆਰਥਿਕ ਤੌਰ 'ਤੇ ਵਾਂਝੀਆਂ ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਤਾਵਾਂ ਨੂੰ ਪਹਿਲੇ ਬੱਚੇ ਦੇ ਲਈ 5,000 ਰੁਪਏ (ਨਾਲ ਹੀ ਜਨਨੀ ਸੁਰਕਸ਼ਾ ਯੋਜਨਾ ਪ੍ਰੋਤਸਾਹਨ, ਔਸਤਨ 6,000 ਰੁਪਏ) ਅਤੇ ਦੂਜੇ ਬੱਚੇ (ਜੇਕਰ ਲੜਕੀ ਹੋਵੇ) ਦੇ ਲਈ 6,000 ਰੁਪਏ ਦਾ ਮਾਤ੍ਰਿਤਵ ਲਾਭ ਪ੍ਰਦਾਨ ਕਰਦੀ ਹੈ।



**4.28** ਕਰੋੜ ਮਹਿਲਾਵਾਂ ਨੂੰ ਮਿਲਿਆ ਲਾਭ।

**4.92** ਕਰੋੜ ਮਹਿਲਾਵਾਂ ਰਜਿਸਟਰਡ।

**20,150** ਕਰੋੜ ਕੁੱਲ ਰਾਸ਼ੀ ਦਾ ਭੁਗਤਾਨ।

## ਸੁਕੰਨਿਆ ਸਮ੍ਰਿੱਧੀ ਯੋਜਨਾ ਲੜਕੀਆਂ ਦਾ ਸਸ਼ਕਤੀਕਰਣ

- 22 ਜਨਵਰੀ 2015 ਨੂੰ ਸਰਕਾਰ ਦੀ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਦੇ ਤਹਿਤ ਸੁਕੰਨਿਆ ਸਮ੍ਰਿੱਧੀ ਯੋਜਨਾ ਸ਼ੁਰੂ ਕੀਤੀ ਗਈ ਜਿਸ ਦੀ ਵਿਆਜ ਦਰ 8.2% ਹੈ।
- 4.6 ਕਰੋੜ ਤੋਂ ਵੱਧ ਖਾਤੇ ਖੋਲ੍ਹੇ ਜਾ ਚੁੱਕੇ ਹਨ ਸ਼ੁਰੂ ਤੋਂ ਹੁਣ ਤੱਕ ਅਤੇ ਕੁੱਲ ਜਮ੍ਹਾਂ ਰਾਸ਼ੀ 3.33 ਲੱਖ ਕਰੋੜ ਰੁਪਏ ਤੋਂ ਵੱਧ ਹੈ।

*ਅੱਜ ਵਿਕਸਿਤ ਭਾਰਤ ਦੀ ਸਾਡੀ ਯਾਤਰਾ ਵਿੱਚ ਮਹਿਲਾਵਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਮੈਨੂੰ ਸੰਤੋਸ਼ ਹੈ ਕਿ 2014 ਵਿੱਚ, ਤੁਸੀਂ ਸਾਰੇ ਦੇਸ਼ਵਾਸੀਆਂ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ, ਸਾਡੀ ਸਰਕਾਰ ਨੇ ਮਹਿਲਾਵਾਂ ਦੇ ਜੀਵਨ ਚੱਕਰ ਦੇ ਹਰ ਪੜਾਅ ਦੇ ਲਈ ਯੋਜਨਾਵਾਂ ਬਣਾਈਆਂ, ਉਨ੍ਹਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ।*

**–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


# ਭਾਰਤ ਦਾ ਝੰਡਾ ਲਹਿਰਾਉਣ ਵਾਲੇ ਸਾਰਥੀ

*ਇਹੀ ਸਮਾਂ ਹੈ, ਸਹੀ ਸਮਾਂ ਹੈ, ਭਾਰਤ ਦਾ ਅਨਮੋਲ ਸਮਾਂ ਹੈ... ਯੁਵਾ ਪੀੜ੍ਹੀ ਨੂੰ ਸਮਰਪਿਤ ਵਿਕਸਿਤ ਭਾਰਤ ਦਾ ਇਹ ਮੰਤਰ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਦਾ ਯੁਵਾ ਆਪਣੀਆਂ ਇੱਛਾਵਾਂ ਨੂੰ ਨਵੀਂ ਉਡਾਣ ਦੇਣ ਲਈ ਤਿਆਰ ਹੈ। ਇਹੀ ਕਾਲਖੰਡ ਹੈ ਜਦੋਂ ਭਾਰਤ ਦੁਨੀਆ ਦਾ ਸਭ ਤੋਂ ਯੁਵਾ ਦੇਸ਼ ਹੈ। ਇਸ ਲਈ ਬੀਤੇ 12 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਦੀ ਦੂਰਦ੍ਰਿਸ਼ਟੀ ਨਾਲ ਯੁਵਾ ਸ਼ਕਤੀ ਦੀ ਸਮਰੱਥਾ ਨੂੰ ਨਵੀਂ ਪਛਾਣ ਮਿਲੀ ਹੈ ਅਤੇ ਭਾਰਤ ਦੇ ਗਿਆਨ - ਵਿਗਿਆਨ ਅਤੇ ਕਲਾਤਮਕ ਪ੍ਰਾਪਤੀ ਦਾ ਪ੍ਰਤੀਕ ਬਣ ਗਈ ਹੈ ਨਵੇਂ ਭਾਰਤ ਦੀ 'ਅੰਮ੍ਰਿਤ ਪੀੜ੍ਹੀ'...*

## ਸਟਾਰਟਅੱਪਸ

**2.23 ਲੱਖ** ਤੋਂ ਵੱਧ ਸਟਾਰਟਅੱਪ, 23.36 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਈਆਂ। ਫੰਡਿੰਗ, ਕ੍ਰੈਡਿਟ ਸਹਾਇਤਾ ਅਤੇ ਜਨਤਕ ਖਰੀਦ ਵਿੱਚ ਦੇਖਿਆ ਗਿਆ ਮਜ਼ਬੂਤ ਵਾਧਾ।

- 2014 ਵਿੱਚ ਭਾਰਤ ਵਿੱਚ ਸਿਰਫ਼ 4 ਯੂਨੀਕੌਰਨ ਸਨ, ਅੱਜ ਭਾਰਤ ਵਿੱਚ 127 ਐਕਟਿਵ ਯੂਨੀਕੌਰਨ ਹਨ।



**55,200** ਤੋਂ ਵੱਧ ਸਟਾਰਟਅੱਪਸ ਨੂੰ ਮਾਨਤਾ ਦਿੱਤੀ ਸਰਕਾਰ ਨੇ ਵਿੱਤੀ ਵਰ੍ਹੇ 2025-26 ਦੇ ਦੌਰਾਨ ਜੋ ਇਸ ਪਹਿਲ ਦੀ ਸ਼ੁਰੂਆਤ ਤੋਂ ਬਾਅਦ ਤੋਂ ਇੱਕ ਵਰ੍ਹੇ ਵਿੱਚ ਸਭ ਤੋਂ ਵੱਧ।

## ਪ੍ਰਧਾਨ ਮੰਤਰੀ ਮੁਦਰਾ ਯੋਜਨਾ (ਪੀਐੱਮਐੱਮਵਾਈ)

**57.79**

- ਕਰੋੜ ਲੋਨ ਵਿੱਚ 40.07 ਲੱਖ ਕਰੋੜ ਰੁਪਏ ਤੋਂ ਵੱਧ ਦੀ ਵੰਡ ਕੀਤੀ ਗਈ ਪੀਐੱਮਐੱਮਵਾਈ ਵਿੱਚ 11 ਵਰ੍ਹਿਆਂ ਦੇ ਦੌਰਾਨ। ਇਸ ਨਾਲ ਲਘੂ ਅਤੇ ਸੂਖਮ ਉੱਦਮਾਂ ਦੇ ਲਈ ਲੋਨ ਈਕੋਸਿਸਟਮ ਮਜ਼ਬੂਤ ਹੋਇਆ।



- ਮੁਦਰਾ ਯੋਜਨਾ ਗੈਰ-ਕਾਰਪੋਰੇਟ ਅਤੇ ਗੈਰ-ਖੇਤੀਬਾੜੀ ਆਮਦਨ ਸਿਰਜਣ ਗਤੀਵਿਧੀਆਂ ਦੇ ਲਈ 20 ਲੱਖ ਰੁਪਏ ਤੱਕ ਦੇ ਬਿਨਾ ਗਰੰਟੀ ਵਾਲੇ ਸੰਸਥਾਗਤ ਲੋਨ ਤੱਕ ਨਿਰਵਿਘਨ ਪਹੁੰਚ ਨੂੰ ਸਰਲ ਬਣਾਉਂਦੀ ਹੈ।



## ਸਿੱਖਿਆ ਸੰਸਥਾਨਾਂ ਦੀ ਵਧੀ ਸੰਖਿਆ

**2014 ਤੋਂ ਲੈ ਕੇ ਹੁਣ ਤੱਕ**

- 16 ਤੋਂ ਵਧ ਕੇ 23 ਹੋਈ ਆਈਆਈਟੀ ਦੀ ਗਿਣਤੀ।
- 13 ਤੋਂ ਵਧ ਕੇ 21 ਹੋਈ ਆਈਆਈਐੱਮ ਦੀ ਗਿਣਤੀ।




**23** ਹੋਈ 7 ਤੋਂ ਵਧ ਕੇ ਏਮਸ ਦੀ ਗਿਣਤੀ।

- 387 ਤੋਂ ਵਧ ਕੇ 818 ਹੋਈ ਮੈਡੀਕਲ ਕਾਲਜਾਂ ਦੀ ਗਿਣਤੀ।
- ਦੋ ਅੰਤਰਰਾਸ਼ਟਰੀ ਕੈਂਪਸ ਆਈਆਈਟੀ ਦੇ ਜ਼ੰਜੀਬਾਰ ਅਤੇ ਅਬੂਧਾਬੀ ਵਿੱਚ।

## ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀਐੱਮਕੇਵੀਵਾਈ)

**35** ਤੋਂ ਵੱਧ ਖੇਤਰਾਂ ਵਿੱਚ ਕੁੱਲ 1.64 ਕਰੋੜ ਉਮੀਦਵਾਰਾਂ ਨੂੰ ਟ੍ਰੇਂਡ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀਐੱਮਕੇਵੀਵਾਈ) ਦੇ ਤਹਿਤ।

**3,15,014**


ਉਮੀਦਵਾਰਾਂ ਨੂੰ ਨਿਰਮਾਣ, ਟੈਲੀਕਮਿਊਨੀਕੇਸ਼ਨ, ਹੈਲਥ ਕੇਅਰ ਸੈਕਟਰਾਂ ਅਤੇ ਕਰੀਅਰ ਅਤੇ ਐਜੂਕੇਸ਼ਨ ਕਾਉਂਸਲਰਾਂ ਦੇ ਅਹੁਦਿਆਂ ਲਈ ਟ੍ਰੇਂਡ ਕੀਤਾ ਗਿਆ ਹੈ।



# 12 ਵਰ੍ਹਿਆਂ ਵਿੱਚ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੇ ਲਈ ਪੂਰੀ ਲਗਨ ਨਾਲ ਕੰਮ

**12**

**ਲੱਖ ਤੋਂ ਵੱਧ ਨੌਕਰੀਆਂ ਰੁਜ਼ਗਾਰ ਮੇਲਿਆਂ ਦੇ ਜ਼ਰੀਏ ਮਿਲੀਆਂ।**





**10,000** ਤੋਂ ਵੱਧ ਅਟਲ ਟਿੰਕਰਿੰਗ ਲੈਬ ਯੂਨੀਵਰਸਿਟੀਆਂ ਵਿੱਚ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਨਾਲ 1.1 ਕਰੋੜ ਤੋਂ ਵੱਧ ਵਿਦਿਆਰਥੀ ਜੁੜੇ ਹੋਏ ਹਨ।


- 3 ਦਹਾਕਿਆਂ ਤੋਂ ਬਾਅਦ ਲਾਗੂ ਹੋਈ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020।
- ਭਾਰਤ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਯੁਵਾ ਆਬਾਦੀ ਹੈ, ਜਿਸ ਵਿੱਚ ਲਗਭਗ 65% ਲੋਕ 35 ਵਰ੍ਹਿਆਂ ਤੋਂ ਘੱਟ ਉਮਰ ਦੇ ਹਨ।
- ਨਵੀਂ ਦਿੱਲੀ ਸਥਿਤ ਭਾਰਤ ਮੰਡਪਮ ਵਿਖੇ 9 ਤੋਂ 12 ਜਨਵਰੀ 2026 ਤੱਕ ਰਾਸ਼ਟਰੀ ਯੁਵਾ ਮਹੋਤਸਵ (ਐੱਨਵਾਈਐੱਫ) 2026 ਦਾ ਆਯੋਜਨ।
- ਪੀਐੱਮ ਸ਼੍ਰੀ (ਉਭਰ ਰਹੇ ਭਾਰਤ ਦੇ ਲਈ ਪੀਐੱਮ ਸਕੂਲ) - ਐੱਨਈਪੀ ਮਾਡਲ ਸੰਸਥਾਨਾਂ ਦੇ ਰੂਪ ਵਿੱਚ ਆਧੁਨਿਕ ਬਣਾਉਣ ਲਈ ਸੈਂਟਰਲ ਸਪਾਂਸਰਡ ਸਕੀਮ।
- 15 ਅਗਸਤ, 2025 ਨੂੰ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਲਾਗੂ ਹੋਈ। ਇਹ ਕਰੀਬ ਸਾਢੇ ਤਿੰਨ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰੇਗੀ।

> *ਭਾਰਤ ਦੇ ਨੌਜਵਾਨਾਂ ਨੇ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾਈ ਹੈ। ਸਾਡੀ ਯੁਵਾ ਸ਼ਕਤੀ ਗਤੀਸ਼ੀਲਤਾ, ਨਵੀਨਤਾ ਅਤੇ ਦ੍ਰਿੜ੍ਹ ਸੰਕਲਪ ਦਾ ਪ੍ਰਤੀਕ ਹੈ। ਸਾਡੇ ਨੌਜਵਾਨਾਂ ਨੇ ਬੇਜੋੜ ਊਰਜਾ ਅਤੇ ਦ੍ਰਿੜ੍ਹ ਵਿਸ਼ਵਾਸ ਨਾਲ ਭਾਰਤ ਦੇ ਵਿਕਾਸ ਨੂੰ ਅੱਗੇ ਵਧਾਇਆ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਖੇਲੋ ਇੰਡੀਆ

**27,500** **ਤੋਂ ਵੱਧ ਐਥਲੀਟਸ ਲੈ ਰਹੇ ਹਨ ਖੇਲੋ ਇੰਡੀਆ ਕੇਂਦਰਾਂ 'ਤੇ ਟ੍ਰੇਨਿੰਗ।**






## ਅਗਨੀਪਥ ਯੋਜਨਾ

- 15 ਜੂਨ, 2022 ਨੂੰ ਸਰਕਾਰ ਨੇ ਅਗਨੀਪਥ ਯੋਜਨਾ ਸ਼ੁਰੂ ਕੀਤੀ। ਇਸ ਯੋਜਨਾ ਦੇ ਤਹਿਤ, ਪੁਰਸ਼ ਅਤੇ ਮਹਿਲਾ ਦੋਵੇਂ ਉਮੀਦਵਾਰਾਂ ਨੂੰ ਤਿੰਨੋਂ ਸੇਵਾਵਾਂ ਵਿੱਚ 'ਅਧਿਕਾਰੀ ਰੈਂਕ ਤੋਂ ਹੇਠਾਂ' ਦੇ ਕੈਡਰ ਵਿੱਚ ਚਾਰ ਸਾਲ ਦੀ ਮਿਆਦ ਦੇ ਲਈ ਅਗਨੀਵੀਰ ਦੇ ਰੂਪ ਵਿੱਚ ਭਰਤੀ ਕੀਤਾ ਜਾਂਦਾ ਹੈ।

**17.5** ਤੋਂ 21 ਸਾਲ ਦੇ ਨੌਜਵਾਨਾਂ ਨੂੰ ਚਾਰ ਵਰ੍ਹਿਆਂ ਦੀ ਸੈਨਿਕ ਸੇਵਾ ਦੇ ਲਈ ਅਗਨੀਵੀਰ ਦੇ ਰੂਪ ਵਿੱਚ ਭਰਤੀ ਕਰਨਾ ਇਸ ਪ੍ਰੋਗਰਾਮ ਦਾ ਟੀਚਾ।

**46,000** ਦੇ ਪਹਿਲੇ ਬੈਚ ਨੇ 2023 ਵਿੱਚ ਆਪਣੀ ਪਹਿਲੀ ਟ੍ਰੇਨਿੰਗ ਪੂਰੀ ਕੀਤੀ। ਉਨ੍ਹਾਂ ਨੂੰ ਅਨੁਸ਼ਾਸਨ, ਅਗਵਾਈ ਅਤੇ ਤਕਨੀਕੀ ਕੌਸ਼ਲ ਦੇ ਨਾਲ-ਨਾਲ ਸੇਵਾ ਫੰਡ ਪੈਕੇਜ ਅਤੇ ਸੇਵਾ ਤੋਂ ਬਾਅਦ ਰੁਜ਼ਗਾਰ ਵਿੱਚ ਤਰਜੀਹ ਮਿਲੀ।



# ਹਾਸ਼ੀਏ 'ਤੇ ਪਏ ਲੋਕਾਂ ਨੂੰ ਤਰਜੀਹ, ਸੁਸ਼ਾਸਨ ਦੀ ਪਛਾਣ

*ਅੱਜ ਦੇਸ਼ ਵਿੱਚ ਬਰਾਬਰ ਭਾਵਨਾ ਨਾਲ ਕੰਮ ਹੋ ਰਿਹਾ ਹੈ ਜਿਸ ਨਾਲ ਬੀਤੇ 12 ਵਰ੍ਹਿਆਂ ਵਿੱਚ ਲਾਭਪਾਤਰੀਆਂ ਦਾ ਇੱਕ ਵੱਡਾ ਵਰਗ ਤਿਆਰ ਹੋਇਆ ਹੈ। 2014 ਤੋਂ ਪਹਿਲਾਂ, ਸਮਾਜ ਦੇ ਇੱਕ ਵੱਡੇ ਵਰਗ ਨੂੰ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਰੱਖਿਆ ਗਿਆ ਸੀ। ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ੁਰੂਆਤ ਵਿੱਚ ਹੀ ਹਾਸ਼ੀਏ 'ਤੇ ਪਏ ਲੋਕਾਂ ਨੂੰ ਤਰਜੀਹ ਦਾ ਸਿਧਾਂਤ ਅਪਣਾ ਕੇ ਵਧਣਾ ਸ਼ੁਰੂ ਕੀਤਾ। ਪਹਿਲੀ ਵਾਰ ਕੋਈ ਸਰਕਾਰ ਖੁਦ ਚੱਲ ਕੇ ਉਨ੍ਹਾਂ ਲੋਕਾਂ ਤੱਕ ਪਹੁੰਚੀ, ਜਿਨ੍ਹਾਂ ਨੂੰ ਦਹਾਕਿਆਂ ਤੱਕ ਯੋਜਨਾਵਾਂ ਅਤੇ ਸਹੂਲਤਾਂ ਦਾ ਲਾਭ ਨਹੀਂ ਮਿਲਿਆ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਜਿਨ੍ਹਾਂ ਤੱਕ ਕੋਈ ਨਹੀਂ ਪਹੁੰਚਿਆ, ਮੋਦੀ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਸਨਮਾਨਜਨਕ ਜੀਵਨ ਪੱਧਰ ਮਿਲਣ ਨਾਲ ਉਹ ਲੋਕ ਵੀ ਰਾਸ਼ਟਰ ਦੇ ਵਿਕਾਸ ਵਿੱਚ ਦੇ ਰਹੇ ਹਨ ਯੋਗਦਾਨ...*

## ਕਬਾਇਲੀ ਵਿਰਾਸਤ ਨੂੰ ਹੁਲਾਰਾ



**728** ਏਕਲਵਯ ਮਾਡਲ ਰਿਹਾਇਸ਼ੀ ਸਕੂਲਾਂ ਨੂੰ ਕਬਾਇਲੀ ਮਾਮਲੇ ਮੰਤਰਾਲਾ ਨੇ ਮਨਜ਼ੂਰੀ ਪ੍ਰਦਾਨ ਕੀਤੀ ਹੈ, ਜਿਨ੍ਹਾਂ ਵਿੱਚੋਂ 428 ਸਕੂਲ ਭਵਨਾਂ ਦਾ ਨਿਰਮਾਣ ਪੂਰਾ ਹੋ ਚੁੱਕਿਆ ਹੈ, 249 ਨਿਰਮਾਣ ਅਧੀਨ ਹਨ ਅਤੇ 46 ਪੂਰਵ- ਨਿਰਮਾਣ ਪੜਾਅ ਅਧੀਨ ਹਨ।

- ਵਰ੍ਹੇ 2021 ਵਿੱਚ ਕਬਾਇਲੀ ਸੁਤੰਤਰਤਾ ਸੈਨਾਨੀ ਬਿਰਸਾ ਮੁੰਡਾ ਦੀ ਜਯੰਤੀ ਦੇ ਮੌਕੇ 15 ਨਵੰਬਰ ਜਨਜਾਤੀਯ ਗੌਰਵ ਦਿਵਸ ਵਜੋਂ ਐਲਾਨਿਆ।



**11**

ਕਬਾਇਲੀ ਸੁਤੰਤਰਤਾ ਸੈਨਾਨੀ ਮਿਊਜ਼ੀਅਮਾਂ ਨੂੰ ਮਨਜ਼ੂਰੀ। ਹੁਣ ਤੱਕ 4 ਮਿਊਜ਼ੀਅਮ 3 ਰਾਜਾਂ ਵਿੱਚ ਸਥਾਪਿਤ। ਜਿਨ੍ਹਾਂ ਵਿੱਚ ਝਾਰਖੰਡ ਵਿੱਚ 1, ਛੱਤੀਸਗੜ੍ਹ ਵਿੱਚ 1 ਅਤੇ ਮੱਧ ਪ੍ਰਦੇਸ਼ ਵਿੱਚ 2 ਮਿਊਜ਼ੀਅਮ। ਬਾਕੀ 7 'ਤੇ ਕੰਮ ਜਾਰੀ।


## ਹਾਸ਼ੀਏ 'ਤੇ ਪਏ ਲੋਕਾਂ ਨੂੰ ਮਿਲ ਰਿਹਾ ਸਹੂਲਤਾਂ ਦਾ ਲਾਭ

- 13 ਮਾਰਚ, 2024 ਨੂੰ ਪ੍ਰਧਾਨ ਮੰਤਰੀ ਮੋਦੀ ਨੇ ਪ੍ਰਧਾਨ ਮੰਤਰੀ ਸਮਾਜਿਕ ਉਥਾਨ ਏਵਮ ਰੁਜ਼ਗਾਰ ਅਧਾਰਿਤ ਜਨ ਕਲਿਆਣ (ਪੀਐੱਮ-ਸੂਰਜ) ਰਾਸ਼ਟਰੀ ਪੋਰਟਲ ਦਾ ਉਦਘਾਟਨ ਕੀਤਾ। ਇਹ ਪੋਰਟਲ ਹਾਸ਼ੀਏ 'ਤੇ ਪਏ ਵਰਗਾਂ ਨੂੰ ਲੋਨ ਸਹਾਇਤਾ ਦੇ ਲਈ ਤਰਜੀਹ ਦੇਣ ਦੀ ਵਚਨਬੱਧਤਾ ਦਾ ਪ੍ਰਤੀਕ।



**1.15** ਕਰੋੜ ਰੇਹੜੀ-ਪਟੜੀ ਵਿਕ੍ਰੇਤਾਵਾਂ ਨੂੰ ਲਾਭ ਪ੍ਰਦਾਨ ਕਰਨ ਦਾ ਹੈ ਪੁਨਰ-ਗਠਿਤ ਪੀਐੱਮ ਸਵਨਿਧੀ ਯੋਜਨਾ ਦੇ ਤਹਿਤ ਟੀਚਾ। 74.90 ਲੱਖ ਲਾਭਪਾਤਰੀਆਂ ਨੂੰ ਮਿਲ ਚੁੱਕਿਆ ਹੈ ਲੋਨ। 31 ਮਾਰਚ, 2030 ਤੱਕ ਵਧਾਈ ਗਈ ਲੋਨ ਵੰਡ ਦੀ ਮਿਆਦ।

- 60 ਕਰੋੜ ਤੋਂ ਵੱਧ ਲੋਕਾਂ ਦੇ ਜੀਵਨ ਪੱਧਰ ਨੂੰ ਠੋਸ ਨੀਤੀਆਂ ਤੋਂ ਉੱਪਰ ਚੁੱਕਣ ਅਤੇ 25 ਕਰੋੜ ਲੋਕਾਂ ਨੂੰ ਗ਼ਰੀਬੀ ਰੇਖਾ ਤੋਂ ਉੱਪਰ ਲਿਆਉਣ ਦਾ ਕੰਮ ਵੀ ਹੋਇਆ।
- 31.65 ਕਰੋੜ ਤੋਂ ਵੱਧ ਈ-ਸ਼੍ਰਮ ਕਾਰਡ ਜਾਰੀ ਕੀਤੇ ਗਏ। ਇਸ ਵਿੱਚ ਹੁਣ ਤੱਕ 14 ਸਮਾਜਿਕ ਯੋਜਨਾਵਾਂ ਸ਼ਾਮਲ।
- ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨੇ 24 ਫਰਵਰੀ 2025 ਨੂੰ ਅਧਿਕਾਰਤ ਤੌਰ 'ਤੇ ਈ-ਸ਼੍ਰਮ ਮੋਬਾਈਲ ਐਪਲੀਕੇਸ਼ਨ ਲਾਂਚ ਕੀਤੀ।
- ਵਰ੍ਹੇ 2018 ਵਿੱਚ 102ਵੀਂ ਸੰਵਿਧਾਨ ਸੋਧ ਨਾਲ ਪਿਛੜੇ ਵਰਗ ਦੇ ਨੈਸ਼ਨਲ ਕਮਿਸ਼ਨ ਨੂੰ ਸੰਵਿਧਾਨਿਕ ਦਰਜਾ ਦਿੱਤਾ ਗਿਆ।
- ਵਿੱਤੀ ਵਰ੍ਹੇ 2025-26 ਵਿੱਚ 75 ਲੱਖ ਤੋਂ ਵੱਧ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 7,981.47 ਕਰੋੜ ਰੁਪਏ ਵੰਡੇ ਗਏ ਹਨ, ਜਿਸ ਵਿੱਚ ਮੁੱਖ ਸਕਾਲਰਸ਼ਿਪ ਸਕੀਮਾਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ।
- ਕੇਂਦਰੀ ਬਜਟ 2026- 27 ਵਿੱਚ ਦਿਵਯਾਂਗਜਨਾਂ ਦੇ ਲਈ ਦਿਵਯਾਂਗ ਕੌਸ਼ਲ ਯੋਜਨਾ ਅਤੇ ਦਿਵਯਾਂਗ ਸਹਾਰਾ ਯੋਜਨਾ ਦਾ ਐਲਾਨ।



## ਪ੍ਰਧਾਨ ਮੰਤਰੀ ਸਹਜ ਬਿਜਲੀ ਹਰ ਘਰ ਯੋਜਨਾ

ਦੇਸ਼ ਭਰ ਵਿੱਚ 2.86 ਕਰੋੜ ਘਰਾਂ ਦਾ ਇਲੈਕਟ੍ਰੀਫਿਕੇਸ਼ਨ ਕੀਤਾ ਗਿਆ। ਸਾਰੇ ਰਾਜਾਂ ਨੇ 31 ਮਾਰਚ, 2019 ਤੋਂ ਪਹਿਲਾਂ ਚੁਣੇ ਗਏ ਸਾਰੇ ਇੱਛੁਕ ਨੌਨ-ਇਲੈਕਟ੍ਰੀਫਾਈਡ ਪਰਿਵਾਰਾਂ ਦੇ ਘਰ 100% ਇਲੈਕਟ੍ਰੀਫਾਈਡ ਕੀਤੇ ਗਏ।

## ਲੇਬਰ ਕੋਡਸ

ਚਾਰ ਲੇਬਰ ਕੋਡਸ–ਕੋਡ ਆਫ ਵੇਜ਼ਿਜ 2019, ਇੰਡਸਟ੍ਰੀਅਲ ਰਿਲੇਸ਼ਨਜ਼ ਕੋਡ 2020, ਕੋਡ ਆਫ ਸੋਸ਼ਲ ਸਕਿਓਰਿਟੀ 2020 ਅਤੇ ਕਿੱਤਾਮੁਖੀ ਸੁਰੱਖਿਆ, ਸਿਹਤ ਅਤੇ ਕੰਮ ਕਰਨ ਦੀਆਂ ਸਥਿਤੀਆਂ ਕੋਡ, 2020 ਨੂੰ 21 ਨਵੰਬਰ 2025 ਤੋਂ ਲਾਗੂ ਕਰਨ ਦਾ ਐਲਾਨ। ਇਸ ਨੂੰ 29 ਮੌਜੂਦਾ ਕਿਰਤ ਕਾਨੂੰਨਾਂ ਦੇ ਸਥਾਨ ‘ਤੇ ਲਾਗੂ ਕੀਤਾ ਗਿਆ।





## ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਦੀਆਂ ਪ੍ਰਾਪਤੀਆਂ

ਲਗਭਗ 30 ਲੱਖ ਕਾਰੀਗਰ ਅਤੇ ਸ਼ਿਲਪਕਾਰ ਰਜਿਸਟਰਡ।

**4,78,020**

ਲੋਕਾਂ ਨੂੰ 41,188 ਕਰੋੜ ਰੁਪਏ ਦਾ ਲੋਨ ਮਨਜ਼ੂਰ।

**26,36,865**

**ਕਾਰੀਗਰਾਂ ਦੀ ਬੇਸਿਕ ਟ੍ਰੇਨਿੰਗ ਅਤੇ ਸਕਿੱਲ ਵੈਰੀਫਿਕੇਸ਼ਨ ਵੀ ਪੂਰੀ ਹੋਈ।**

**23,69,249**

ਈ- ਵਾਉਚਰ ਜਾਰੀ ਕੀਤੇ ਗਏ।

## ਵਿਕਸਿਤ ਭਾਰਤ –ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਗਰੰਟੀ (ਵਿਕਸਿਤ ਭਾਰਤ ਜੀ ਰਾਮ ਜੀ) ਐਕਟ, 2025

- ਇਸ ਦੇ ਤਹਿਤ ਹਰੇਕ ਗ੍ਰਾਮੀਣ ਪਰਿਵਾਰ ਨੂੰ ਪ੍ਰਤੀ ਵਿੱਤੀ ਵਰ੍ਹੇ ਵਿੱਚ ਘੱਟ ਤੋਂ ਘੱਟ 125 ਦਿਨਾਂ ਦੀ ਮਜ਼ਦੂਰੀ ਰੁਜ਼ਗਾਰ ਦੀ ਗਰੰਟੀ, ਜੋ ਪਹਿਲਾਂ 100 ਦਿਨਾਂ ਦੀ ਸੀ।



“

*ਮੇਰੇ ਲਈ ਤਾਂ ਜੋ ਗ਼ਰੀਬ ਹਨ, ਵੰਚਿਤ ਹਨ, ਜਿਨ੍ਹਾਂ ਦੇ ਲਈ ਸਰਕਾਰੀ ਦਫ਼ਤਰਾਂ ਦੇ ਦਰਵਾਜ਼ੇ ਤੱਕ ਬੰਦ ਸਨ, ਜਿਨ੍ਹਾਂ ਨੂੰ ਕੋਈ ਨਹੀਂ ਪੁੱਛਦਾ ਸੀ, ਉਨ੍ਹਾਂ ਨੂੰ ਮੋਦੀ ਸਭ ਤੋਂ ਪਹਿਲਾਂ ਪੁੱਛਦਾ ਹੈ। ਮੋਦੀ ਪੁੱਛਦਾ ਹੀ ਹੈ ਅਜਿਹਾ ਨਹੀਂ, ਮੋਦੀ ਸਤਿਕਾਰਦਾ ਵੀ ਹੈ। ਮੇਰੇ ਲਈ ਤਾਂ ਦੇਸ਼ ਦਾ ਹਰ ਗ਼ਰੀਬ ਵੀਆਈਪੀ ਹੈ। ਦੇਸ਼ ਦੀ ਹਰ ਮਾਤਾ- ਭੈਣ- ਬੇਟੀ ਮੇਰੇ ਲਈ ਵੀਆਈਪੀ ਹੈ। ਦੇਸ਼ ਦਾ ਹਰ ਕਿਸਾਨ ਵੀਆਈਪੀ ਹੈ। ਦੇਸ਼ ਦਾ ਹਰ ਨੌਜਵਾਨ ਵੀਆਈਪੀ ਹੈ।*

**–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

# ਆਤਮਨਿਰਭਰ ਭਾਰਤ ਦਾ ਅਧਾਰ

*ਆਤਮਨਿਰਭਰ ਖੇਤੀਬਾੜੀ, ਆਤਮਨਿਰਭਰ ਭਾਰਤ ਦਾ ਮੂਲ ਅਧਾਰ ਹੈ। ਸ਼੍ਰੀਅੰਨ ਨੂੰ ਦੁਨੀਆ ਵਿੱਚ ਥਾਂ ਦਿਵਾਉਣੀ ਹੋਵੇ ਜਾਂ ਕਿਸਾਨਾਂ ਨੂੰ ਲਾਗਤ ਤੋਂ ਡੇਢ ਗੁਣਾ ਕੀਮਤ ਦਿਵਾਉਣ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਵਧਾਉਣਾ ਹੋਵੇ ਜਾਂ ਫਿਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ, ਇਹ ਵਾਅਦਾ ਨਹੀਂ, ਸਰਕਾਰ ਦਾ ਸੰਕਲਪ ਹੈ। ਬੀਤੇ 12 ਵਰ੍ਹਿਆਂ ਵਿੱਚ ਖੇਤੀਬਾੜੀ ਨੂੰ ਉਦਯੋਗ ਦੀ ਤਰ੍ਹਾਂ ਵਿਕਸਿਤ ਕਰਨ ਦੀ ਨੀਤੀ ਅਤੇ ਪਹਿਲਕਦਮੀ ਨੇ ਕਿਸਾਨਾਂ ਦੇ ਲਈ ਆਰਥਿਕ ਸਸ਼ਕਤੀਕਰਣ ਦਾ ਰਾਹ ਬਣਾਇਆ ਹੈ। ਅਜਿਹੇ ਖੇਤਰ ਜਿਸ ਲਈ ਅਸੀਂ ਆਯਾਤ 'ਤੇ ਨਿਰਭਰ ਸਨ, ਉਸ ਦੀ ਪਛਾਣ ਕਰਕੇ ਆਤਮਨਿਰਭਰਤਾ ਦੀ ਦਿਸ਼ਾ ਵਿੱਚ ਕਦਮ ਵਧਾਇਆ ਹੈ, ਤਾਂ ਜੋ ਕਿਸਾਨ ਹੋਵੇ ਸਸ਼ਕਤ, ਰਾਸ਼ਟਰ ਹੋਵੇ ਖੁਸ਼ਹਾਲ...*

**1,656**

**ਮੰਡੀਆਂ ਦਾ ਏਕੀਕਰਣ ਮਾਰਚ 2026 ਤੱਕ 23 ਰਾਜਾਂ ਅਤੇ 4 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕੀਤਾ ਗਿਆ।**

ਨਾਲ ਹੀ

**1.80 ਕਰੋੜ**

ਤੋਂ ਵੱਧ ਕਿਸਾਨ, 2.73 ਲੱਖ ਵਪਾਰੀ ਅਤੇ 4,724 ਕਿਸਾਨ-ਉਤਪਾਦਕ ਸੰਗਠਨ ਈਐੱਨਏਐੱਮ ਪਲੈਟਫਾਰਮ 'ਤੇ ਰਜਿਸਟਰਡ ਹੋਏ।

- 2016 ਤੋਂ ਮਾਰਚ 2026 ਦੇ ਵਿੱਚ 13.25 ਕਰੋੜ ਮੀਟ੍ਰਿਕ ਟਨ ਦਾ ਵਪਾਰ ਦਰਜ ਕੀਤਾ ਗਿਆ, ਜਿਸ ਦਾ ਕੁੱਲ ਮੁੱਲ 4.84 ਲੱਖ ਕਰੋੜ ਰੁਪਏ ਸੀ।
- ਵਪਾਰ ਮੁੱਲ 2024 ਵਿੱਚ 3.19 ਲੱਖ ਕਰੋੜ ਰੁਪਏ ਤੋਂ ਵਧ ਕੇ 2026 ਵਿੱਚ 4.84 ਲੱਖ ਕਰੋੜ ਰੁਪਏ ਹੋ ਗਿਆ, ਜੋ ਵਧਦੇ ਪੈਮਾਨੇ ਅਤੇ ਡੂੰਘੇ ਬਜ਼ਾਰ ਜੁੜਾਅ ਨੂੰ ਦਰਸਾਉਂਦਾ ਹੈ।
- ਮਾਰਚ 2026 ਤੱਕ, 204.76 ਲੱਖ ਮੀਟ੍ਰਿਕ ਟਨ ਖੇਤੀਬਾੜੀ ਉਪਜ ਦਾ ਵਪਾਰ ਹੋਇਆ, ਜੋ ਨਿਰੰਤਰ ਸੰਚਾਲਨ ਗਤੀ ਨੂੰ ਦਰਸਾਉਂਦਾ ਹੈ।
- ਈ-ਐੱਨਏਐੱਮ ਐਪ ਦੇ ਜ਼ਰੀਏ ਮੋਬਾਈਲ-ਅਧਾਰਿਤ ਮੁੱਲ ਸੂਚਨਾ ਸੇਵਾਵਾਂ ਦੇ ਤਹਿਤ 247 ਵਸਤੂਆਂ ਨੂੰ ਸ਼ਾਮਲ ਕੀਤਾ ਗਿਆ ਹੈ।





**ਸ਼੍ਰੀਅੰਨ : 2018 ਵਿੱਚ ਮਿਲਟਸ (ਸ਼੍ਰੀਅੰਨ) ਦੇ ਮਹੱਤਵ ਬਾਰੇ ਦੱਸਦੇ ਹੋਏ ਪੀਐੱਮ ਮੋਦੀ ਨੇ ਸੰਯੁਕਤ ਰਾਸ਼ਟਰ ਵਿੱਚ ਪ੍ਰਸਤਾਵ ਰੱਖਿਆ, ਜਿਸ ਨੇ 2023 ਨੂੰ ਅੰਤਰਰਾਸ਼ਟਰੀ ਮਿਲਟਸ ਵਰ੍ਹਾ ਐਲਾਨਿਆ।**

- ਵਰ੍ਹੇ 2024-25 ਵਿੱਚ ਲਗਭਗ 18.59 ਮਿਲੀਅਨ ਟਨ ਉਤਪਾਦਨ ਹੋਇਆ। ਇਸ ਨਾਲ ਮਿਲਟਸ ਉਤਪਾਦਨ ਵਿੱਚ ਭਾਰਤ ਵਿਸ਼ਵ ਵਿੱਚ ਪਹਿਲੇ ਸਥਾਨ 'ਤੇ ਰਿਹਾ। ਇਸ ਵਿੱਚ ਪ੍ਰਮੁੱਖ ਯੋਗਦਾਨ ਰਾਜਸਥਾਨ, ਮਹਾਰਾਸ਼ਟਰ ਅਤੇ ਕਰਨਾਟਕ ਦਾ ਰਿਹਾ।

## ਪ੍ਰਧਾਨ ਮੰਤਰੀ ਕਿਸਾਨ ਮਾਨਧਨ ਯੋਜਨਾ (ਪੀਐੱਮ-ਕੇਐੱਮਵਾਈ)

ਇਸ ਦੇ ਤਹਿਤ 2 ਫਰਵਰੀ 2026 ਤੱਕ 24.95 ਲੱਖ ਕਿਸਾਨਾਂ ਦਾ ਨਾਮਾਂਕਣ ਕੀਤਾ ਜਾ ਚੁੱਕਿਆ ਹੈ, ਜਿਸ ਨਾਲ ਛੋਟੇ ਅਤੇ ਮੱਧ ਵਰਗ ਦੇ ਕਿਸਾਨਾਂ ਨੂੰ ਸਮਾਜਿਕ ਸੁਰੱਖਿਆ ਦਾ ਲਾਭ ਮਿਲ ਰਿਹਾ ਹੈ।



## ਫਸਲ ਬੀਮਾ ਸੁਰੱਖਿਆ

- 4.19 ਕਰੋੜ ਕਿਸਾਨਾਂ ਦਾ ਬੀਮਾ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀਐੱਮਐੱਫਬੀਵਾਈ) ਦੇ ਤਹਿਤ ਵਰ੍ਹੇ 2024-25 ਦੌਰਾਨ ਕੀਤਾ ਗਿਆ, ਜਿਸ ਵਿੱਚ 6.2 ਕਰੋੜ ਹੈਕਟੇਅਰ ਖੇਤਰ ਨੂੰ ਕਵਰ ਕੀਤਾ ਗਿਆ।
- 1.90 ਲੱਖ ਕਰੋੜ ਰੁਪਏ ਤੋਂ ਵੱਧ ਦੇ ਦਾਅਵਿਆਂ ਦਾ ਭੁਗਤਾਨ ਵਰ੍ਹੇ 2016-17 ਤੋਂ ਮਾਰਚ, 2026 ਤੱਕ ਕੀਤਾ ਜਾ ਚੁੱਕਿਆ ਹੈ। 86 ਕਰੋੜ ਤੋਂ ਵੱਧ ਆਵੇਦਨ ਇਸ ਮਿਆਦ ਵਿੱਚ ਫਸਲ ਬੀਮਾ ਦੇ ਆਏ ਹਨ।
- ਵਰ੍ਹੇ 2022-23 ਦੀ ਤੁਲਨਾ ਵਿੱਚ ਕਵਰੇਜ ਵਿੱਚ 32 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਿਸ ਨਾਲ ਜਲਵਾਯੂ ਅਤੇ ਬਜ਼ਾਰ ਨਾਲ ਸਬੰਧਿਤ ਜੋਖਮਾਂ ਦੇ ਖਿਲਾਫ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।

## ਦੋ ਮਹੱਤਵਪੂਰਨ ਨਵੀਆਂ ਯੋਜਨਾਵਾਂ ਦੀ ਸ਼ੁਰੂਆਤ



- ਦੇਸ਼ ਦੀ ਆਤਮਨਿਰਭਰਤਾ ਅਤੇ ਕਿਸਾਨਾਂ ਦੀ ਭਲਾਈ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਅਕਤੂਬਰ 2025 ਨੂੰ ਦੋ ਮਹੱਤਵਪੂਰਨ ਨਵੀਆਂ ਯੋਜਨਾਵਾਂ ਦੀ ਸ਼ੁਰੂਆਤ ਕੀਤੀ।
- ਪਹਿਲੀ- ਪ੍ਰਧਾਨ ਮੰਤਰੀ ਧਨ ਧਾਨਯ ਕ੍ਰਿਸ਼ੀ ਯੋਜਨਾ ਅਤੇ ਦੂਸਰੀ- ਦਾਲਾਂ ਵਿੱਚ ਆਤਮਨਿਰਭਰਤਾ ਮਿਸ਼ਨ।

**24,000 ਕਰੋੜ ਰੁਪਏ**
**ਦਾ ਬਜਟ ਪ੍ਰਧਾਨ ਮੰਤਰੀ ਧਨ ਧਾਨਯ ਕ੍ਰਿਸ਼ੀ ਯੋਜਨਾ ਲਈ ਜਦਕਿ ਦਾਲਾਂ ਵਿੱਚ ਆਤਮਨਿਰਭਰਤਾ ਮਿਸ਼ਨ ਲਈ 1,440 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।**

- ਇਨ੍ਹਾਂ ਯੋਜਨਾਵਾਂ 'ਤੇ ਸਰਕਾਰ ਕਰੀਬ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਖਰਚ ਕਰਨ ਵਾਲੀ ਹੈ। ਇਹ ਦੋਵੇਂ ਯੋਜਨਾਵਾਂ ਭਾਰਤ ਦੇ ਕਰੋੜਾਂ ਕਿਸਾਨਾਂ ਦੀ ਕਿਸਮਤ ਬਦਲਣ ਦਾ ਕੰਮ ਕਰਨਗੀਆਂ।




### ਕਿਸਾਨ ਕ੍ਰੈਡਿਟ ਕਾਰਡ

**10 ਲੱਖ ਕਰੋੜ ਰੁਪਏ**
ਤੋਂ ਵੱਧ ਰਾਸ਼ੀ 31 ਦਸੰਬਰ 2025 ਤੱਕ 7.57 ਕਰੋੜ ਕਿਸਾਨਾਂ ਨੂੰ ਕਿਸਾਨ ਕ੍ਰੈਡਿਟ ਕਾਰਡ ਰਾਹੀਂ ਦਿੱਤੀ ਗਈ।

- ਕਿਸਾਨਾਂ ਨੂੰ ਖੇਤੀ ਅਤੇ ਪਸ਼ੂ ਪਾਲਣ ਜਿਹੀਆਂ ਜ਼ਰੂਰਤਾਂ ਲਈ ਕਿਸਾਨ ਕ੍ਰੈਡਿਟ ਕਾਰਡ ਤੋਂ ਘੱਟ ਵਿਆਜ ਦਰ 'ਤੇ ਅਸਾਨੀ ਨਾਲ ਲੋਨ ਮਿਲ ਰਿਹਾ ਹੈ।

**1.55 ਕਰੋੜ**
**ਰੁਪਏ ਕੇਸੀਸੀ ਕਾਰਡ 31 ਜਨਵਰੀ 2026 ਤੱਕ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।**





## 12 ਵਰ੍ਹੇ ਦੀਆਂ ਉਪਲਬਧੀਆਂ

- ਬੀਤੇ 12 ਵਰ੍ਹਿਆਂ ਵਿੱਚ, ਭਾਰਤ ਦਾ ਖੇਤੀਬਾੜੀ ਨਿਰਯਾਤ ਕਰੀਬ ਦੁੱਗਣਾ ਹੋ ਗਿਆ, ਕਰੀਬ-ਕਰੀਬ 900 ਲੱਖ ਮੀਟ੍ਰਿਕ ਟਨ ਉਤਪਾਦਨ ਵਧ ਗਿਆ।
- ਫਲ ਅਤੇ ਸਬਜ਼ੀਆਂ ਦਾ ਉਤਪਾਦਨ 640 ਲੱਖ ਮੀਟ੍ਰਿਕ ਟਨ ਤੋਂ ਜ਼ਿਆਦਾ ਵਧ ਗਿਆ। ਅੱਜ ਦੁੱਧ ਉਤਪਾਦਨ ਵਿੱਚ ਭਾਰਤ ਦੁਨੀਆ ਵਿੱਚ ਨੰਬਰ ਵੰਨ ਹੈ।
- ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੱਛੀ ਉਤਪਾਦਕ ਦੇਸ਼ ਹੈ। ਸ਼ਹਿਦ ਉਤਪਾਦਨ ਵੀ 2014 ਦੀ ਤੁਲਨਾ ਵਿੱਚ ਦੁੱਗਣਾ। ਅੰਡੇ ਦਾ ਉਤਪਾਦਨ ਵੀ ਬੀਤੇ 12 ਵਰ੍ਹਿਆਂ ਵਿੱਚ ਦੁੱਗਣਾ ਹੋ ਗਿਆ ਹੈ।
- ਇਸ ਦੌਰਾਨ ਦੇਸ਼ ਵਿੱਚ 6 ਵੱਡੀਆਂ ਫਰਟੀਲਾਈਜ਼ਰ ਫੈਕਟਰੀਆਂ ਬਣਾਈਆਂ ਗਈਆਂ ਹਨ। 25 ਕਰੋੜ ਤੋਂ ਵੱਧ ਸੌਇਲ ਹੈਲਥ ਕਾਰਡ ਕਿਸਾਨਾਂ ਨੂੰ ਮਿਲੇ ਹਨ।
- 1 ਕਰੋੜ ਹੈਕਟੇਅਰ ਜ਼ਮੀਨ ਵਿੱਚ ਸੂਖਮ ਸਿੰਚਾਈ ਦੀ ਸੁਵਿਧਾ ਪਹੁੰਚੀ ਹੈ।
- ਪੀਐੱਮ ਫਸਲ ਬੀਮਾ ਯੋਜਨਾ ਨਾਲ ਕਰੀਬ ਦੋ ਲੱਖ ਕਰੋੜ ਰੁਪਏ ਕਲੇਮ ਦੇ ਰੂਪ ਵਿੱਚ ਕਿਸਾਨਾਂ ਨੂੰ ਮਿਲੇ ਹਨ।
- 12 ਵਰ੍ਹਿਆਂ ਵਿੱਚ 10 ਹਜ਼ਾਰ ਤੋਂ ਵੱਧ ਕਿਸਾਨ ਉਤਪਾਦ ਸੰਘ- FPO's ਬਣੇ ਹਨ।

### ਆਲਮੀ ਖੇਤੀਬਾੜੀ ਬਜ਼ਾਰ ਵਿੱਚ ਭਾਰਤ

- ਖੇਤੀਬਾੜੀ ਨਿਰਯਾਤ ਨਾਲ ਹੋਣ ਵਾਲੀ ਆਮਦਨ ਵਿੱਤੀ ਵਰ੍ਹੇ 2020 ਵਿੱਚ 34.5 ਅਰਬ ਡਾਲਰ ਸੀ ਜਦਕਿ ਵਿੱਤ ਵਰ੍ਹੇ 2025 ਵਿੱਚ ਵਧ ਕੇ 51.1 ਅਰਬ ਡਾਲਰ ਹੋ ਗਈ।
- ਵਿੱਤੀ ਵਰ੍ਹੇ 2025 ਵਿੱਚ ਪ੍ਰੋਸੈੱਸਡ ਫੂਡ ਉਤਪਾਦਾਂ ਸਹਿਤ ਖੇਤੀਬਾੜੀ-ਖੁਰਾਕ ਨਿਰਯਾਤ 49.43 ਅਰਬ ਅਮਰੀਕੀ ਡਾਲਰ ਰਿਹਾ, ਜੋ ਕੁੱਲ ਨਿਰਯਾਤ ਦਾ ਲਗਭਗ 11.2% ਹੈ।

**6X ਹੋਇਆ 12 ਵਰ੍ਹਿਆਂ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਦਾ ਬਜਟ**




> ***ਆਜ਼ਾਦੀ ਦੇ ਇੰਨੇ ਦਹਾਕਿਆਂ ਬਾਅਦ ਅੱਜ ਦੇਸ਼ ਵਿੱਚ ਅਜਿਹੀ ਸਰਕਾਰ ਆਈ ਹੈ ਜੋ ਕਿਸਾਨ ਦਾ ਦੁੱਖ-ਦਰਦ ਸਮਝਦੀ ਹੈ, ਕਿਸਾਨ ਦੀ ਚਿੰਤਾ ਸਮਝਦੀ ਹੈ। ਇਸ ਲਈ ਭਾਰਤ ਸਰਕਾਰ ਵੱਲੋਂ ਲਗਾਤਾਰ ਕਿਸਾਨ ਹਿਤ ਵਿੱਚ ਫੈਸਲੇ ਲਏ ਗਏ ਹਨ। ਅਸੀਂ ਬੀਜ ਤੋਂ ਬਜ਼ਾਰ ਤੱਕ ਕਿਸਾਨਾਂ ਲਈ ਨਵੀਆਂ ਪ੍ਰਣਾਲੀਆਂ ਦਾ ਨਿਰਮਾਣ ਕੀਤਾ ਹੈ।***
>
> ***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***




# ਰਾਸ਼ਟਰ ਨਿਰਮਾਣ

## ਵਿਕਸਿਤ ਭਾਰਤ ਦਾ ਸੰਕਲਪ ਹੀ 'ਰਾਸ਼ਟਰਨੀਤੀ'

*ਅੰਗਰੇਜ਼ੀ ਵਿੱਚ ਇੱਕ ਕਹਾਵਤ ਹੁੰਦੀ ਹੈ ਕਿ size of the cake matters ਭਾਵ ਜਿੰਨਾ ਵੱਡਾ ਕੇਕ ਹੋਵੇਗਾ ਉਸ ਦਾ ਓਨਾ ਹੀ ਵੱਡਾ ਹਿੱਸਾ ਲੋਕਾਂ ਨੂੰ ਮਿਲੇਗਾ। ਇਸੇ ਸੋਚ ਨਾਲ ਕੇਂਦਰ ਸਰਕਾਰ ਨੇ ਭਾਰਤ ਦੀ ਅਰਥਵਿਵਸਥਾ ਨੂੰ ਪੰਜ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਦਾ ਟੀਚਾ ਤੈਅ ਕੀਤਾ ਹੈ। ਅਰਥਵਿਵਸਥਾ ਦਾ ਆਕਾਰ ਜਿੰਨਾ ਵੱਡਾ ਹੋਵੇਗਾ, ਸੁਭਾਵਿਕ ਤੌਰ 'ਤੇ ਦੇਸ਼ ਦੀ ਖੁਸ਼ਹਾਲੀ ਓਨੀ ਹੀ ਜ਼ਿਆਦਾ ਹੋਵੇਗੀ। ਇਹੀ ਖੁਸ਼ਹਾਲੀ ਹਰ ਪਰਿਵਾਰ ਦੀ, ਹਰ ਵਿਅਕਤੀ ਦੀ ਆਮਦਨ ਅਤੇ ਜੀਵਨ ਪੱਧਰ ਵਿੱਚ ਵੀ ਤਬਦੀਲੀ ਲਿਆਉਂਦੀ ਹੈ। ਇਹੀ ਅੱਜ ਭਾਰਤੀ ਅਰਥਵਿਵਸਥਾ ਦੀ ਯਾਤਰਾ ਦਾ ਅਧਾਰ ਬਣਿਆ ਹੈ। ਇਸੇ ਤਰ੍ਹਾਂ ਬੁਨਿਆਦੀ ਢਾਂਚੇ ਕਿਸੇ ਵੀ ਰਾਸ਼ਟਰ ਦੀ ਤਰੱਕੀ ਦਾ ਅਧਾਰ ਹੁੰਦੇ ਹਨ। ਇਹ ਨਾ ਸਿਰਫ ਨਿਰਮਾਣ ਅਤੇ ਲੌਜਿਸਟਿਕਸ ਦੇ ਮੁਕਾਬਲੇ ਨੂੰ ਮਜ਼ਬੂਤ ਕਰਦਾ ਹੈ, ਸਗੋਂ ਸਮਾਜਿਕ ਸਮਰਸਤਾ ਨੂੰ ਵੀ ਮਜ਼ਬੂਤ ਬਣਾਉਂਦਾ ਹੈ ਅਤੇ ਆਰਥਿਕ ਵਿਕਾਸ ਦੀ ਗਾਥਾ ਨੂੰ ਇੱਕ ਨਵੀਂ ਉਡਾਣ ਦਿੰਦਾ ਹੈ। ਇਸ ਵਿਕਾਸ ਗਾਥਾ ਵਿੱਚ ਜਦੋਂ ਵਿਗਿਆਨ-ਤਕਨੀਕ ਜੁੜਦਾ ਹੈ ਤਾਂ ਵਪਾਰ ਦੀ ਸੁਗਮਤਾ ਜਨ ਵਿਸ਼ਵਾਸ ਪੈਦਾ ਕਰਦੀ ਹੈ, ਜੀਵਨ ਦੀ ਸੁਗਮਤਾ ਨੂੰ ਵਧਾਉਂਦੀ ਹੈ। ਬੀਤੇ 12 ਵਰ੍ਹਿਆਂ ਦੀ ਰਾਸ਼ਟਰ ਨਿਰਮਾਣ ਦੀ ਯਾਤਰਾ ਵਿੱਚ ਹੁਣ ਅਸ਼ਟਲਕਸ਼ਮੀ ਭਾਵ ਉੱਤਰ-ਪੂਰਬ ਵੀ ਗ੍ਰੋਥ ਦਾ ਇੱਕ ਮਹੱਤਵਪੂਰਨ ਇੰਜਣ ਬਣ ਚੁੱਕਿਆ ਹੈ। ਯਾਨੀ ਸੰਪੂਰਨ ਵਿਕਾਸ ਦੀ ਸੋਚ ਨਾਲ ਸਮਾਜਿਕ ਵਿਕਾਸ ਅਤੇ ਆਰਥਿਕ ਸੰਤੁਲਨ ਦੀ ਦਿਸ਼ਾ ਵਿੱਚ ਕਦਮ ਵਧਾਇਆ ਹੈ ਤਾਂ ਨੀਤੀਗਤ ਸੁਧਾਰਾਂ ਨੇ ਰਾਸ਼ਟਰ ਨਿਰਮਾਣ ਦਾ ਨਵਾਂ ਅਧਿਆਏ ਲਿਖ ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦਾ ਰਾਹ ਪੱਧਰਾ ਕਰ ਦਿੱਤਾ ਹੈ।*

# ਅਰਥਵਿਵਸਥਾ ਦੀ ਅੰਮ੍ਰਿਤ ਯਾਤਰਾ

*ਸੰਪੂਰਨ ਵਿਕਾਸ ਦੀ ਸੋਚ ਨਾਲ ਸਮਾਜਿਕ ਵਿਕਾਸ ਅਤੇ ਆਰਥਿਕ ਸੰਤੁਲਨ ਦੀ ਦਿਸ਼ਾ ਵਿੱਚ ਕਦਮ ਵਧਾਇਆ ਗਿਆ ਤਾਂ ਨੀਤੀਗਤ ਸੁਧਾਰਾਂ ਨੇ ਆਰਥਿਕ ਵਿਕਾਸ ਦਾ ਨਵਾਂ ਅਧਿਆਏ ਲਿਖ ਦਿੱਤਾ। ਅਰਥਵਿਵਸਥਾ ਅਤੇ ਆਰਥਿਕ ਵਿਸ਼ਿਆਂ ਨੂੰ ਵੀ ਜਨ-ਜਨ ਨਾਲ ਇਸ ਤਰ੍ਹਾਂ ਜੋੜਿਆ ਕਿ ਹਰੇਕ ਨਾਗਰਿਕ ਖੁਦ ਨੂੰ ਸਹਿਭਾਗੀ ਮੰਨਣ ਲਗਿਆ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਕੋਈ ਹੈ ਜੋ ਉਨ੍ਹਾਂ ਦੀ ਵੀ ਚਿੰਤਾ ਕਰਦਾ ਹੈ। ਟੈਕਸ ਸੁਧਾਰ ਹੋਵੇ ਜਾਂ ਫਿਰ ਅਰਥਵਿਵਸਥਾ ਨੂੰ ਦਿਸ਼ਾ ਦੇਣ ਦੀ ਪਹਿਲ, ਜੀਐੱਸਟੀ ਹੋਵੇ ਜਾਂ ਟੈਕਸਪੇਅਰ ਚਾਰਟਰ- ਫੇਸਲੈੱਸ ਵਿਵਸਥਾ, ਸੰਰਚਨਾਤਮਕ ਸੁਧਾਰਾਂ ਨੇ ਅਰਥਵਿਵਸਥਾ ਨੂੰ ਦਿੱਤੀ ਹੈ ਨਵੀਂ ਦਿਸ਼ਾ ਅਤੇ ਸ਼ੁਰੂ ਹੋ ਚੁੱਕੀ ਹੈ ਭਾਰਤ ਦੀ ਵਿਕਸਿਤ ਹੁੰਦੀ ਅਰਥਵਿਵਸਥਾ ਦੀ ਨਵੀਂ ਕਹਾਣੀ...*



## ਵਿਕਸਿਤ ਦੇਸ਼ਾਂ ਦੇ ਨਾਲ ਮੁਕਤ ਵਪਾਰ ਸਮਝੌਤੇ

- ਭਾਰਤ ਦੀ ਅਰਥਵਿਵਸਥਾ ਲਗਾਤਾਰ ਨਵੀਂ ਉਚਾਈ ਛੂਹ ਰਹੀ ਹੈ। ਵਿਦੇਸ਼ੀ ਵਪਾਰ ਯਾਨੀ ਨਿਰਯਾਤ ਵਿੱਚ ਰੋਜ਼ ਨਵੇਂ ਰਿਕਾਰਡ ਬਣਾ ਰਹੀ ਹੈ।
- ਆਰਥਿਕ ਵਿਕਾਸ ਦੀ ਤੇਜ਼ ਗਤੀ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਬੀਤੇ ਵਰ੍ਹਿਆਂ ਵਿੱਚ ਮੁਕਤ ਵਪਾਰ ਸਮਝੌਤਿਆਂ ਨਾਲ ਆਲਮੀ ਪੱਧਰ 'ਤੇ ਭਾਰਤੀ ਬਜ਼ਾਰ ਨੂੰ ਵਿਸਤਾਰ ਮਿਲਣਾ ਰਿਹਾ ਹੈ।

ਭਾਰਤ ਨੇ 27 ਅਪ੍ਰੈਲ, 2026 ਨੂੰ ਨਿਊਜ਼ੀਲੈਂਡ ਦੇ ਨਾਲ ਭਾਰਤ ਨੇ ਮੁਕਤ ਵਪਾਰ ਸਮਝੌਤੇ 'ਤੇ ਹਸਤਾਖਰ ਕੀਤੇ ਜੋ ਬੀਤੇ ਵਰ੍ਹਿਆਂ ਵਿੱਚ

**38** ਵਿਕਸਿਤ ਦੇਸ਼ਾਂ ਦੇ ਨਾਲ

ਭਾਰਤ ਦਾ 9ਵਾਂ ਸਮਝੌਤਾ ਹੈ।

## ਵਿਕਾਸ ਦੀ ਗਤੀ ਵਿੱਚ ਮਜ਼ਬੂਤੀ

ਭਾਰਤ ਵਰ੍ਹੇ 2025 ਵਿੱਚ ਜਪਾਨ ਨੂੰ ਪਿੱਛੇ ਛੱਡ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਿਆ।

2030 ਤੱਕ ਕੁੱਲ ਘਰੇਲੂ ਉਤਪਾਦ (ਜੀਡੀਪੀ) **7.3** ਟ੍ਰਿਲੀਅਨ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਹੈ ਅਨੁਮਾਨ।




- ਆਲਮੀ ਵਪਾਰ ਅਤੇ ਨੀਤੀਗਤ ਅਨਿਸ਼ਚਿਤਤਾਵਾਂ ਵਿੱਚ ਮਜ਼ਬੂਤ ਘਰੇਲੂ ਮੰਗ ਦੇ ਚਲਦੇ, ਵਿੱਤ ਵਰ੍ਹੇ 2025-26 ਦੀ ਦੂਜੀ ਤਿਮਾਹੀ ਵਿੱਚ ਭਾਰਤ ਦੀ ਅਸਲ ਜੀਡੀਪੀ 8.2 ਪ੍ਰਤੀਸ਼ਤ ਦੀ ਦਰ ਤੋਂ ਵਧੀ ਜੋ 2024-25 ਦੀ ਚੌਥੀ ਤਿਮਾਹੀ ਦੇ 7.4 ਪ੍ਰਤੀਸ਼ਤ ਤੋਂ ਵੱਧ ਹੈ। ਇਹ ਦੁਨੀਆ ਦੀਆਂ ਸਾਰੀਆਂ ਵੱਡੀਆਂ ਅਰਥਵਿਵਸਥਾਵਾਂ ਵਿੱਚ ਸਭ ਤੋਂ ਵੱਧ ਹੈ।
- ਉਦਯੋਗਿਕ ਅਤੇ ਸੇਵਾ ਖੇਤਰਾਂ ਵਿੱਚ ਆਏ ਉਛਾਲ ਕਾਰਨ ਅਸਲ ਕੁੱਲ ਮੁੱਲ ਵਾਧੇ ਵਿੱਚ 8.1 ਪ੍ਰਤੀਸ਼ਤ ਦਾ ਵਿਸਤਾਰ ਹੋਇਆ।

## ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥਵਿਵਸਥਾ

- ਵਿਸ਼ਵ ਬੈਂਕ ਦਾ ਅਨੁਮਾਨ ਭਾਰਤ ਦੀ ਅਰਥਵਿਵਸਥਾ 2026-27 ਵਿੱਚ ਲਗਭਗ 6.6% ਦੀ ਦਰ ਨਾਲ ਵਧੇਗੀ। ਇਹ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਵੱਡੀ ਅਰਥਵਿਵਸਥਾ ਹੋਵੇਗੀ।

## ਵਰਲਡ ਇਕਨੌਮਿਕ ਆਉਟਲੁੱਕ

- ਆਉਟਲੁੱਕ 2026 ਦੇ ਅਨੁਸਾਰ ਭਾਰਤ ਦੀ ਵਿਕਾਸ ਦਰ 6.5% ਦਾ ਅਨੁਮਾਨ ਹੈ ਜਦਕਿ ਵਿਕਸਿਤ ਦੇਸ਼ਾਂ ਦੇ ਲਈ 1.8% ਵਿਕਾਸਸ਼ੀਲ ਦੇਸ਼ ਦੇ ਲਈ 3.9%, ਪੂਰੀ ਦੁਨੀਆ ਦੇ ਲਈ 3.1% ਰੱਖੀ ਗਈ ਹੈ।

▪ **ਅਮਰੀਕਾ**: 2.3% ▪ **ਜਰਮਨੀ**: 0.8% ▪ **ਬ੍ਰਿਟੇਨ**: 0.8% ▪ **ਚੀਨ**: 4.4% ▪ **ਬ੍ਰਾਜ਼ੀਲ**: 1.9% ਰੱਖਿਆ ਹੈ।

## ਆਤਮਨਿਰਭਰਤਾ ਨਾਲ ਵਧਦਾ ਨਿਰਯਾਤ

**ਵਿੱਤ ਵਰ੍ਹੇ 2025-26 ਵਿੱਚ ਭਾਰਤ ਦਾ ਮਾਲ ਅਤੇ ਸੇਵਾ ਨਿਰਯਾਤ ਰਿਕਾਰਡ 860.09 ਅਰਬ ਅਮਰੀਕੀ ਡਾਲਰ ਤੱਕ ਪਹੁੰਚਿਆ, ਜੋ ਵਰ੍ਹੇ 2014 ਵਿੱਚ 479 ਅਰਬ ਡਾਲਰ ਸੀ।**




**48 ਅਰਬ ਡਾਲਰ**

ਦਾ ਹੋਇਆ 2025-26 ਵਿੱਚ ਇਲੈਕਟ੍ਰੌਨਿਕ ਸਮਾਨ ਦਾ ਨਿਰਯਾਤ, 2014-15 ਵਿੱਚ 6.3 ਅਰਬ ਡਾਲਰ ਨਿਰਯਾਤ ਹੋਇਆ ਸੀ। ਇਹ 20.3% ਦੀ ਔਸਤ ਸਲਾਨਾ ਵਾਧਾ ਦਰ ਹੈ।


- 52.6 ਅਰਬ ਡਾਲਰ ਹੋਇਆ ਭਾਰਤ ਦਾ ਖੇਤੀਬਾੜੀ, ਬਾਗ ਅਤੇ ਸਮੁੰਦਰੀ ਉਤਪਾਦਾਂ ਦਾ ਨਿਰਯਾਤ ਵਿੱਤ ਵਰ੍ਹੇ 2025-26 ਵਿੱਚ ਜੋ 2013-14 ਵਿੱਚ 39.6 ਅਰਬ ਡਾਲਰ ਸੀ।

### 166 ਗੁਣਾ ਹੋਇਆ ਮੋਬਾਈਲ ਫੋਨ ਨਿਰਯਾਤ






### 20 ਗੁਣਾ ਹੋਇਆ ਰੱਖਿਆ ਨਿਰਯਾਤ






## ਆਰਥਿਕ ਤਾਕਤ ਵਧਾਉਂਦੀ ਐੱਮਐੱਸਐੱਮਈ



**7.47**
ਕਰੋੜ ਤੋਂ ਜ਼ਿਆਦਾ ਐੱਮਐੱਸਐੱਮਈ ਮੈਨੂਫੈਕਚਰਿੰਗ, ਸੇਵਾ ਅਤੇ ਵਪਾਰ ਗਤੀਵਿਧੀਆਂ ਜੁੜੀਆਂ ਹਨ।

**31.1%**
ਹੈ ਭਾਰਤ ਦੀ ਜੀਡੀਪੀ ਵਿੱਚ ਇਸ ਖੇਤਰ ਦਾ ਯੋਗਦਾਨ।

**48.58%** ਯੋਗਦਾਨ ਹੈ ਦੇਸ਼ ਦੇ ਕੁੱਲ ਨਿਰਯਾਤ ਵਿੱਚ।

**35.4%**
ਹਿੱਸਾ ਮੈਨੂਫੈਕਚਰਿੰਗ ਖੇਤਰ ਦੇ ਉਤਪਾਦਨ ਵਿੱਚ ਐੱਮਐੱਸਐੱਮਈ ਦਾ ਹੈ।

**32.8**
ਕਰੋੜ ਆਬਾਦੀ ਨੂੰ ਆਜੀਵਿਕਾ ਮੁਹੱਈਆ ਕਰਵਾਉਂਦੀ ਹੈ ਐੱਮਐੱਸਐੱਮਈ।

## ਅੰਕੜੇ ਜੋ ਹਨ ਮਜ਼ਬੂਤੀ ਦੀ ਪਛਾਣ

**357.14**
ਲੱਖ ਕਰੋੜ ਰੁਪਏ ਦੀ ਜੀਡੀਪੀ ਵਰਤਮਾਨ ਮੁੱਲ 'ਤੇ ਭਾਰਤ ਦਾ ਵਿੱਤ ਵਰ੍ਹੇ 2025-26 ਵਿੱਚ ਰਹਿਣ ਦਾ ਅਨੁਮਾਨ।

**484**
ਲੱਖ ਕਰੋੜ ਰੁਪਏ ਦੇ BSE ਮਾਰਕਿਟ ਕੈਪੀਟਲਾਈਜ਼ੇਸ਼ਨ ਨੇ ਭਾਰਤੀ ਸ਼ੇਅਰ ਬਜ਼ਾਰ ਦੀ ਵਧਦੀ ਤਾਕਤ ਨੂੰ ਦਿਖਾਇਆ। (ਅੰਕੜਾ 14 ਮਈ, 2026 ਦਾ ਹੈ।)

- 20.41 ਲੱਖ ਕਰੋੜ ਰੁਪਏ ਦੀ ਵਿਕਰੀ PLI ਯੋਜਨਾ ਦੇ ਤਹਿਤ ਮਾਰਚ 2026 ਤੱਕ ਦਰਜ ਕੀਤੀ ਗਈ।
- 135.4 ਅਰਬ ਡਾਲਰ ਦੀ ਰੈਮੀਟੈਂਸ ਪ੍ਰਾਪਤ ਕਰਕੇ ਭਾਰਤ 2025-26 ਵਿੱਚ ਦੁਨੀਆ ਦਾ ਸਭ ਤੋਂ ਵੱਡਾ ਰੈਮੀਟੈਂਸ ਪ੍ਰਾਪਤ ਕਰਨ ਵਾਲਾ ਦੇਸ਼ ਬਣਿਆ।
- 1.89% (4.03 ਲੱਖ ਕਰੋੜ ਰੁਪਏ) ਰਿਹਾ ਅਨੁਸੂਚਿਤ ਵਣਜ ਬੈਂਕਾਂ ਦਾ ਐੱਨਪੀਏ ਰੇਸ਼ੋ ਦਸੰਬਰ 2025 ਵਿੱਚ, ਮਾਰਚ, 2015 ਵਿੱਚ 4.28% (3.23 ਲੱਖ ਕਰੋੜ ਰੁਪਏ) ਸੀ। ਵਰਤਮਾਨ ਐੱਨਪੀਏ ਕਈ ਦਹਾਕਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ।
- 22 ਲੱਖ ਕਰੋੜ ਰੁਪਏ ਤੋਂ ਵੱਧ ਦਾ ਰਿਕਾਰਡ ਜੀਐੱਸਟੀ ਸੰਗ੍ਰਹਿ 2025-26 ਵਿੱਚ ਰਿਹਾ, ਜੋ ਭਾਰਤ ਦੀ ਮਜ਼ਬੂਤ ਟੈਕਸ ਵਿਵਸਥਾ ਦਾ ਪ੍ਰਮਾਣ ਹੈ।
- 3.99 ਲੱਖ ਕਰੋੜ ਰੁਪਏ ਦੀ ਰਾਸ਼ੀ IBC ਰਾਹੀਂ ਸਤੰਬਰ 2025 ਤੱਕ ਟੈਕਸਪੇਅਰਸ ਨੂੰ ਵਾਪਸ ਦਿਵਾਈ ਗਈ।

**701**
**ਅਰਬ ਡਾਲਰ**



ਦੇ ਕਰੀਬ ਜਨਵਰੀ, 2026 ਵਿੱਚ ਭਾਰਤ ਦਾ ਵਿਦੇਸ਼ੀ ਮੁਦ੍ਰਾ ਭੰਡਾਰ, ਮਾਰਚ, 2025 ਵਿੱਚ 668.3 ਅਰਬ ਡਾਲਰ ਸੀ।


## ਹੁਣ ਵੱਧ ਖਰਚ ਦੇ ਲਈ ਬਚਣਗੇ

**12.75 ਲੱਖ ਰੁਪਏ** ਤੱਕ ਦੀ ਸਲਾਨਾ ਆਮਦਨ 'ਤੇ ਨਵੀਂ ਟੈਕਸ ਵਿਵਸਥਾ ਵਿੱਚ ਹੁਣ ਨਹੀਂ ਦੇਣਾ ਹੋਵੇਗਾ ਕੋਈ ਇਨਕਮ ਟੈਕਸ।



### ਵਧਿਆ ਸਰਕਾਰ 'ਤੇ ਭਰੋਸਾ...

*ਤਿੱਗਣੀ ਹੋਈ ਇਨਕਮ ਟੈਕਸ ਰਿਟਰਨ ਦਾਖਲ ਸੰਖਿਆ*







**28** ਲੱਖ ਕਰੋੜ ਰੁਪਏ ਤੋਂ ਵੱਧ ਰਿਹਾ ਸਕਲ ਪ੍ਰਤੱਖ ਟੈਕਸ ਸੰਗ੍ਰਹਿ 2025-26 ਵਿੱਚ।

- ਨੈਕਸਟ-ਜੇਨ ਜੀਐੱਸਟੀ ਨੇ ਟੈਕਸੇਸ਼ਨ ਨੂੰ ਸਰਲ ਬਣਾਇਆ, ਟੈਕਸ ਪੇਅਰ ਅਧਾਰ ਨੂੰ 1.5 ਕਰੋੜ ਤੱਕ ਵਿਸਤਾਰਿਤ ਕੀਤਾ ਜਿਸ ਦਾ ਨਤੀਜਾ ਰਿਹਾ ਹੈ ਕਿ 2.36 ਲੱਖ ਕਰੋੜ ਰੁਪਏ ਦਾ ਜੀਐੱਸਟੀ ਸੰਗ੍ਰਹਿ ਅਪ੍ਰੈਲ 2025 ਵਿੱਚ ਹੋਇਆ।

**2.43** ਲੱਖ ਕਰੋੜ ਰੁਪਏ ਦਾ ਜੀਐੱਸਟੀ ਸੰਗ੍ਰਹਿ ਅਪ੍ਰੈਲ 2026 ਵਿੱਚ ਹੋਇਆ।




**10.9%**
ਤੱਕ ਭਾਰਤ ਦਾ ਟੈਕਸ ਰੈਵੇਨਿਊ (ਜੀਡੀਪੀ ਦੇ ਅਨੁਪਾਤ ਵਿੱਚ) ਪਹੁੰਚਣ ਦਾ ਹੈ 2026-27 ਦਾ ਅਨੁਮਾਨ। ਇਹ 2025-26 ਦੇ ਸੰਸ਼ੋਧਿਤ ਅਨੁਮਾਨ 10.8% ਤੋਂ ਥੋੜ੍ਹਾ ਵੱਧ ਹੈ।

## ਵਿਕਾਸ ਅਤੇ ਸਮ੍ਰਿੱਧੀ ਨੂੰ ਵਧਾ ਰਹੇ ਨਵੇਂ ਰੁਜ਼ਗਾਰ


- ਭਾਰਤ ਦੀ ਘਟਦੀ ਬੇਰੁਜ਼ਗਾਰੀ ਦਰ ਇਸ ਦੀ ਆਰਥਿਕ ਗਤੀ ਦੀ ਮਜ਼ਬੂਤੀ ਨੂੰ ਦਰਸਾਉਂਦੀ ਹੈ।
- 2025 ਦਾ ਪੀਐੱਲਐੱਫਐੱਸ ਸਰਵੇਖਣ ਬੇਰੁਜ਼ਗਾਰੀ ਵਿੱਚ ਭਾਰੀ ਗਿਰਾਵਟ ਦੇ ਨਾਲ-ਨਾਲ ਭਾਗੀਦਾਰੀ ਅਤੇ ਸ਼੍ਰਮਿਕ ਜਨਸੰਖਿਆ ਅਨੁਪਾਤ ਵਿੱਚ ਮਹੱਤਵਪੂਰਨ ਸੁਧਾਰ ਦਰਸਾਉਂਦਾ ਹੈ।
- ਨਵੰਬਰ 2025 ਵਿੱਚ, 15 ਵਰ੍ਹੇ ਅਤੇ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਦੇ ਲਈ ਬੇਰੁਜ਼ਗਾਰੀ ਦਰ ਘਟ ਕੇ 4.8 ਪ੍ਰਤੀਸ਼ਤ ਰਹਿ ਗਈ, ਜੋ ਅਕਤੂਬਰ 2005 ਵਿੱਚ 5.4 ਪ੍ਰਤੀਸ਼ਤ ਸੀ।
- ਇਹ ਅਪ੍ਰੈਲ 2025 (5.1 ਪ੍ਰਤੀਸ਼ਤ) ਦੇ ਬਾਅਦ ਦਾ ਸਭ ਤੋਂ ਹੇਠਲਾ ਪੱਧਰ ਹੈ।



# ਭਾਰਤ ਦੇ ਅਧਾਰ ਨੂੰ ਮਜ਼ਬੂਤ ਕਰਦਾ ਆਧੁਨਿਕ ਇਨਫ੍ਰਾਸਟ੍ਰਕਚਰ

*ਨਵੇਂ ਭਾਰਤ ਦਾ ਨਿਰਮਾਣ ਸਾਹਸਿਕ ਸੁਧਾਰ ਅਤੇ ਅਭੂਤਪੂਰਵ ਇਨਫ੍ਰਾਸਟ੍ਰਕਚਰ ਨਾਲ ਹੀ ਸੰਭਵ ਹੈ। ਇਨਫ੍ਰਾਸਟ੍ਰਕਚਰ ਅਧਾਰਿਤ ਵਿਕਾਸ ਨੂੰ ਕੇਂਦਰ ਵਿੱਚ ਰੱਖਦੇ ਹੋਏ ਜਲ, ਥਲ, ਨਭ, ਹਰੇਕ ਖੇਤਰ ਵਿੱਚ ਦੇਸ਼ ਅਸਧਾਰਣ ਸਪੀਡ-ਸਕੇਲ ਦੇ ਨਾਲ ਕੰਮ ਕਰ ਰਿਹਾ ਹੈ। ਭਾਰਤ ਦੀ ਕਿਸਮਤ ਨੂੰ ਆਕਾਰ ਦਿੰਦਿਆ ਸੈਂਕੜੇ ਬ੍ਰਿਜ, ਸੰਸਦ ਭਵਨ, ਭਾਰਤ ਮੰਡਪਮ, ਯਸ਼ੋਭੂਮੀ ਜਿਹੀਆਂ ਇਮਾਰਤਾਂ, ਆਤਮਨਿਰਭਰ ਭਾਰਤ ਦੀ ਬੁਨਿਆਦੀ ਸੋਚ ਦਾ ਦਰਪਣ ਬਣ ਗਈਆਂ ਹਨ। ਹੁਣ ਆਪਣੇ ਸੁਤੰਤਰਤਾ ਦੇ ਸ਼ਤਾਬਦੀ ਵਰ੍ਹੇ ਦੀ ਦਹਿਲੀਜ਼ 'ਤੇ ਖੜ੍ਹਾ ਭਾਰਤ, ਬੁਨਿਆਦੀ ਢਾਂਚੇ ਦਾ ਤੇਜ਼ੀ ਨਾਲ ਵਿਕਾਸ ਕਰਦੇ ਹੋਏ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਰਾਹ ਕਰ ਰਿਹਾ ਹੈ ਪੱਧਰਾ...*

### *ਇਨਫ੍ਰਾਸਟ੍ਰਕਚਰ 'ਤੇ 12 ਵਰ੍ਹਿਆਂ ਵਿੱਚ 6 ਗੁਣਾ ਵਧਾਇਆ ਸਰਕਾਰ ਨੇ ਖਰਚ*




## ਆਧੁਨਿਕ ਭਾਰਤ ਨੂੰ ਮਜ਼ਬੂਤੀ ਦੇਣਗੇ 2,000 ਇਨਫ੍ਰਾਸਟ੍ਰਕਚਰ ਪ੍ਰੋਜੈਕਟ

**41.5**

**ਲੱਖ ਕਰੋੜ ਰੁਪਏ ਦੇ 1,900 ਤੋਂ ਵੱਧ ਇਨਫ੍ਰਾਸਟ੍ਰਕਚਰ ਪ੍ਰੋਜੈਕਟ 'ਤੇ ਦੇਸ਼ ਵਿੱਚ ਚਲ ਰਿਹਾ ਹੈ ਮਾਰਚ, 2026 ਵਿੱਚ ਕੰਮ। ਹਰ ਪ੍ਰੋਜੈਕਟ ਦੀ ਲਾਗਤ 150 ਕਰੋੜ ਰੁਪਏ ਤੋਂ ਵੱਧ।**

- ਭਾਰਤ ਸਰਕਾਰ ਪੈਮਾਨਾ ਪਲੈਟਫਾਰਮ 'ਤੇ ਕੇਂਦਰੀ ਖੇਤਰ ਦੇ ਇਨ੍ਹਾਂ ਇਨਫ੍ਰਾਸਟ੍ਰਕਚਰ ਪ੍ਰੋਜੈਕਟ ਦੀ ਨਿਗਰਾਨੀ ਕਰ ਰਿਹਾ ਹੈ। ਇਸ ਨਾਲ ਸਮੇਂ 'ਤੇ ਸਮੀਖਿਆ ਅਤੇ ਡੇਟਾ-ਅਧਾਰਿਤ ਫੈਸਲੇ ਲੈਣ ਵਿੱਚ ਮਦਦ ਮਿਲ ਰਹੀ ਹੈ।
- ਦੇਸ਼ ਭਰ ਵਿੱਚ ਚਲ ਰਹੇ ਇਨ੍ਹਾਂ ਇਨਫ੍ਰਾ ਪ੍ਰੋਜੈਕਟਾਂ 'ਤੇ ਮਾਰਚ, 2026 ਤੱਕ ਕਰੀਬ 20 ਲੱਖ ਕਰੋੜ ਖਰਚ ਹੋ ਚੁੱਕੇ ਹਨ, ਜੋ ਪ੍ਰੋਜੈਕਟ ਦੀ ਸੰਸ਼ੋਧਿਤ ਲਾਗਤ ਦਾ ਲਗਭਗ 48.02 ਪ੍ਰਤੀਸ਼ਤ ਹੈ।

**1,428**

**ਪ੍ਰੋਜੈਕਟ ਟ੍ਰਾਂਸਪੋਰਟ ਅਤੇ ਲੌਜਿਸਟਿਕਸ ਖੇਤਰ (ਸਭ ਤੋਂ ਵੱਧ) ਨਾਲ ਜੁੜੇ ਹਨ ਜਿਨ੍ਹਾਂ 'ਤੇ 22.66 ਲੱਖ ਕਰੋੜ ਖਰਚ ਹੋ ਰਹੇ ਹਨ। ਇਹ ਦੱਸਦਾ ਹੈ ਕਿ ਦੇਸ਼ ਕਨੈਕਟੀਵਿਟੀ-ਅਧਾਰਿਤ ਇਨਫ੍ਰਾਸਟ੍ਰਕਚਰ ਵਿਕਾਸ ਨੂੰ ਤਰਜੀਹ ਦੇ ਰਿਹਾ ਹੈ।**

**777**

**ਪ੍ਰੋਜੈਕਟਾਂ ਨੇ 80% ਤੋਂ ਵੱਧ ਦੀ ਪ੍ਰਗਤੀ ਦਰ ਹਾਸਲ ਕੀਤੀ ਹੈ।**

**1,941**

**ਨਿਰਮਾਣ ਅਧੀਨ ਇਨਫ੍ਰਾਸਟ੍ਰਕਚਰ ਪ੍ਰੋਜੈਕਟ ਵਿੱਚ 786 ਮੈਗਾ ਪ੍ਰੋਜੈਕਟ ਹਨ ਜਿਨ੍ਹਾਂ ਦੀ ਲਾਗਤ 1,000 ਕਰੋੜ ਰੁਪਏ ਜਾਂ ਉਸ ਤੋਂ ਵੱਧ ਹੈ।**

## ਹੁਣ ਅਟਕਦੇ ਜਾਂ ਲਟਕਦੇ ਨਹੀਂ ਹਨ ਪ੍ਰੋਜੈਕਟ

- ਪ੍ਰਗਤੀ ਭਾਵ ਪ੍ਰੋ-ਐਕਟਿਵ ਗਵਰਨੈਂਸ ਐਂਡ ਟਾਇਮਲੀ ਇੰਪਲੀਮੈਂਟੇਸ਼ਨ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2015 ਵਿੱਚ ਕੀਤੀ ਸੀ ਜਿਸ ਵਿੱਚ ਤਕਨੀਕ ਦੀ ਮਦਦ ਨਾਲ ਪ੍ਰੋਜੈਕਟਾਂ ਦੀ ਨਿਗਰਾਨੀ ਉਨ੍ਹਾਂ ਦੀ ਅਗਵਾਈ ਵਿੱਚ ਕੀਤੀ ਜਾ ਰਹੀ ਹੈ।
- ਪ੍ਰੋਜੈਕਟਾਂ ਵਿੱਚ ਹੋਣ ਵਾਲੀ ਦੇਰੀ ਵਿੱਚ ਕਮੀ ਆਈ ਅਤੇ ਲਾਗਤ ਵਾਧੇ ਨੂੰ ਵੀ ਰੋਕਿਆ ਗਿਆ ਹੈ।

**85**

**ਲੱਖ ਕਰੋੜ ਰੁਪਏ ਤੋਂ ਵੱਧ ਮੁੱਲ ਦੇ 382 ਤੋਂ ਵੱਧ ਪ੍ਰੋਜੈਕਟਾਂ ਦੀ ਸਮੀਖਿਆ ਪ੍ਰਗਤੀ ਰਾਹੀਂ ਕੀਤੀ ਗਈ। ਜਿੱਥੇ ਰੁਕਾਵਟਾਂ ਸਨ, ਜਿੱਥੇ ਵੀ ਰੁਕਾਵਟਾਂ ਖੜ੍ਹੀਆਂ ਹੋਈਆਂ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਨਿਰਦੇਸ਼ਾਂ ਹੇਠ ਸਮਾਂਬੱਧ ਤਰੀਕੇ ਨਾਲ ਹੱਲ ਕੀਤਾ ਗਿਆ।**



## ਭਾਰਤ ਵਿੱਚ ਦੁਨੀਆ ਦਾ ਦੂਸਰਾ ਸਭ ਤੋਂ ਵੱਡਾ ਸੜਕ ਨੈੱਟਵਰਕ




**3,052** ਕਿਲੋਮੀਟਰ ਹੋ ਗਈ ਹੈ ਨਿਯੰਤ੍ਰਿਤ ਰਾਸ਼ਟਰੀ ਹਾਈ ਸਪੀਡ ਕੌਰੀਡੋਰ/ਐਕਸਪ੍ਰੈੱਸਵੇਅ ਦੀ ਲੰਬਾਈ, 2014 ਵਿੱਚ ਸੀ ਸਿਰਫ 93 ਕਿਲੋਮੀਟਰ।

**22,223** ਕਿਲੋਮੀਟਰ ਰਾਸ਼ਟਰੀ ਰਾਜਮਾਰਗ ਦਾ ਨਿਰਮਾਣ ਫਰਵਰੀ, 2026 ਤੱਕ ਭਾਰਤਮਾਲਾ ਪ੍ਰੋਗਰਾਮ ਵਿੱਚ ਹੋਇਆ, 26,425 ਕਿਲੋਮੀਟਰ ਨੂੰ ਮਨਜ਼ੂਰੀ ਦਿੱਤੀ ਗਈ ਹੈ।



## ਰੇਲਵੇ ਹੋਇਆ ਸਵੱਛ, ਸੁਰੱਖਿਅਤ ਅਤੇ ਤੇਜ਼

- **ਨੌਂ ਗੁਣਾ ਹੋਈ ਰੇਲਵੇ ਨੂੰ ਮਿਲਣ ਵਾਲੀ ਬਜਟ ਸਹਾਇਤਾ, 2014-15 ਵਿੱਚ 32,000 ਕਰੋੜ ਸੀ, 2025-26 ਵਿੱਚ 2.78 ਲੱਖ ਕਰੋੜ ਰੁਪਏ ਮਿਲਿਆ।**

**1,338** ਸਟੇਸ਼ਨ ਕੀਤੇ ਜਾ ਰਹੇ ਹਨ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਵਿੱਚ ਮੁੜ-ਵਿਕਸਿਤ, 200 ਤੋਂ ਵੱਧ ਦਾ ਕੰਮ ਪੂਰਾ। 119 ਸਟੇਸ਼ਨਾਂ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2025-26 ਵਿੱਚ ਕੀਤਾ।

**139**

**ਟਰਮੀਨਲ ਪੀਐੱਮ ਗਤੀ ਸ਼ਕਤੀ ਦੇ ਤਹਿਤ ਚਾਲੂ, 300 ਹੋਰ ਥਾਵਾਂ ਨੂੰ ਨਵੇਂ ਟਰਮੀਨਲ ਵਿਕਸਿਤ ਕਰਨ ਦੇ ਲਈ ਮਨਜ਼ੂਰੀ ਦਿੱਤੀ ਗਈ ਹੈ।**

**162**

**ਵੰਦੇ ਭਾਰਤ ਟ੍ਰੇਨ ਸਰਵਿਸ ਸ਼ੁਰੂ, 4,500 ਟ੍ਰੇਨ ਸੈੱਟ ਦਾ ਟੀਚਾ। 2030 ਤੱਕ 800 ਟ੍ਰੇਨਾਂ ਚਲਣਗੀਆਂ।**

- ਗੁਵਾਹਾਟੀ-ਹਾਵੜਾ (ਅਸਾਮ-ਪੱਛਮ ਬੰਗਾਲ) ਰਾਹ 'ਤੇ ਜਨਵਰੀ, 2026 ਵਿੱਚ ਵੰਦੇ ਭਾਰਤ ਸਲੀਪਰ ਸੇਵਾ ਸ਼ੁਰੂ, ਵੰਦੇ ਭਾਰਤ ਸਲੀਪਰ ਟ੍ਰੇਨਾਂ ਦੇ 260 ਟ੍ਰੇਨ ਸੈੱਟ ਬਣਾਉਣ ਦੀ ਯੋਜਨਾ ਹੈ।
- 51 ਕਿਲੋਮੀਟਰ ਲੰਬੀ ਬੈਰਾਬੀ-ਸੈਰਾਂਗ ਰੇਲਵੇ ਲਾਈਨ ਦੇ ਪੂਰਾ ਹੋਣ ਨਾਲ ਮਿਜ਼ੋਰਮ ਹੁਣ ਭਾਰਤ ਦੇ ਰੇਲਵੇ ਨੈੱਟਵਰਕ ਨਾਲ ਜੁੜ ਗਿਆ ਹੈ।
- ਕਸ਼ਮੀਰ ਘਾਟੀ ਵਿੱਚ ਰੇਲ ਨਾਲ ਮਾਲ ਢੁਆਈ ਅਤੇ ਆਰਥਿਕ ਜੁੜਾਅ ਮਜ਼ਬੂਤ ਹੋਇਆ। 22 ਜਨਵਰੀ 2026 ਨੂੰ 42 ਡੱਬਿਆਂ ਵਾਲੀ ਪਹਿਲੀ ਪੂਰੀ ਮਾਲਗੱਡੀ, ਜਿਸ ਵਿੱਚ 2,768 ਮੀਟ੍ਰਿਕ ਟਨ ਚੌਲ ਸੀ, ਅਨੰਤਨਾਗ ਪਹੁੰਚੀ।
- 7 ਨਵੇਂ ਹਾਈਸਪੀਡ ਰੇਲ ਕੌਰੀਡੋਰ ਵਿਕਸਿਤ ਹੋਣਗੇ। ਲਗਭਗ 4,000 ਕਿਲੋਮੀਟਰ ਨੈੱਟਵਰਕ ਬਣੇਗਾ। 16 ਲੱਖ ਕਰੋੜ ਰੁਪਏ ਦੇ ਨਿਵੇਸ਼ ਦੀ ਉਮੀਦ।

## ਸਮੁੰਦਰੀ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤੀ

***ਅਧਿਸੂਚਿਤ ਰਾਸ਼ਟਰੀ ਜਲਮਾਰਗ***

ਵਰ੍ਹੇ 2014 ਵਿੱਚ 5 ਸੀ ਜੋ ਵਰ੍ਹੇ 2026 ਵਿੱਚ 111 ਹੋ ਗਏ।

***ਭਾਰਤੀ ਝੰਡੇ ਵਾਲੇ ਜਹਾਜ਼ਾਂ/ਬੰਦਰਗਾਹਾਂ ਦੀ ਸੰਖਿਆ***

**2014 ਵਿੱਚ 1,250 ਸੀ, 2026 ਵਿੱਚ 1,593 ਹੋ ਗਈ।**

***ਮੇਜਰ ਪੋਰਟ ਸਮਰੱਥਾ ਕਰੀਬ ਦੁੱਗਣੀ***

ਵਰ੍ਹੇ 2014 ਵਿੱਚ 873 ਐੱਮਐੱਮਟੀਪੀਏ ਸੀ, 2026 ਵਿੱਚ 1,726 ਐੱਮਐੱਮਟੀਪੀਏ ਹੋਈ।



> ***"ਅੱਜ ਦੇਸ਼ ਵਿੱਚ ਬਹੁਤ ਤੇਜ਼ੀ ਨਾਲ ਮੈਗਾ ਪ੍ਰੋਜੈਕਟ 'ਤੇ ਕੰਮ ਹੋ ਰਿਹਾ ਹੈ। ਉੱਤਰ ਵਿੱਚ ਦੇਖੋਗੇ, ਤਾਂ ਜੰਮੂ ਕਸ਼ਮੀਰ ਵਿੱਚ ਦੁਨੀਆ ਦੇ ਸਭ ਤੋਂ ਉੱਚੇ ਰੇਲ ਬ੍ਰਿਜ ਵਿੱਚੋਂ ਇੱਕ, ਚਿਨਾਬ ਬ੍ਰਿਜ ਬਣਿਆ ਹੈ। ਪੱਛਮ ਵਿੱਚ ਜਾਓਗੇ, ਤਾਂ ਮੁੰਬਈ ਵਿੱਚ ਦੇਸ਼ ਦਾ ਸਭ ਤੋਂ ਲੰਬਾ ਸੀ ਬ੍ਰਿਜ, ਅਟਲ ਸੇਤੂ ਬਣਿਆ ਹੈ। ਪੂਰਬ ਵਿੱਚ ਜਾਓਗੇ, ਤਾਂ ਅਸਾਮ ਦੇ ਬੋਗੀਬੀਲ ਬ੍ਰਿਜ ਦੇ ਦਰਸ਼ਨ ਹੋਣਗੇ। ਦੱਖਣ ਵਿੱਚ ਦੁਨੀਆ ਦੇ ਗਿਣੇ-ਚੁਣੇ ਵਰਟੀਕਲ ਲਿਫਟ ਬ੍ਰਿਜ ਵਿੱਚੋਂ ਇੱਕ, ਪੰਬਨ ਬ੍ਰਿਜ ਦਾ ਨਿਰਮਾਣ ਪੂਰਾ ਹੋਇਆ ਹੈ। ਦੇਸ਼ ਦੀ ਪਹਿਲੀ ਬੁਲੇਟ ਟ੍ਰੇਨ 'ਤੇ ਤੇਜ਼ੀ ਨਾਲ ਕੰਮ ਚਲ ਰਿਹਾ ਹੈ।***
>
> ***–ਨਰੇਂਦਰ ਮੋਦੀ, ਪ੍ਰਧਾਨ ਮੰਤਰੀ***



## ਮੈਟਰੋ ਰੇਲ ਨੈੱਟਵਰਕ

**1,155**

ਕਿਲੋਮੀਟਰ ਭਾਰਤ ਦਾ ਮੈਟਰੋ ਨੈੱਟਵਰਕ 2026 ਵਿੱਚ ਹੋ ਗਿਆ ਹੈ ਜੋ ਵਰ੍ਹੇ 2014 ਵਿੱਚ 248 ਕਿਲੋਮੀਟਰ ਸੀ।

- ਕੇਂਦਰੀ ਬਜਟ 2026-27 ਵਿੱਚ ਇਨਫ੍ਰਾਸਟ੍ਰਕਚਰ ਜੋਖਮ ਗਰੰਟੀ ਫੰਡ ਅਤੇ ਨਗਰ ਆਰਥਿਕ ਖੇਤਰ ਜਿਹੇ ਨਵੇਂ ਉਪਾਅ ਪੇਸ਼ ਕੀਤੇ ਗਏ ਹਨ, ਜੋ ਇਨਫ੍ਰਾਸਟ੍ਰਕਚਰ ਅਧਾਰਿਤ ਵਿਕਾਸ ਅਤੇ ਸੰਤੁਲਿਤ ਸ਼ਹਿਰੀ ਵਿਕਾਸ ਨੂੰ ਮਜ਼ਬੂਤ ਕਰਦੇ ਹਨ।
- ਸਰਕਾਰੀ ਪ੍ਰਾਪਰਟੀ ਮੁਦ੍ਰੀਕਰਣ ਨਾਲ 1.5 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਪ੍ਰਾਪਤ ਹੋਈ ਹੈ, ਜਿਸ ਨਾਲ ਨਵੇਂ ਪ੍ਰੋਜੈਕਟ ਵਿੱਚ ਪੈਸੇ ਦੀ ਫਿਰ ਤੋਂ ਆਵਾਜਾਈ ਹੋਈ ਹੈ। ਇਸ ਨੇ ਆਲਮੀ ਨਿਵੇਸ਼ਕਾਂ ਨੂੰ ਆਕਰਸ਼ਿਤ ਕੀਤਾ ਹੈ।

## ਇਨਫ੍ਰਾਸਟ੍ਰਸਕਚਰ ਵਿੱਚ ਵਧੀ ਨਿਜੀ ਭਾਗੀਦਾਰੀ

ਵਿਸ਼ਵ ਬੈਂਕ ਦੇ ਅਨੁਸਾਰ, ਭਾਰਤ ਦੱਖਣ ਏਸ਼ੀਆ ਵਿੱਚ ਇਨਫ੍ਰਾਸਟ੍ਰਕਚਰ ਵਿੱਚ ਨਿਜੀ ਭਾਗੀਦਾਰੀ (ਪੀਪੀਆਈ) ਨਿਵੇਸ਼ ਦਾ ਸਭ ਤੋਂ ਵੱਡਾ ਪ੍ਰਾਪਤਕਰਤਾ ਬਣ ਕੇ ਉਭਰਿਆ ਹੈ, ਜੋ ਇਸ ਖੇਤਰ ਦੇ ਕੁੱਲ ਨਿਵੇਸ਼ ਦਾ 90% ਤੋਂ ਵੱਧ ਹੈ।



## ਇਨਫ੍ਰਾਸਟ੍ਰਕਚਰ 'ਤੇ ਖਰਚ ਨਾਲ ਵਧਦੀਆਂ ਹਨ ਨੌਕਰੀਆਂ

- ਅੰਤਰਰਾਸ਼ਟਰੀ ਮੁਦ੍ਰਾ ਫੰਡ ਦਾ ਕਹਿਣਾ ਹੈ ਕਿ ਇਨਫ੍ਰਾਸਟ੍ਰਕਚਰ ਵਿੱਚ ਕੀਤੇ ਗਏ ਹਰ ਕਰੀਬ 8.3 ਕਰੋੜ ਰੁਪਏ ਦੇ ਨਿਵੇਸ਼ ਨਾਲ 7 ਤੋਂ 30 ਨਵੀਆਂ ਨੌਕਰੀਆਂ ਪੈਦਾ ਹੁੰਦੀਆਂ ਹਨ। ਇਸ ਦਾ ਸਿੱਧਾ ਫਾਇਦਾ ਸਟੀਲ, ਸੀਮੇਂਟ ਅਤੇ ਟ੍ਰਾਂਸਪੋਰਟ ਖੇਤਰਾਂ ਨੂੰ ਹੁੰਦਾ ਹੈ, ਜਿੱਥੇ ਰੁਜ਼ਗਾਰ ਦੇ ਨਵੇਂ ਮੌਕੇ ਤੇਜ਼ੀ ਨਾਲ ਵਧਦੇ ਹਨ।
- ਇਨਫ੍ਰਾਸਟ੍ਰਕਚਰ 'ਤੇ ਸਿਰਫ਼ ਇੱਕ ਵਰ੍ਹੇ ਵਿੱਚ 12 ਲੱਖ ਕਰੋੜ ਤੋਂ ਵੱਧ ਖਰਚ ਕਰਨ ਨਾਲ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਮਿਲਣਗੇ। ਇੱਕ ਅਨੁਮਾਨ ਦੱਸਦਾ ਹੈ ਕਿ ਸਿਰਫ ਨਿਰਮਾਣ ਖੇਤਰ ਨਾਲ ਹੀ 2030 ਤੱਕ 10 ਕਰੋੜ ਲੋਕਾਂ ਨੂੰ ਨੌਕਰੀ ਮਿਲਣ ਦੀ ਉਮੀਦ ਹੈ।

## ਵਧੀ ਗ੍ਰਾਮੀਣ ਕਨੈਕਟੀਵਿਟੀ... ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ



**8.25**

ਲੱਖ ਕਿਲੋਮੀਟਰ ਗ੍ਰਾਮੀਣ ਸੜਕਾਂ ਨੂੰ ਮਨਜ਼ੂਰੀ ਵੀ ਦਿੱਤੀ ਗਈ ਸ਼ੁਰੂਆਤ ਤੋਂ ਦਸੰਬਰ, 2025 ਤੱਕ।

**7.87**

ਲੱਖ ਕਿਲੋਮੀਟਰ ਸੜਕਾਂ ਦਸੰਬਰ 2025 ਤੱਕ ਬਣੀਆਂ

## ਪੀਐੱਮ ਗਤੀ ਸ਼ਕਤੀ ਨੇ ਦਿੱਤੀ ਇਨਫ੍ਰਾ ਪ੍ਰੋਜੈਕਟ ਨੂੰ ਗਤੀ

**16.10**

ਲੱਖ ਕਰੋੜ ਰੁਪਏ

ਦੀ ਕੁੱਲ ਅਨੁਮਾਨਿਤ ਲਾਗਤ ਵਾਲੇ 352 ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਦਾ ਪੀਐੱਮ ਗਤੀ ਸ਼ਕਤੀ ਰਾਸ਼ਟਰੀ ਮਾਸਟਰ ਪਲਾਨ ਦੇ ਨੈੱਟਵਰਕ ਪਲਾਨਿੰਗ ਗਰੁੱਪ ਨੇ ਮੁਲਾਂਕਣ ਕੀਤਾ।

201 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ, ਇਨ੍ਹਾਂ ਵਿੱਚੋਂ 167 ਪ੍ਰੋਜੈਕਟਾਂ ਲਾਗੂਕਰਨ ਦੇ ਤਹਿਤ ਹਨ।



# ਵਿਗਿਆਨ-ਤਕਨੀਕ ਭਾਵ ਪਾਰਦਰਸ਼ਿਤਾ ਅਤੇ ਪਰਿਵਰਤਨ ਦਾ ਯੁੱਗ


*ਸ਼ਾਸਤਰਾਂ ਵਿੱਚ ਕਿਹਾ ਗਿਆ ਹੈ - ਗ਼ਾਨਮ੍ ਵਿਗ਼ਾਨ ਸਹਿਤਮ੍ ਯਤ੍ ਗ਼ਾਤਵਾ ਮੋਕਸ਼ਯਸੇ ਅਸ਼ੁਮਾਤ੍।। ਭਾਵ, ਜਦੋਂ ਗਿਆਨ ਨੂੰ ਵਿਗਿਆਨ ਨਾਲ ਜੋੜਿਆ ਜਾਂਦਾ ਹੈ, ਜਦੋਂ ਗਿਆਨ ਅਤੇ ਵਿਗਿਆਨ ਨੂੰ ਪੇਸ਼ ਕੀਤਾ ਜਾਂਦਾ ਹੈ, ਤਾਂ ਦੁਨੀਆ ਦੀਆਂ ਸਾਰੀਆਂ ਸਮੱਸਿਆਵਾਂ ਅਤੇ ਸੰਕਟਾਂ ਤੋਂ ਮੁਕਤੀ ਦਾ ਰਾਹ ਆਪਣੇ ਆਪ ਖੁੱਲ੍ਹ ਜਾਂਦਾ ਹੈ। ਵਿਗਿਆਨ ਹੱਲ, ਵਿਕਾਸ ਅਤੇ ਨਵੀਨਤਾ ਦੀ ਨੀਂਹ ਹੈ। ਇਸ ਤੋਂ ਪ੍ਰੇਰਿਤ ਹੋ ਕੇ, ਅੱਜ ਦਾ ਨਵਾਂ ਭਾਰਤ ਅੱਗੇ ਵਧ ਰਿਹਾ ਹੈ, ਨੌਜਵਾਨਾਂ ਦੀ ਜਿੱਤ, ਕਿਸਾਨ ਦੀ ਜਿੱਤ, ਵਿਗਿਆਨ ਦੀ ਜਿੱਤ ਅਤੇ ਖੋਜ ਦੀ ਜਿੱਤ ਦਾ ਸੱਦਾ ਦੇ ਰਿਹਾ ਹੈ। ਵਿਗਿਆਨ ਅਤੇ ਤਕਨੀਕ ਭਾਰਤ ਦੇ ਵਿਕਾਸ ਦਾ ਪ੍ਰਮੁੱਖ ਉਪਕਰਣ ਬਣ ਕੇ ਲਿਖ ਰਹੇ ਹਨ ਇੱਕ ਨਵੇਂ ਭਾਰਤ ਦੀ ਗਾਥਾ...*

## ਗਲੋਬਲ ਸਾਇੰਸ ਐਂਡ ਟੈਕਨੋਲੋਜੀ ਇੰਡੈਕਸ ਵਿੱਚ ਉਚਾਈ ਛੂੰਹਦਾ ਭਾਰਤ

**ਗਲੋਬਲ ਇਨੋਵੇਸ਼ਨ ਇੰਡੈਕਸ (GII) 2025**
ਭਾਰਤ ਨੇ ਦੁਨੀਆ ਦੀ ਟੌਪ ਇਨੋਵੇਟਿਵ ਇਕੌਨਮੀ ਵਿੱਚ 38ਵਾਂ ਰੈਂਕ ਹਾਸਲ ਕੀਤਾ।

***WIPO ਰਿਪੋਰਟ 2023***
ਭਾਰਤ ਦੁਨੀਆ ਵਿੱਚ ਇੰਟੇਲੈਕਚੁਅਲ ਪ੍ਰਾਪਰਟੀ ਫਾਇਲਿੰਗ ਦੇ ਮਾਮਲੇ ਵਿੱਚ 6ਵੇਂ ਥਾਂ 'ਤੇ ਹੈ।

***ਨੈੱਟਵਰਕ ਰੈਡੀਨੈੱਸ ਇੰਡੈਕਸ 2024***






- NRI ਦੁਨੀਆ ਭਰ ਦੀ 133 ਇਕੌਨਮੀ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਇਸਤੇਮਾਲ ਅਤੇ ਪ੍ਰਭਾਵ 'ਤੇ ਪ੍ਰਮੁੱਖ ਗਲੋਬਲ ਇੰਡੈਕਸ ਵਿੱਚੋਂ ਇੱਕ ਹੈ।
- ਰਿਸਰਚ ਪਬਲੀਕੇਸ਼ਨ ਦੇ ਮਾਮਲੇ ਵਿੱਚ ਭਾਰਤ ਦੁਨੀਆ ਵਿੱਚ ਤੀਜੇ ਥਾਂ 'ਤੇ ਹੈ।


## ਬੀਤੇ ਇੱਕ ਦਹਾਕੇ ਵਿੱਚ ਬਦਲਾਅ

- ਰਿਸਰਚ ਐਂਡ ਡਿਵੈਲਪਮੈਂਟ 'ਤੇ ਖਰਚ ਦੁੱਗਣਾ ਹੋਇਆ ਹੈ।
- ਸਵੀਕ੍ਰਿਤ ਪੇਟੈਂਟ ਸੰਖਿਆ 1 ਲੱਖ ਦੇ ਪਾਰ ਪਹੁੰਚੀ, 2014 ਵਿੱਚ 5,978 ਸਨ। ਪੇਟੈਂਟ ਦੀ ਸੰਖਿਆ 17 ਗੁਣਾ ਵਧੀ।
- 2,00,000 ਤੋਂ ਵੱਧ ਸਟਾਰਟਅੱਪਸ ਦੇ ਨਾਲ ਭਾਰਤ ਹੁਣ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਬਣ ਗਿਆ ਹੈ।

**6,000** ਤੋਂ ਵੱਧ ਡੀਪ ਟੈੱਕ ਸਟਾਰਟਅੱਪ ਹਨ ਜੋ ਕਲੀਨ ਐਨਰਜੀ, ਐਡਵਾਂਸਡ ਮਟੀਰੀਅਲ ਜਿਹੇ ਖੇਤਰਾਂ ਵਿੱਚ ਕੰਮ ਕਰ ਰਹੇ ਹਨ।

- ਭਾਰਤ ਦਾ ਸੈਮੀਕੰਡਕਟਰ ਖੇਤਰ ਵੀ ਹੁਣ ਉਡਾਣ ਭਰ ਚੁੱਕਿਆ ਹੈ। ਸੈਮੀਕੰਡਕਟਰ ਮਿਸ਼ਨ 2.0 ਦੀ ਸ਼ੁਰੂਆਤ ਹੋਵੇਗੀ।

**ਬਾਇਓ-ਇਕੌਨਮੀ**




**ਰਾਸ਼ਟਰੀ ਕੁਆਂਟਮ ਮਿਸ਼ਨ**
4 ਥੀਮੈਟਿਕ ਹੱਬ ਸਥਾਪਿਤ ਕੀਤੇ ਗਏ, ਜਿਨ੍ਹਾਂ ਵਿੱਚ 43 ਥਾਵਾਂ ਦੇ 152 ਖੋਜਕਰਤਾ ਅਤੇ 17 ਪ੍ਰੋਜੈਕਟ ਟੀਮਾਂ ਸ਼ਾਮਲ ਹਨ।

- ਦੁਨੀਆ ਦਾ ਸਭ ਤੋਂ ਪਹਿਲਾ ਅਤੇ ਸਫਲ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਭਾਰਤ ਦੇ ਕੋਲ ਹੈ। 2.18 ਲੱਖ ਗ੍ਰਾਮ ਪੰਚਾਇਤਾਂ ਨੂੰ ਔਪਟੀਕਲ ਫਾਈਬਰ ਨਾਲ ਜੋੜਿਆ ਗਿਆ।
- ਭਾਰਤ ਪੁਲਾੜ ਪ੍ਰੋਗਰਾਮਾਂ ਵਿੱਚ ਬੀਤੇ ਵਰ੍ਹਿਆਂ ਵਿੱਚ ਚੰਦ ਅਤੇ ਮੰਗਲ ਤੱਕ ਪਹੁੰਚਿਆ ਹੈ ਤਾਂ ਉਸ ਤਕਨਾਲੋਜੀ ਦੇ ਲਾਭ ਨਾਲ ਕਿਸਾਨ ਅਤੇ ਮਛੇਰਿਆਂ ਨੂੰ ਵੀ ਜੋੜਿਆ ਗਿਆ ਹੈ।
- 5,000 ਤੋਂ ਵੱਧ ਹੋਈ ਸਲਾਨਾ ਮਹਿਲਾਵਾਂ ਦੀ ਤਰਫ ਤੋਂ ਪੇਟੈਂਟ ਫਾਇਲਿੰਗ।
- INSPIRE MANAK ਨੇ ਦੇਸ਼ ਭਰ ਵਿੱਚ STEM ਸਿੱਖਿਆ ਨੂੰ ਹੁਲਾਰਾ ਦਿੱਤਾ ਹੈ। ਵਰ੍ਹੇ 2025-26 ਵਿੱਚ ਸਕੂਲਾਂ ਤੋਂ ਕੁੱਲ 11.47 ਲੱਖ ਵਿਚਾਰਾਂ ਅਤੇ ਨਵੀਨਤਾਵਾਂ ਨੂੰ ਜੁਟਾਇਆ ਗਿਆ। ਨਾਮਾਂਕਣਾਂ ਵਿੱਚੋਂ 52% ਲੜਕੀਆਂ।
- 43% ਹੋਈ STEM ਐਜੁਕੇਸ਼ਨ ਵਿੱਚ ਮਹਿਲਾ ਭਾਗੀਦਾਰੀ, ਆਲਮੀ ਔਸਤ ਤੋਂ ਵੱਧ।
- 10,000 ਟਿੰਕਰਿੰਗ ਲੈਬਸ ਬਣਾਈਆਂ ਗਈਆਂ, ਇਨ੍ਹਾਂ ਵਿੱਚ 1 ਕਰੋੜ ਤੋਂ ਵੱਧ ਬੱਚੇ ਐਕਸਪੈਰੀਮੈਂਟ ਕਰ ਰਹੇ ਹਨ। ਇਸ ਸਫਲਤਾ ਦੇ ਬਾਅਦ ਹੁਣ 25 ਹਜ਼ਾਰ ਨਵੀਂ ਅਟਲ ਟਿੰਕਰਿੰਗ ਲੈਬ ਬਣਾਉਣ ਦੀ ਦਿਸ਼ਾ ਵਿੱਚ ਭਾਰਤ ਕੰਮ ਕਰ ਰਿਹਾ ਹੈ।
- ਪਿਛਲੇ ਕੁਝ ਵਰ੍ਹਿਆਂ ਵਿੱਚ 7 ਨਵੀਆਂ IIT's ਅਤੇ 16 ਟ੍ਰਿਪਲ ਆਈਟੀ ਵੀ ਬਣ ਚੁੱਕੀਆਂ ਹਨ।
- ਨਵੀਂ ਐਜੂਕੇਸ਼ਨ ਪਾਲਿਸੀ ਵਿੱਚ ਯੁਵਾ ਹੁਣ ਸਾਇੰਸ ਅਤੇ ਇੰਜੀਨੀਅਰਿੰਗ ਜਿਹੇ STEM ਕੋਰਸ ਆਪਣੀ ਸਥਾਨਕ ਭਾਸ਼ਾ ਵਿੱਚ ਕਰ ਸਕਦੇ ਹਨ।
- ਅੱਜ ਰਿਟੇਲ ਤੋਂ ਲੈ ਕੇ ਲੌਜਿਸਟਿਕਸ ਤੱਕ ਕਸਟਮਰ ਸਰਵਿਸ ਤੋਂ ਲੈ ਕੇ ਬੱਚਿਆਂ ਦੇ ਹੋਮਵਰਕ ਤੱਕ, ਹਰ ਥਾਂ AI ਦਾ ਇਸਤੇਮਾਲ ਹੋ ਰਿਹਾ ਹੈ। ਇਸੇ ਕੜੀ ਵਿੱਚ ਭਾਰਤ ਇੰਡੀਆ ਏਆਈ ਮਿਸ਼ਨ ਵਿੱਚ 10,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਜਾ ਰਿਹਾ ਹੈ।

ਕਵਰ ਸਟੋਰੀ
ਵਿਕਾਸ ਯਾਤਰਾ ਦੇ 12 ਵਰ੍ਹੇ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡਿਜੀਟਲ ਟੈਕਨੋਲੋਜੀ ਨੂੰ ਜਿਸ ਤਰ੍ਹਾਂ ਨਾਲ ਅਪਣਾਇਆ ਹੈ ਅਜਿਹਾ ਕਿਸੇ ਹੋਰ ਨੇਤਾ ਨੇ ਨਹੀਂ ਕੀਤਾ ਹੈ। ਰਾਜਨੀਤੀ ਅਤੇ ਨੀਤੀ ਵਿੱਚ ਉਨ੍ਹਾਂ ਨੇ ਜਿਸ ਤਰ੍ਹਾਂ ਨਾਲ ਇਸ ਦਾ ਉਪਯੋਗ ਕੀਤਾ ਹੈ ਉਸ ਦੇ ਕਈ ਸਬੂਤ ਮਿਲ ਚੁੱਕੇ ਹਨ।

## ਭਾਰਤ ਦੀ ਡਿਜੀਟਲ ਉਚਾਈ


**5ਜੀ ਸੇਵਾ ਸਿਰਫ਼ 22 ਮਹੀਨਿਆਂ ਵਿੱਚ ਦੇਸ਼ ਦੇ 99.6% ਜ਼ਿਲ੍ਹਿਆਂ ਤੱਕ ਪਹੁੰਚੀ, ਜੋ ਦੁਨੀਆ ਦੇ ਸਭ ਤੋਂ ਤੇਜ਼ ਰੋਲਆਉਟ ਵਿੱਚੋਂ ਇੱਕ ਹੈ।**

**ਹੁਣ ਦੇਸ਼ ਦੇ 99.9% ਜ਼ਿਲ੍ਹਿਆਂ ਵਿੱਚ 5G ਸੇਵਾਵਾਂ ਉਪਲਬਧ ਹਨ।**


- 5G ਨਾਲ ਭਾਰਤ ਵਿੱਚ ਨਵੀਆਂ ਤਕਨੀਕਾਂ ਦੇ ਇਸਤੇਮਾਲ ਦੇ ਵੱਡੇ ਮੌਕੇ ਖੁੱਲ੍ਹ ਰਹੇ ਹਨ। ਇਸ ਨਾਲ ਖੇਤੀ, ਸਿਹਤ, ਸਿੱਖਿਆ, ਟ੍ਰਾਂਸਪੋਰਟ, ਸਮਾਰਟ ਸਿਟੀ, ਉਦਯੋਗ ਅਤੇ ਵਿੱਤੀ ਸੇਵਾਵਾਂ ਜਿਹੇ ਮਹੱਤਵਪੂਰਨ ਖੇਤਰਾਂ ਵਿੱਚ ਵੱਡਾ ਬਦਲਾਅ ਆਵੇਗਾ।
- ਇੰਟਰਨੈੱਟ ਡੇਟਾ ਦੀ ਕੀਮਤ ਵਿੱਚ 97.07% ਦੀ ਕਮੀ ਆਈ ਹੈ, ਜਿਸ ਨਾਲ ਆਮ ਲੋਕਾਂ ਦੇ ਲਈ ਇੰਟਰਨੈੱਟ ਸਸਤਾ ਅਤੇ ਅਸਾਨ ਹੋਇਆ।
- 6G ਤਕਨੀਕ ਵਿੱਚ ਦੁਨੀਆ ਦਾ ਮੋਹਰੀ ਦੇਸ਼ ਬਣੇਗਾ ਭਾਰਤ, ਟੀਚਾ ਹੈ 6G ਨਾਲ ਜੁੜੇ ਆਲਮੀ ਪੇਟੈਂਟ ਵਿੱਚ ਲਗਭਗ 10% ਯੋਗਦਾਨ ਹੋਵੇ, ਹੁਣ ਤੱਕ ਭਾਰਤ ਲਗਭਗ 4,000 ਪੇਟੈਂਟ ਦੇ ਚੁੱਕਿਆ ਹੈ।

**7.22** **ਲੱਖ ਕਿਲੋਮੀਟਰ ਔਪਟੀਕਲ ਫਾਈਬਰ ਕੇਬਲ ਵਿਛਾਈ ਜਾ ਚੁੱਕੀ ਹੈ ਭਾਰਤ ਨੈੱਟ ਯੋਜਨਾ ਵਿੱਚ, ਦੇਸ਼ ਭਰ ਵਿੱਚ ਇੰਟਰਨੈੱਟ ਕਨੈਕਟੀਵਿਟੀ ਮਜ਼ਬੂਤ ਹੋਈ ਹੈ।**

**ਭਾਰਤ ਵਿੱਚ ਇੰਟਰਨੈੱਟ ਕਨੈਕਸ਼ਨ ਸੰਖਿਆ**




**ਇੰਨੇ ਰੁਪਏ ਵਿੱਚ ਹੁਣ ਮਿਲ ਰਿਹਾ ਹੈ 1GB ਡੇਟਾ**




- **127.33 ਕਰੋੜ ਹੋਏ ਮੋਬਾਈਲ ਉਪਯੋਗਕਰਤਾ ਫਰਵਰੀ 2026 ਤੱਕ। ਡਿਜੀਟਲ ਪ੍ਰਣਾਲੀ ਦੇ ਕਾਰਨ ਪੈਸੇ ਭੇਜਣਾ, ਸਮਾਨ ਖਰੀਦ ਵਿੱਚ ਭੁਗਤਾਨ ਕਰਨਾ ਅਸਾਨ ਅਤੇ ਤੇਜ਼ ਹੋਇਆ।**
- **ਮੋਬਾਈਲ ਤ੍ਰਿ-ਸ਼ਕਤੀ ਨਾਲ ਸਰਕਾਰੀ ਯੋਜਨਾਵਾਂ ਦਾ ਲਾਭ ਸਿੱਧਾ ਸਹੀ ਲੋਕਾਂ ਤੱਕ ਪਹੁੰਚ ਰਿਹਾ ਹੈ। ਡੁਪਲੀਕੇਸ਼ਨ ਅਤੇ ਧੋਖਾਧੜੀ ਵਿੱਚ ਆਈ ਕਮੀ।**



### ਤਕਨੀਕ ਨੇ ਵਾਪਸ ਦਿਵਾਏ ਚੋਰੀ ਹੋਏ ਮੋਬਾਈਲ



**10** ਲੱਖ ਗੁਆਚੇ ਜਾਂ ਚੋਰੀ ਹੋਏ ਮੋਬਾਈਲ ਫੋਨ ਵੀ ਵਾਪਸ ਦਿਵਾਏ ਗਏ ਹਨ ਸੰਚਾਰ ਸਾਥੀ ਪਹਿਲ ਨਾਲ।

ਇਹ ਟੈਲੀਕੌਮ ਸੰਸਾਧਨਾਂ ਦੇ ਗਲਤ ਇਸਤੇਮਾਲ ਨੂੰ ਰੋਕਣ ਦੀ ਤਕਨੀਕ ਅਧਾਰਿਤ ਹੱਲ ਹੈ।

ਇਹ ਸ਼ੱਕੀ ਜਾਂ ਧੋਖਾਧੜੀ ਵਾਲੇ ਕਾਲ/ਮੈਸੇਜ ਦੀ ਸ਼ਿਕਾਇਤ ਕਰ ਸਕਦੇ ਹਨ, ਮੋਬਾਈਲ ਚੋਰੀ ਰਿਪੋਰਟ ਅਤੇ ਮੋਬਾਈਲ ਸੈੱਟ ਅਸਲੀ ਜਾਂ ਨਕਲੀ ਹੈ ਇਹ ਵੀ ਜਾਂਚ ਸਕਦੇ ਹਨ।




**2,300** ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਵਾਲੇ ਲੈਣ-ਦੇਣ ਫਾਇਨੈਂਸ਼ੀਅਲ ਫਰੌਡ ਰਿਸਕ ਇੰਡੀਕੇਟਰ (FRI) ਦੀ ਮਦਦ ਨਾਲ ਮਈ, 2025 ਵਿੱਚ ਸ਼ੁਰੂਆਤ ਦੇ ਬਾਅਦ ਤੋਂ ਰੋਕੇ ਗਏ।

> ***ਜਦੋਂ ਵਿਗਿਆਨ ਵਧਦਾ ਹੈ, ਜਦੋਂ ਨਵੀਨਤਾ, ਸਮਾਵੇਸ਼ੀ ਬਣਦੀ ਹੈ, ਅਤੇ ਜਦੋਂ ਤਕਨਾਲੋਜੀ, ਪਰਿਵਰਤਨ ਲਿਆਉਂਦੀ ਹੈ, ਤਾਂ ਵੱਡੀਆਂ ਉਪਲਬਧੀਆਂ ਦੀ ਨੀਂਹ ਮਜ਼ਬੂਤ ਹੁੰਦੀ ਹੈ, ਤਿਆਰ ਹੋ ਜਾਂਦੀ ਹੈ। ਪਿਛਲੇ 10-11 ਵਰ੍ਹਿਆਂ ਵਿੱਚ ਭਾਰਤ ਦੀ ਯਾਤਰਾ ਇਸੇ ਦ੍ਰਿਸ਼ਟੀਕੋਣ ਦੀ ਉਦਾਹਰਣ ਹੈ। ਭਾਰਤ ਹੁਣ ਤਕਨਾਲੋਜੀ ਦਾ ਖਪਤਕਾਰ ਨਹੀਂ, ਸਗੋਂ ਤਕਨਾਲੋਜੀ ਦੇ ਜ਼ਰੀਏ ਤਬਦੀਲੀ ਦਾ ਮੋਢੀ ਬਣ ਕੇ ਉਭਰਿਆ ਹੈ।***
>
> ***–ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

# ਸੁਧਾਰਾਂ ਨਾਲ ਅਸਾਨ ਹੋਈ ਉਦਯੋਗਾਂ ਦੀ ਰਾਹ

*ਭਾਰਤ ਨੂੰ ਬਿਜ਼ਨਸ ਅਤੇ ਨਿਵੇਸ਼ ਦੇ ਲਈ ਵੱਧ ਆਕਰਸ਼ਕ ਬਣਾਉਣ ਦੀ ਕੜੀ ਵਿੱਚ ਭਾਰਤ ਸਰਕਾਰ ਵਪਾਰ ਸੁਧਾਰ ਕਾਰਜ ਯੋਜਨਾ ਬਣਾ ਕੇ ਵਿਆਪਕ ਸੁਧਾਰਾਂ ਦੀ ਇੱਕ ਸੀਰੀਜ਼ 'ਤੇ ਲਗਾਤਾਰ ਕੰਮ ਕਰ ਰਹੀ ਹੈ। ਇਸ ਵਿੱਚ ਕਿਰਤ, ਵਾਤਾਵਰਣ, ਭੂਮੀ ਪ੍ਰਸ਼ਾਸਨ ਅਤੇ ਟੈਕਸੇਸ਼ਨ ਸਹਿਤ ਕਈ ਵਿਸ਼ੇ ਸ਼ਾਮਲ ਹਨ। ਸੁਧਾਰਾਂ ਨਾਲ ਦੇਸ਼ ਵਿੱਚ ਬਿਜ਼ਨਸ ਸਥਾਪਿਤ ਕਰਨ ਵਿੱਚ ਲਗਣ ਵਾਲਾ ਸਮਾਂ ਅਤੇ ਲਾਗਤ ਦੋਵਾਂ ਵਿੱਚ ਵੱਡੀ ਕਮੀ ਆਈ ਹੈ। ਵਰਤਮਾਨ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਅਨੁਕੂਲ ਵਾਤਾਵਰਣ ਨਾਲ ਭਾਰਤ ਵਿੱਚ ਵਧੇ ਹੋਏ ਨਿਵੇਸ਼, ਨਵੇਂ ਬਿਜ਼ਨਸ ਅਤੇ ਨਵੇਂ ਰੁਜ਼ਗਾਰ ਦੇ ਮੌਕੇ...*

## ਭਾਰਤ ਸਰਕਾਰ ਵਪਾਰ ਸੁਧਾਰ ਕਾਰਜ ਯੋਜਨਾ (ਬੀਆਰਏਪੀ) ਦੇ ਤਹਿਤ ਕਈ ਵੱਡੇ ਸੁਧਾਰ ਕਰ ਰਹੀ ਹੈ ਤਾਂ ਜੋ ਵਪਾਰ ਕਰਨਾ ਅਸਾਨ ਹੋ ਸਕੇ

- ਬੀਆਰਏਪੀ ਦੇ 7ਵੇਂ ਐਡੀਸ਼ਨ ਵਿੱਚ ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 9,700 ਤੋਂ ਵੱਧ ਸੁਧਾਰ ਕੀਤੇ ਜਾ ਚੁੱਕੇ ਹਨ।
- ਕਿਰਤ, ਵਾਤਾਵਰਣ, ਜ਼ਮੀਨ ਅਤੇ ਟੈਕਸ ਨਾਲ ਜੁੜੇ ਨਿਯਮ ਸਰਲ ਕੀਤੇ ਗਏ।
- ਵਾਤਾਵਰਣ ਮਨਜ਼ੂਰੀ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਅਸਾਨ ਅਤੇ ਡਿਜੀਟਲ ਹੋਈ।
- ਜ਼ਮੀਨ ਦੇ ਉਪਯੋਗ ਭਾਵ ਲੈਂਡ ਯੂਜ਼ ਬਦਲਣ ਦੀ ਪ੍ਰਕਿਰਿਆ ਨੂੰ ਸਰਲ ਅਤੇ ਔਨਲਾਈਨ ਕੀਤਾ ਗਿਆ।
- ਉਦਯੋਗਾਂ ਦੇ ਲਈ ਜ਼ਮੀਨ ਦੀ ਜਾਣਕਾਰੀ ਜੀਆਈਐੱਸ ਅਤੇ ਇੰਡੀਆ ਇੰਡਸਟ੍ਰੀਅਲ ਲੈਂਡ ਬੈਂਕ ਨਾਲ ਜੋੜੀ ਗਈ।
- ਬਿਲਡਿੰਗ ਬਣਾਉਣ ਦੇ ਨਿਯਮਾਂ ਵਿੱਚ ਬਦਲਾਅ ਕਰਕੇ ਜ਼ਮੀਨ ਦੀ ਬਰਬਾਦੀ ਘੱਟ ਕੀਤੀ ਗਈ।
- ਬਿਲਡਿੰਗ ਦੀ ਮਨਜ਼ੂਰੀ ਵਿੱਚ ਥਰਡ ਪਾਰਟੀ ਭਾਵ ਨਿਜੀ ਏਜੰਸੀਆਂ ਦੀ ਮਦਦ ਲਈ ਜਾ ਰਹੀ ਹੈ।
- ਓਕਿਉਪੇਸ਼ਨਲ/ਕੰਪਲੀਸ਼ਨ ਸਰਟੀਫਿਕੇਟ ਹੁਣ ਔਨਲਾਈਨ ਅਤੇ ਅਸਾਨ ਪ੍ਰਕਿਰਿਆ ਨਾਲ ਮਿਲਦੇ ਹਨ।
- ਕਈ ਕਾਨੂੰਨਾਂ ਵਿੱਚ ਛੋਟੇ ਉਲੰਘਣਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਹਟਾਇਆ ਗਿਆ।
- 32 ਕੇਂਦਰੀ ਮੰਤਰਾਲਾ/ਵਿਭਾਗ ਅਤੇ 33 ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੈਸ਼ਨਲ ਸਿੰਗਲ ਵਿੰਡੋ ਸਿਸਟਮ (ਐੱਨਐੱਸਡਬਲਿਊਐੱਸ) ਦੇ ਨਾਲ ਏਕੀਕ੍ਰਿਤ ਕੀਤਾ ਗਿਆ ਹੈ ਤਾਂ ਜੋ ਸਰਕਾਰ ਅਤੇ ਵਪਾਰ ਦੇ ਵਿੱਚ ਸਰਲ ਅਤੇ ਡਿਜੀਟਲ ਮਨਜ਼ੂਰੀ ਅਸਾਨੀ ਨਾਲ ਹੋ ਸਕੇ।
- 3,000 ਤੋਂ ਵੱਧ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਰਕਾਰ ਨਾਲ ਵਪਾਰ ਦੇ ਲਈ ਜ਼ਰੂਰੀ ਮਨਜ਼ੂਰੀ ਤੱਕ ਪਹੁੰਚ ਐੱਨਐੱਸਡਬਲਿਊਐੱਸ ਰਾਹੀਂ ਅਸਾਨ ਹੋਈ ਹੈ। ਕੇਂਦਰੀ ਵਿਭਾਗਾਂ ਦੀਆਂ 300 ਤੋਂ ਵੱਧ ਪ੍ਰਵਾਨਗੀਆਂ ਵੀ ਇੱਥੇ ਜੁੜੀਆਂ ਹਨ।



## ਰੈਗੁਲੇਟਰੀ ਅਨੁਪਾਲਣ ਬੋਝ (ਆਰਸੀਬੀ) ਪਹਿਲਕਦਮੀ

***ਭਾਰਤ ਸਰਕਾਰ ਨੇ 2020 ਵਿੱਚ ਰੈਗੁਲੇਟਰੀ ਅਨੁਪਾਲਣ ਬੋਝ (ਆਰਸੀਬੀ) ਪਹਿਲ ਦੀ ਸ਼ੁਰੂਆਤ ਕੀਤੀ। ਇਸ ਵਿੱਚ 2025 ਤੱਕ ਕੇਂਦਰ ਸਰਕਾਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਵਪਾਰਾਂ ਅਤੇ ਨਾਗਰਿਕਾਂ ਦੇ ਲਈ ਬੋਝ ਬਣੇ 47,000 ਅਨੁਪਾਲਣਾਂ ਦੀ ਪਛਾਣ ਕਰਕੇ ਉਸ ਨੂੰ ਘੱਟ ਕੀਤਾ।***

ਆਰਸੀਬੀ+ ਪਹਿਲਕਦਮੀ ਦੇ ਤਹਿਤ, ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਸਧਾਰਣ ਤੌਰ 'ਤੇ ਲਾਗੂ ਕੀਤੇ ਜਾਣ ਵਾਲੇ 23 ਅਧਿਨਿਯਮਾਂ ਵਿੱਚ ਪਛਾਣੇ ਗਏ, 6,262 ਅਨੁਪਾਲਣਾਂ ਵਿੱਚੋਂ 4,846 ਅਨੁਪਾਲਣਾਂ ਨੂੰ ਘੱਟ ਕੀਤਾ ਹੈ।

**ਰੈਗੂਲੇਟਰੀ ਅਨੁਪਾਲਣ ਬੋਝ**

**16,109**
ਅਨੁਪਾਲਣਾਂ ਨੂੰ ਸਰਲ ਬਣਾਇਆ ਗਿਆ।

**1500**
ਤੋਂ ਵੱਧ ਪੁਰਾਣੇ ਕਾਨੂੰਨ ਰੱਦ ਕੀਤੇ ਗਏ।

**4,623**
ਅਨੁਪਾਲਣਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕੀਤਾ ਗਿਆ।

**4,270**
ਗੈਰ-ਜ਼ਰੂਰੀ ਅਤੇ ਦੋਹਰਾਵ ਵਾਲੇ ਅਨੁਪਾਲਣਾਂ ਨੂੰ ਸਮਾਪਤ ਕੀਤਾ ਗਿਆ।

**22,287**
ਅਨੁਪਾਲਣਾਂ ਦਾ ਡਿਜੀਟਲੀਕਰਣ ਕੀਤਾ ਗਿਆ।

ਸੁਧਾਰ ਪਹਿਲ ਦੀ ਸ਼ੁਰੂਆਤ ਜਨ ਵਿਸ਼ਵਾਸ (ਪ੍ਰਾਵਧਾਨਾਂ ਦੀ ਸੋਧ) ਐਕਟ, 2023 ਤੋਂ ਹੋਈ। ਇਸ ਬਿਲ ਵਿੱਚ 42 ਕੇਂਦਰੀ ਐਕਟਾਂ ਵਿੱਚ ਸੋਧ ਕੀਤੀ।

**183** ਪ੍ਰਾਵਧਾਨਾਂ ਨੂੰ ਅਪਰਾਧਿਕ ਅਪਰਾਧ ਸ਼੍ਰੇਣੀ ਤੋਂ ਹਟਾ ਕੇ ਜੇਲ੍ਹ ਦੀ ਸਜ਼ਾ ਦੀ ਥਾਂ ਮੁਦਰਾ ਸਬੰਧੀ ਸਜ਼ਾ ਅਤੇ ਹੋਰ ਪ੍ਰਸ਼ਾਸਨਿਕ ਲਾਗੂਕਰਨ ਮਕੈਨਿਜ਼ਮ ਨੂੰ ਲਾਗੂ ਕੀਤਾ।



## ਜਨ ਵਿਸ਼ਵਾਸ ਐਕਟ ਨਾਲ ਅਸਾਨ ਹੋਇਆ ਵਪਾਰ


**ਜਨ ਵਿਸ਼ਵਾਸ (ਪ੍ਰਾਵਧਾਨਾਂ ਦੀ ਸੋਧ) ਬਿਲ, 2026**

**23** ਮੰਤਰਾਲਿਆਂ ਦੇ 79 ਕੇਂਦਰੀ ਐਕਟਾਂ ਵਿੱਚ ਸ਼ਾਮਲ 784 ਪ੍ਰਾਵਧਾਨਾਂ ਨੂੰ ਸੋਧਿਆ ਗਿਆ।




- **317** ਪ੍ਰਾਵਧਾਨਾਂ ਨੂੰ ਜੁਰਮਾਨੇ ਤੋਂ ਸਿਵਿਲ ਪੈਨਲਟੀ ਵਿੱਚ ਬਦਲਿਆ ਗਿਆ।
- **158** ਪ੍ਰਾਵਧਾਨਾਂ ਵਿੱਚ ਜੁਰਮਾਨਾਂ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ।
- **113** ਪ੍ਰਾਵਧਾਨਾਂ ਵਿੱਚ ਜੇਲ੍ਹ ਅਤੇ ਜੁਰਮਾਨੇ ਦੀ ਸਜ਼ਾ ਹਟਾ ਕੇ ਸਿਵਿਲ ਪੈਨਲਟੀ ਲਾਗੂ ਕੀਤੀ ਗਈ।
- **57** ਪ੍ਰਾਵਧਾਨਾਂ ਵਿੱਚ ਜੇਲ੍ਹ ਅਤੇ ਜੁਰਮਾਨਾ ਦੋਵੇਂ ਖਤਮ ਕੀਤੇ ਗਏ।
- **63** ਪ੍ਰਾਵਧਾਨਾਂ ਵਿੱਚ ਪਹਿਲੀ ਵਾਰ ਗਲਤੀ 'ਤੇ ਚੇਤਾਵਨੀ/ਨੋਟਿਸ ਦਾ ਪ੍ਰਾਵਧਾਨ ਕੀਤਾ ਗਿਆ।
- **17** ਪ੍ਰਾਵਧਾਨਾਂ ਵਿੱਚ ਜੇਲ੍ਹ ਦੀ ਸਜ਼ਾ ਘਟਾਈ ਗਈ ਜਦਕਿ 29 ਪ੍ਰਾਵਧਾਨਾਂ ਵਿੱਚ ਜੇਲ੍ਹ ਦੀ ਸਜ਼ਾ ਹਟਾ ਦਿੱਤੀ ਗਈ।
- **17** ਪ੍ਰਾਵਧਾਨਾਂ ਵਿੱਚ ਸਮਝੌਤੇ ਨਾਲ ਮਾਮਲਾ ਖਤਮ ਕਰਨ (ਕੰਪਾਉਂਡਿੰਗ) ਦੀ ਸੁਵਿਧਾ ਸ਼ੁਰੂ ਕੀਤੀ ਗਈ।
- **9** ਹੋਰ ਪ੍ਰਾਵਧਾਨਾਂ ਵਿੱਚ ਜੇਲ੍ਹ ਦੀ ਸਜ਼ਾ ਨੂੰ ਸਿਵਿਲ ਪੈਨਲਟੀ ਵਿੱਚ ਬਦਲਿਆ ਜਾਂ ਜੇਲ੍ਹ ਦੀ ਪ੍ਰਕ੍ਰਿਤੀ ਨੂੰ ਤਰਕਸ਼ੀਲ ਬਣਾਇਆ ਗਿਆ, ਅਪਰਾਧ ਦੇ ਦਾਇਰੇ ਨੂੰ ਸੀਮਤ ਕੀਤਾ ਗਿਆ।

## ਵਿਸ਼ਵ ਬੈਂਕ ਦੀ 'ਈਜ਼ ਆਫ ਡੂਇੰਗ ਬਿਜ਼ਨਸ ਰੈਂਕਿੰਗ 2020'




ਐੱਮਐੱਸਐੱਮਈ ਦੀ ਪਰਿਭਾਸ਼ਾ ਬਦਲੀ ਗਈ। ਐੱਮਐੱਸਐੱਮਈ ਦੇ ਲੋਨ ਨੂੰ ਬਾਹਰੀ ਬੈਂਚਮਾਰਕ ਨਾਲ ਜੋੜਿਆ ਗਿਆ। ਸੂਖਮ ਅਤੇ ਲਘੂ ਉੱਦਮਾਂ ਲਈ 10 ਲੱਖ ਰੁਪਏ ਤੱਕ ਬਿਨਾ ਗਰੰਟੀ ਲੋਨ ਉਪਲਬਧ ਹੈ। ਐੱਮਐੱਸਐੱਮਈ ਦੇ ਲਈ ਕਾਰਜਸ਼ੀਲ ਪੂੰਜੀ ਜ਼ਰੂਰਤਾਂ ਨੂੰ 5 ਕਰੋੜ ਰੁਪਏ ਤੱਕ ਦੇ ਲੋਨ ਸੀਮਾ ਨੂੰ ਅਨੁਮਾਨਿਤ ਸਲਾਨਾ ਟਰਨਓਵਰ ਦਾ ਨਿਊਨਤਮ 20% ਨਿਰਧਾਰਿਤ ਕੀਤਾ ਗਿਆ।



> *ਭਾਰਤ ਨੇ ਪਿਛਲੇ ਦਹਾਕੇ ਵਿੱਚ ਸ਼ਾਸਨ ਦੇ ਸੱਭਿਆਚਾਰ ਵਿੱਚ ਆਏ ਬਦਲਾਅ ਦਾ ਅਨੁਭਵ ਕੀਤਾ ਹੈ। ਜਦੋਂ ਫੈਸਲੇ ਸਮੇਂ 'ਤੇ ਲਏ ਜਾਂਦੇ ਹਨ, ਤਾਲਮੇਲ ਪ੍ਰਭਾਵੀ ਹੁੰਦਾ ਹੈ ਅਤੇ ਜਵਾਬਦੇਹੀ ਤੈਅ ਹੁੰਦੀ ਹੈ, ਤਾਂ ਸਰਕਾਰ ਦੇ ਸੰਚਾਲਨ ਦੀ ਗਤੀ ਸੁਭਾਵਕ ਤੌਰ 'ਤੇ ਵਧ ਜਾਂਦੀ ਹੈ। ਇਸ ਦਾ ਪ੍ਰਭਾਵ ਸਿੱਧਾ ਨਾਗਰਿਕਾਂ ਦੇ ਜੀਵਨ ਵਿੱਚ ਦਿਖਾਈ ਦੇਣ ਲਗਦਾ ਹੈ।*
>
> *–ਨਰੇਂਦਰ ਮੋਦੀ, ਪ੍ਰਧਾਨ ਮੰਤਰੀ*

# ਈਜ਼ ਆਫ ਲਿਵਿੰਗ
## ਕ੍ਰਾਂਤੀਕਾਰੀ ਬਦਲਾਅ

*ਈਜ਼ ਆਫ ਲਿਵਿੰਗ ਭਾਵ ਜੀਵਨ ਜਿਉਣ ਦੀ ਸੁਗਮਤਾ ਸਭ ਦਾ ਅਧਿਕਾਰ ਹੈ। ਨਵੇਂ ਭਾਰਤ ਦੀ ਸਿਖਰਲੀ ਅਗਵਾਈ ਦੀ ਇਸ ਸੋਚ ਦੇ ਦ੍ਰਿਸ਼ਟੀਕੋਣ 'ਸਿਰਫ਼ ਵਿਸ਼ੇਸ਼ ਵਰਗ' ਨਹੀਂ, ਸਗੋਂ ਗ੍ਰਾਮੀਣ, ਗ਼ਰੀਬ, ਕਬਾਇਲੀ, ਮੱਧ ਵਰਗ ਦੇ ਜੀਵਨ ਨੂੰ ਅਸਾਨ ਬਣਾਉਣਾ ਹੈ। ਕੇਂਦਰ ਸਰਕਾਰ ਨੇ ਬੀਤੇ 12 ਵਰ੍ਹਿਆਂ ਵਿੱਚ ਨਾ ਸਿਰਫ ਰਾਸ਼ਟਰ ਦੇ ਸੁਪਨਿਆਂ ਨੂੰ ਵੱਡੇ ਪੱਧਰ 'ਤੇ ਦੇਖਿਆ ਸਗੋਂ ਗ਼ਰੀਬੀ ਤੋਂ ਨਿਕਲ ਕੇ ਮੱਧ ਵਰਗ ਬਣਨ ਵਿੱਚ ਮਦਦ ਕਰਨ ਅਤੇ ਸੁਵਿਧਾ ਵਧਾਉਣ ਵਾਲੇ ਪ੍ਰੋਗਰਾਮਾਂ ਵਿੱਚ ਸੈਚੁਰੇਸ਼ਨ ਤੱਕ ਪਹੁੰਚਾਉਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਕੀਤਾ। ਇਸ ਲਈ ਈਜ਼ ਆਫ ਲਿਵਿੰਗ ਹੁਣ ਸ਼ਬਦ ਨਹੀਂ, ਬਣ ਗਿਆ ਹੈ ਸਰਕਾਰ ਦਾ ਮੰਤਰ...*

- ਨੈਕਸਟ-ਜਨਰੇਸ਼ਨ ਜੀਐੱਸਟੀ ਸੁਧਾਰ ਸਰਲ ਟੈਕਸੇਸ਼ਨ, ਨਾਗਰਿਕਾਂ 'ਤੇ ਘੱਟ ਬੋਝ ਅਤੇ ਵਪਾਰ ਕਰਨ ਦੀ ਅਸਾਨੀ ਵਿੱਚ ਸੁਧਾਰ ਦੇ ਵੱਲ ਨਿਰਣਾਇਕ ਕਦਮ ਹਨ। ਆਮਜਨ ਨੂੰ ਹੁਣ ਕਈ ਤਰ੍ਹਾਂ ਦੇ ਟੈਕਸ ਦੀ ਉਲਝਣ ਤੋਂ ਮੁਕਤੀ ਮਿਲੀ।
- ਈਜ਼ ਆਫ ਲਿਵਿੰਗ ਵਿੱਚ ਸੁਧਾਰ ਲਿਆਉਣ ਦੀ ਵਚਨਬੱਧਤਾ ਦੇ ਅਨੁਰੂਪ ਸਰਕਾਰ ਨੇ ਦਿੱਲੀ-ਐੱਨਸੀਆਰ ਸਹਿਤ ਦੇਸ਼ ਭਰ ਵਿੱਚ ਰਾਜਮਾਰਗ, ਰੇਲਵੇ, ਬੰਦਰਗਾਹ ਅਤੇ ਹਵਾਈ ਕਨੈਕਟੀਵਿਟੀ ਵਿੱਚ ਵਾਧਾ ਕੀਤਾ ਜਿਸ ਨਾਲ ਯਾਤਰਾ ਸੁਗਮ ਹੋਈ।
- ਈਜ਼ ਆਫ ਲਿਵਿੰਗ ਇੰਡੈਕਸ 2025 ਵਿੱਚ ਪੁਣੇ, ਨਵੀ ਮੁੰਬਈ, ਗ੍ਰੇਟਰ ਮੁੰਬਈ, ਤਿਰੂਪਤੀ ਅਤੇ ਚੰਡੀਗੜ੍ਹ ਟੌਪ 5 ਸ਼ਹਿਰਾਂ ਵਿੱਚ ਸ਼ਾਮਲ ਹਨ।
- ਸਰਕਾਰ ਨੇ ਇਨਕਮ ਟੈਕਸ ਐਕਟ, 1961 ਦਾ ਵਿਆਪਕ ਪੁਨਰਗਠਨ ਕਰਕੇ ਨਵਾਂ ਇਨਕਮ ਟੈਕਸ ਐਕਟ, 2025 ਲਾਗੂ ਕੀਤਾ। ਟੈਕਸ ਕਾਨੂੰਨ ਨੂੰ ਸਰਲ ਅਤੇ ਸੁਚਾਰੂ ਕਰਨ ਨਾਲ ਇਹ ਵਧੇਰੇ ਪਹੁੰਚਯੋਗ, ਪਾਰਦਰਸ਼ੀ ਹੋਵੇਗਾ। ਅਨੁਪਾਲਣ ਅਸਾਨ ਹੋਣ ਨਾਲ ਆਮਜਨ ਦਾ ਜੀਵਨ ਅਸਾਨ ਹੁੰਦਾ ਹੈ।
- ਟੂਰਿਸਟਾਂ ਦੀ ਯਾਤਰਾ ਸੁਰੱਖਿਅਤ ਅਤੇ ਸੁਵਿਧਾਜਨਕ ਬਣਾਉਣ ਦੇ ਲਈ ਟੋਲ ਫ੍ਰੀ ਨੰਬਰ 1800111363 ਅਤੇ 1363 ਹੈਲਪਲਾਈਨ ਸ਼ੁਰੂ ਕੀਤੀ ਹੈ। 10 ਅੰਤਰਰਾਸ਼ਟਰੀ ਸਹਿਤ 12 ਭਾਸ਼ਾਵਾਂ ਵਿੱਚ 24 ਘੰਟੇ ਉਪਲਬਧ ਹੈ।

ਵਰਕਰਾਂ ਦੀ ਭਲਾਈ ਅਤੇ ਵਰਕਰਾਂ ਦਾ ਜੀਵਨ ਅਸਾਨ ਕਰਨ ਦੇ ਲਈ 29 ਪੁਰਾਣੇ ਕਾਨੂੰਨਾਂ ਨੂੰ ਖਤਮ ਕਰਕੇ 4 ਕਿਰਤ ਕੋਡ ਲਾਗੂ ਕੀਤੇ।



**12.61 ਕਰੋੜ** ਤੋਂ ਵੱਧ ਗ੍ਰਾਮੀਣ ਪਰਿਵਾਰਾਂ ਨੂੰ ਨਲ ਕਨੈਕਸ਼ਨ ਦਿੱਤੇ ਗਏ, 13 ਮਈ, 2026 ਤੱਕ। ਹੁਣ 15.85 ਕਰੋੜ ਪਰਿਵਾਰਾਂ ਨੂੰ ਘਰ ਵਿੱਚ ਪੀਣ ਦਾ ਪਾਣੀ ਮਿਲ ਰਿਹਾ ਹੈ।



**58.18** ਕਰੋੜ ਜਨਧਨ ਖਾਤੇ ਖੋਲ੍ਹੇ ਗਏ ਜਿਸ ਨਾਲ ਆਮਜਨ ਦੀ ਬੈਂਕਿੰਗ, ਸਰਕਾਰੀ ਸਬਸਿਡੀ ਲਾਭ ਦੀ ਸੁਗਮਤਾ ਵਿੱਚ ਵਾਧਾ ਹੋਇਆ।

**1.90 ਕਰੋੜ ਡਿਜੀਟਲ ਜੀਵਨ ਪ੍ਰਮਾਣ ਪੱਤਰ ਘਰ ਬੈਠੇ ਜਮ੍ਹਾਂ ਕੀਤੇ ਗਏ, 1 ਅਪ੍ਰੈਲ 2025 ਤੋਂ 31 ਮਾਰਚ 2026 ਤੱਕ। ਡਿਜੀਟਲ ਜੀਵਨ ਪ੍ਰਮਾਣ ਪੱਤਰ ਨੇ ਸੀਨੀਅਰ ਨਾਗਰਿਕਾਂ ਦਾ ਜੀਵਨ ਪਹੁੰਚਯੋਗ ਬਣਾਇਆ ਹੈ।**

**₹12 ਲੱਖ** ਤੱਕ ਦੀ ਸਲਾਨਾ ਆਮਦਨ 'ਤੇ ਨਵੀਂ ਟੈਕਸ ਪ੍ਰਣਾਲੀ ਦੇ ਤਹਿਤ ਕੋਈ ਇਨਕਮ ਟੈਕਸ ਨਹੀਂ।




**₹75,000** ਦੀ ਮਿਆਰੀ ਕਟੌਤੀ ਵੇਤਨਭੋਗੀ ਟੈਕਸਪੇਅਰਸ ਲਈ ਹੈ।



ITR ਦਾਖਲਕਰਤਾ ਟੈਕਸਪੇਅਰ ਸੰਖਿਆ

**₹314 ਲੱਖ ਕਰੋੜ** ਤੋਂ ਵੱਧ ਦੀ ਟ੍ਰਾਂਜ਼ੈਕਸ਼ਨ 2025-26 ਵਿੱਚ ਯੂਪੀਆਈ ਨਾਲ ਹੋਈ. ਇਹ ਬੀਤੇ 10 ਵਰ੍ਹੇ ਵਿੱਚ 12 ਹਜ਼ਾਰ ਗੁਣਾ ਵਾਧਾ ਹੈ।




ਆਲਮੀ ਪੱਧਰ 'ਤੇ ਰੀਅਲ ਟਾਈਮ ਭੁਗਤਾਨ ਵਿੱਚ ਭਾਰਤੀ UPI ਹਿੱਸੇਦਾਰੀ **49%**

700 ਤੋਂ ਵੱਧ ਬੈਂਕ ਜੁੜੇ। ਅੱਜ ਕਰੀਬ 54 ਕਰੋੜ ਲੋਕ UPI ਦਾ ਉਪਯੋਗ ਕਰ ਰਹੇ ਹਨ।

> *ਜੀਵਨ ਸੁਗਮਤਾ ਹਰ ਨਾਗਰਿਕ ਦਾ ਅਧਿਕਾਰ ਹੈ। ਸਾਡੀ ਗਵਰਨੈਂਸ ਅਜਿਹੀ ਹੋਵੇ ਕਿ ਦੇਸ਼ ਦੇ ਨਾਗਰਿਕਾਂ ਦੀ Ease of Living, Quality of Life ਦਿਨੋਂ-ਦਿਨ ਬਿਹਤਰ ਹੋਣੀ ਚਾਹੀਦੀ ਹੈ, ਇਹੀ ਸਾਡੀ ਕਸੌਟੀ ਹੈ। ਮੈਂ ਪੂਰੇ ਵਿਸ਼ਵਾਸ ਦੇ ਨਾਲ ਕਹਿੰਦਾ ਹਾਂ ਕਿ ਇਹ ਭਾਰਤ ਵਿੱਚ ਰਹਿਣ ਦਾ ਸਭ ਤੋਂ ਚੰਗਾ ਸਮਾਂ ਹੈ। ਅੱਜ ਦੇ ਭਾਰਤ ਵਿੱਚ ਵਪਾਰ ਕਰਨਾ ਅਤੇ ਲੋਕਾਂ ਦਾ ਜੀਵਨ ਵੀ ਅਸਾਨ ਬਣ ਰਿਹਾ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



# ਸੁਵਿਧਾਵਾਂ ਜਿਨ੍ਹਾਂ ਨਾਲ ਅਸਾਨ ਹੋਇਆ ਜੀਵਨ



**1.15** ਕਰੋੜ ਲੋਕਾਂ ਦਾ ਹਰ ਦਿਨ ਜੀਵਨ ਅਸਾਨ ਕਰ ਰਹੀ ਹੈ ਮੈਟਰੋ ਰੇਲ


**1155** ਕਿਲੋਮੀਟਰ ਦਾ ਨੈੱਟਵਰਕ ਦੇਸ਼ ਦੇ 26 ਸ਼ਹਿਰਾਂ ਵਿੱਚ ਫੈਲਿਆ ਹੈ।

**12 ਕਰੋੜ ਪਖਾਨਿਆਂ ਦਾ ਨਿਰਮਾਣ ਸਵੱਛ ਭਾਰਤ ਮਿਸ਼ਨ ਵਿੱਚ**

- 4 ਕਰੋੜ ਤੋਂ ਵੱਧ ਆਵਾਸ ਪੀਐੱਮ ਆਵਾਸ ਯੋਜਨਾ ਵਿੱਚ ਵਿਸਤਾਰਿਤ ਕੀਤੇ ਗਏ ਜਿਸ ਨਾਲ ਗ੍ਰਾਮੀਣ ਖੇਤਰਾਂ ਦੇ ਨਾਲ-ਨਾਲ ਸ਼ਹਿਰੀ ਖੇਤਰਾਂ ਵਿੱਚ ਵੀ ਹਰ ਮੌਸਮ ਵਿੱਚ ਨਿਵਾਸ ਅਸਾਨ ਹੋਇਆ।
- 10.56 ਕਰੋੜ ਗੈਸ ਕਨੈਕਸ਼ਨ ਉੱਜਵਲਾ ਯੋਜਨਾ ਵਿੱਚ ਦਿੱਤੇ ਗਏ ਜਿਸ ਨਾਲ ਧੂੰਏਂ ਕਾਰਨ ਸਿਹਤ 'ਤੇ ਪੈਣ ਵਾਲਾ ਨਾ ਸਿਰਫ ਬੁਰਾ ਪ੍ਰਭਾਵ ਖਤਮ ਹੋਇਆ ਸਗੋਂ ਸਮੇਂ ਦੀ ਵੀ ਬੱਚਤ ਹੋਈ। ਲੱਕੜ ਲਿਆਉਣ ਜਾਂ ਗੋਬਰ ਦੇ ਗੋਹੇ (ਪਾਥੀਆਂ) ਵਿੱਚ ਲੱਗਣ ਵਾਲੇ ਵਾਧੂ ਸਮੇਂ ਦੀ ਬੱਚਤ ਹੋਈ।
- 9.3 ਕਰੋੜ ਯਾਤਰੀ ਲੈ ਚੁੱਕੇ ਏਅਰਪੋਰਟ 'ਤੇ ਡਿਜੀ ਯਾਤਰਾ ਸੁਵਿਧਾ ਦਾ ਲਾਭ, 38 ਏਅਰਪੋਰਟ 'ਤੇ ਡਿਜੀ ਯਾਤਰਾ ਸੁਵਿਧਾ ਹੈ ਸ਼ੁਰੂ।
- 5.87 ਲੱਖ ਸਿਟੀਜ਼ਨ ਸਰਵਿਸ ਸੈਂਟਰ (ਸੀਐੱਸਸੀ) ਸੇਵਾ ਦੇ ਰਹੇ ਹਨ ਦਸੰਬਰ, 2025 ਤੱਕ ਦੇਸ਼ ਵਿੱਚ, ਇੱਥੇ ਦਿੱਤੀ ਜਾਂਦੀ ਹੈ 800 ਤੋਂ ਵੱਧ ਤਰ੍ਹਾਂ ਦੀਆਂ ਸੇਵਾਵਾਂ। ਘਰ ਦੇ ਨੇੜੇ ਡਿਜੀਟਲ ਸੇਵਾਵਾਂ ਦੀ ਪਹੁੰਚ ਨਾਲ ਜੀਵਨ ਅਸਾਨ ਹੋਇਆ।
- 102.86 ਕਰੋੜ ਹੋਈ ਦਸੰਬਰ, 2025 ਵਿੱਚ ਇੰਟਰਨੈੱਟ ਯੂਜ਼ਰਜ਼ ਦੀ ਸੰਖਿਆ, 2014 ਵਿੱਚ ਸੀ ਸਿਰਫ਼ 25 ਕਰੋੜ, 300% ਤੋਂ ਵੱਧ ਦਾ ਵਾਧਾ। ਇੰਟਰਨੈੱਟ ਉਪਯੋਗਕਰਤਾਵਾਂ ਦੀ ਸੰਖਿਆ ਦੇ ਹਿਸਾਬ ਨਾਲ ਭਾਰਤ ਵਿਸ਼ਵ ਦੇ ਤਿੰਨ ਦੇਸ਼ਾਂ ਵਿੱਚ ਸ਼ਾਮਲ।
- 25 ਜੀਬੀ ਪ੍ਰਤੀ ਮਹੀਨਾ ਔਸਤਨ ਡੇਟਾ ਇਸਤੇਮਾਲ ਕਰਦੇ ਹਨ ਪ੍ਰਤੀ ਵਾਇਰਲੈੱਸ ਡੇਟਾ ਸਬਸਕ੍ਰਾਈਬਰ, ਉੱਚ ਆਮਦਨ ਵਾਲੇ ਦੇਸ਼ਾਂ ਵਿੱਚ 17.9 ਜੀਬੀ ਹੈ। ਪ੍ਰਤੀ ਜੀਬੀ ਡੇਟਾ ਲਾਗਤ 2014 ਵਿੱਚ 308 ਰੁਪਏ ਤੋਂ ਘਟ ਕੇ ਹੁਣ 7.87 ਰੁਪਏ ਹੋਈ। ਡੇਟਾ ਦੀ ਕਿਫਾਇਤੀ ਪਹੁੰਚ ਨਾਲ ਡਿਜੀਟਲ ਸੇਵਾਵਾਂ ਨਾਲ ਜੀਵਨ ਅਸਾਨ ਹੋਇਆ।

**1.64** ਕਰੋੜ ਤੋਂ ਵੱਧ ਯਾਤਰੀ ਲੈ ਚੁੱਕੇ ਹਨ ਉਡਾਣ ਯੋਜਨਾ ਦਾ ਲਾਭ।

**665** ਰੂਟਾਂ ਨਾਲ 95 ਏਅਰਪੋਰਟ-ਹੈਲੀਪੋਰਟ ਅਤੇ ਵਾਟਰ ਐਰੋਡ੍ਰੋਮ ਕਨੈਕਟਿਡ ਹਨ।



ਏਅਰਪੋਰਟ ਦੀ ਸੰਖਿਆ



# ਨਵੇਂ ਭਾਰਤ ਦੀ ਸ਼ਾਂਤੀ-ਸਮ੍ਰਿੱਧੀ ਦੀ ਤਾਕਤ 'ਅਸ਼ਟਲਕਸ਼ਮੀ'

*ਅਸ਼ਟਲਕਸ਼ਮੀ ਭਾਵ ਉੱਤਰ-ਪੂਰਬ ਦੇ ਅੱਠ ਰਾਜ, ਆਤਮਵਿਸ਼ਵਾਸ ਨਾਲ ਭਰੇ ਹਨ। ਨਵੀਂ ਦਿਸ਼ਾ 'ਤੇ ਚਲ ਪਏ ਹਨ ਅਤੇ ਰਾਸ਼ਟਰ ਦੀ ਵਿਕਾਸ ਯਾਤਰਾ ਦੀ ਅਗਵਾਈ ਕਰਨ ਨੂੰ ਤਤਪਰ ਹਨ। ਕਦੇ ਹਿੰਸਾ ਅਤੇ ਨਾਕਾਬੰਦੀ ਦੀ ਪਛਾਣ ਅਤੇ 5 ਕਰੋੜ ਤੋਂ ਵੱਧ ਆਬਾਦੀ ਵਾਲਾ ਇਹ ਖੇਤਰ ਹੁਣ ਵਿਕਾਸ ਪਥ 'ਤੇ ਚਲਦੇ ਹੋਏ ਸਮੁੱਚੇ ਵਿਕਾਸ ਦਾ ਗਵਾਹ ਬਣ ਰਿਹਾ ਹੈ। ਬੀਤੇ 12 ਵਿਸ਼ਿਆਂ ਵਿੱਚ ਵਿਕਾਸ ਦੀ ਇਸ ਨਵੀਂ ਧਾਰਾ ਨੇ ਸਿੱਧ ਕੀਤਾ ਹੈ ਕਿ ਹੁਣ ਉੱਤਰ-ਪੂਰਬ ਆਖਰੀ ਸਿਰ੍ਹਾ ਨਹੀਂ, ਸਗੋਂ ਸੁਰੱਖਿਆ ਅਤੇ ਸਮ੍ਰਿੱਧੀ ਦਾ ਪ੍ਰਵੇਸ਼ ਦੁਆਰ ਹੈ ਜੋ ਨਾ ਦਿੱਲੀ ਤੋਂ ਦੂਰ ਹੈ ਅਤੇ ਨਾ ਹੀ ਦਿਲ ਤੋਂ ਦੂਰ...*

## ਉੱਤਰ-ਪੂਰਬ 'ਤੇ ਵਿਸ਼ੇਸ਼ ਧਿਆਨ, ਦਿੱਲੀ ਨਾਲ ਵਧਿਆ ਜੁੜਾਅ

- ਪਿਛਲੇ 12 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਉੱਤਰ-ਪੂਰਬ ਭਾਰਤ ਨਾਲ ਸਿੱਧਾ ਜੁੜਾਅ ਵਧਾਇਆ ਹੈ। ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ ਅਤੇ ਸੀਨੀਅਰ ਅਧਿਕਾਰੀ ਨਿਯਮਿਤ ਤੌਰ 'ਤੇ ਉੱਤਰ-ਪੂਰਬ ਰਾਜਾਂ ਦਾ ਦੌਰਾ ਕਰਦੇ ਰਹੇ ਹਨ।
- ਸਰਕਾਰ ਨੇ ਤੈਅ ਕੀਤਾ ਹੈ ਕਿ ਹਰ 15 ਦਿਨ ਵਿੱਚ ਇੱਕ ਕੇਂਦਰੀ ਮੰਤਰੀ ਕਿਸੇ ਨਾ ਕਿਸੇ ਉੱਤਰ-ਪੂਰਬ ਰਾਜ ਦਾ ਦੌਰਾ ਕਰੇਗਾ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ 83 ਵਾਰ ਉੱਤਰ-ਪੂਰਬ ਦਾ ਦੌਰਾ ਕਰ ਚੁੱਕੇ ਹਨ ਤਾਂ ਜਨਵਰੀ, 2015 ਤੋਂ ਦਸੰਬਰ, 2025 ਦੇ ਵਿੱਚ ਕੇਂਦਰੀ ਮੰਤਰੀਆਂ ਨੇ 880 ਵਾਰ ਉੱਤਰ-ਪੂਰਬ ਦਾ ਦੌਰਾ ਕੀਤਾ ਹੈ।




## 10% ਦੀ ਬਜਟ ਸਹਾਇਤਾ

ਇਸ ਵਿਵਸਥਾ ਦੇ ਤਹਿਤ 55 ਮੰਤਰਾਲੇ/ਵਿਭਾਗ ਆਪਣੇ ਬਜਟ ਦਾ ਘੱਟ ਤੋਂ ਘੱਟ 10% ਉੱਤਰ-ਪੂਰਬ ਦੇ ਵਿਕਾਸ 'ਤੇ ਖਰਚ ਕਰਦੇ ਹਨ। ਇਨ੍ਹਾਂ ਯਤਨਾਂ ਨਾਲ ਉੱਤਰ-ਪੂਰਬ ਖੇਤਰ ਦਾ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ।




### ਬਜਟ ਵਿੱਚ ਖਰਚ ਇਤਿਹਾਸਿਕ ਵਿਸਤਾਰ

| | |
|---|---|
| 2014–15 | 24,819 ਕਰੋੜ ਰੁਪਏ |
| 2025–26 | 1,00,271 ਕਰੋੜ ਰੁਪਏ |



### ਬੀਤੇ 12 ਵਰ੍ਹਿਆਂ ਵਿੱਚ ਉੱਤਰ-ਪੂਰਬ ਨੂੰ ਭਰਪੂਰ ਰਾਸ਼ੀ ਮਿਲੀ

| ਕੁੱਲ ਬਜਟ ਵੰਡ | ਅਸਲ ਖਰਚ |
|---|---|
| 6.97 ਲੱਖ ਕਰੋੜ ਰੁਪਏ | 7.12 ਲੱਖ ਕਰੋੜ ਰੁਪਏ |





## ਉੱਤਰ-ਪੂਰਬ ਖੇਤਰ ਵਿੱਚ ਲਗਾਤਾਰ ਹੋ ਰਹੇ ਹਨ ਵਿਕਾਸ ਕਾਰਜ

ਉੱਤਰ-ਪੂਰਬ ਖੇਤਰ ਵਿਕਾਸ ਮੰਤਰਾਲੇ ਦੀ ਯੋਜਨਾ ਦੇ ਤਹਿਤ ਉੱਤਰ-ਪੂਰਬ ਖੇਤਰ ਦੇ ਲਈ ਲਗਭਗ

**3,735** ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ

**49,907** ਕਰੋੜ ਰੁਪਏ ਜਿਨ੍ਹਾਂ ਦੀ ਕੁੱਲ ਲਾਗਤ ਹੈ।

## ਵਿਕਾਸ ਪ੍ਰੋਜੈਕਟਾਂ 'ਤੇ ਵੱਡੇ ਪੈਮਾਨੇ 'ਤੇ ਨਿਵੇਸ਼, ਵਧੀ ਕਨੈਕਟੀਵਿਟੀ...

- ਬੋਗੀਬੀਲ ਬ੍ਰਿਜ: 2018 ਵਿੱਚ ਉਦਘਾਟਨ (ਜਿਸ ਦਾ ਐਲਾਨ 16 ਵਰ੍ਹੇ ਪਹਿਲਾਂ ਹੋਇਆ ਸੀ)।
- ਪਿਛਲੇ 12 ਵਰ੍ਹਿਆਂ ਵਿੱਚ 8 ਨਵੇਂ ਗ੍ਰੀਨਫੀਲਡ ਏਅਰਪੋਰਟ ਵੀ ਬਣਾਏ ਗਏ ਹਨ। ਕਾਰਜਸ਼ੀਲ ਏਅਰਪੋਰਟਾਂ ਦੀ ਗਿਣਤੀ 2014 ਵਿੱਚ 9 ਸੀ ਜੋ 2026 ਵਿੱਚ 17 ਹੋ ਗਈ ਹੈ।
- ਉੱਤਰ-ਪੂਰਬ ਖੇਤਰ ਵਿੱਚ ਰਾਸ਼ਟਰੀ ਰਾਜਮਾਰਗਾਂ ਦੀ ਲੰਬਾਈ 2014 ਵਿੱਚ 10,905 ਕਿਲੋਮੀਟਰ ਸੀ, 1 ਅਪ੍ਰੈਲ 2025 ਤੱਕ 16,207 ਕਿਲੋਮੀਟਰ ਹੋ ਗਈ। 87 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਲਾਗਤ ਦੇ 3,634 ਕਿਲੋਮੀਟਰ ਲੰਬਾਈ ਵਾਲੇ 177 ਸੜਕ ਪ੍ਰੋਜੈਕਟ ਵੱਖ-ਵੱਖ ਪੜਾਵਾਂ ਵਿੱਚ ਲਾਗੂਕਰਨ ਅਧੀਨ ਹਨ।
- NESIDS ਯੋਜਨਾ ਵਿੱਚ 72 ਪ੍ਰੋਜੈਕਟ ਪੂਰੇ, 997.55 ਕਿਲੋਮੀਟਰ ਸੜਕ ਬਣੀ। ਹੁਣ 911 ਦੇ ਪ੍ਰੋਜੈਕਟ 'ਤੇ ਕੰਮ ਚੱਲ ਰਿਹਾ ਹੈ।

### ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ

**89,503** ਕਿਲੋਮੀਟਰ ਲੰਬੀ 17,666 ਸੜਕਾਂ ਅਤੇ 2,396 ਪੁਲਾਂ ਨੂੰ ਮਨਜ਼ੂਰੀ ਦਿੱਤੀ ਗਈ।

**81,448** ਕਿਲੋਮੀਟਰ ਲੰਬੀ 16,547 ਸੜਕਾਂ ਅਤੇ 2,126 ਪੁਲ ਇਨ੍ਹਾਂ ਵਿੱਚੋਂ ਬਣ ਕੇ ਤਿਆਰ ਹੋ ਚੁੱਕੇ ਹਨ।

**53,353.49** ਕਰੋੜ ਰੁਪਏ ਖਰਚ ਹੋਏ ਹਨ



> *ਨੌਰਥ ਈਸਟ ਸਿਰਫ ਦੇਸ਼ ਦਾ ਇੱਕ ਅਹਿਮ ਹਿੱਸਾ ਹੀ ਨਹੀਂ ਹੈ, ਸਗੋਂ ਇਹ ਭਾਰਤ ਦੀ 'ਅਸ਼ਟਲਕਸ਼ਮੀ' ਹੈ। ਇਸ ਲਈ, ਅਸੀਂ 'ਐਕਟ ਈਸਟ' ਦਾ ਪਾਲਿਸੀ 'ਤੇ ਤਾਂ ਕੰਮ ਕਰ ਹੀ ਰਹੇ ਹਾਂ, ਅਸੀਂ ਨੌਰਥ ਈਸਟ ਦੇ ਲਈ 'ਐਕਟ ਫਾਸਟ' ਦਾ ਸੰਕਲਪ ਵੀ ਲਿਆ ਹੈ।*
>
> **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

### ਆਜ਼ਾਦੀ ਤੋਂ ਬਾਅਦ ਪਹਿਲੀ ਵਾਰ

**2022** ਵਿੱਚ ਮਣੀਪੁਰ ਵਿੱਚ ਪਹਿਲੀ ਮਾਲਗੱਡੀ ਪਹੁੰਚੀ।

**2023** ਵਿੱਚ ਮੇਘਾਲਿਆ ਵਿੱਚ ਪਹਿਲੀ ਮਾਲਗੱਡੀ ਪਹੁੰਚੀ।

**2025** ਵਿੱਚ ਮਿਜ਼ੋਰਮ ਵਿੱਚ ਪਹਿਲੀ ਟ੍ਰੇਨ ਪਹੁੰਚੀ।






ਕਵਰ ਸਟੋਰੀ
ਵਿਕਾਸ ਯਾਤਰਾ ਦੇ
12 ਵਰ੍ਹੇ

# ਰਾਸ਼ਟਰ ਪ੍ਰਥਮ

## ਸਸ਼ਕਤ, ਸਮ੍ਰਿੱਧ, ਸੁਰੱਖਿਅਤ ਭਾਰਤ

**राष्ट्ररक्षासमं पुण्यं, राष्ट्ररक्षासमं व्रतम्। राष्ट्ररक्षासमं यज्ञो, दृष्टो नैव च नैव च।।**

*ਅਰਥਾਤ: ਰਾਸ਼ਟਰ ਦੀ ਰੱਖਿਆ ਤੋਂ ਵੱਡਾ ਨਾ ਕੋਈ ਪੁੰਨ ਹੈ, ਨਾ ਕੋਈ ਵਰਤ ਹੈ ਅਤੇ ਨਾ ਹੀ ਕੋਈ ਯੱਗ ਹੈ।*

*ਸੱਤ ਗੁਆਂਢੀ ਦੇਸ਼ਾਂ ਨਾਲ ਜੁੜੀ 15 ਹਜ਼ਾਰ ਕਿਲੋਮੀਟਰ ਤੋਂ ਲੰਬੀ ਸਰਹੱਦ ਅਤੇ ਸਾਢੇ ਸੱਤ ਹਜ਼ਾਰ ਕਿਲੋਮੀਟਰ ਤੋਂ ਵੱਧ ਲੰਬੀਆਂ ਸਮੁੰਦਰੀ ਸਰਹੱਦਾਂ ਦੀ ਸੁਰੱਖਿਆ ਲਈ 'ਰਾਸ਼ਟਰ ਪਹਿਲਾਂ' ਦੀ ਨੀਤੀ ਦੇ ਨਾਲ ਭਾਰਤ ਅੱਜ ਆਪਣੀ ਪ੍ਰਭਾਵਸ਼ਾਲੀ ਵਿਦੇਸ਼ ਨੀਤੀ ਨੂੰ ਸੰਚਾਲਿਤ ਕਰ ਰਿਹਾ ਹੈ ਤਾਂ ਰੱਖਿਆ ਖੇਤਰ ਵਿੱਚ ਆਤਮ-ਨਿਰਭਰਤਾ ਵੱਲ ਅੱਗੇ ਵਧ ਰਿਹਾ ਹੈ। ਅੱਤਵਾਦ ਦੇ ਖਿਲਾਫ 'ਜ਼ੀਰੋ ਟੌਲਰੈਂਸ' ਦੀ ਨੀਤੀ 'ਤੇ ਕੇਂਦਰ ਸਰਕਾਰ ਪੂਰੀ ਤਰ੍ਹਾਂ ਸੰਕਲਪਿਤ ਹੈ ਤਾਂ ਵਚਨਬੱਧ ਵੀ। ਦੁਨੀਆ ਨੇ ਇਹ ਵਚਨਬੱਧਤਾ ਉਰੀ ਵਿੱਚ ਸੈਨਿਕ ਕੈਂਪ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੇਖੀ ਹੈ ਤਾਂ ਪੁਲਵਾਮਾ ਵਿੱਚ ਸੀਆਰਪੀਐੱਫ ਦੇ ਕਾਫਲੇ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਵੀ। ਬੀਤੇ ਵਰ੍ਹੇ ਹੀ 6-7 ਮਈ 2025 ਦੀ ਅੱਧੀ ਰਾਤ ਨੂੰ 'ਆਪ੍ਰੇਸ਼ਨ ਸਿੰਦੂਰ' ਰਾਹੀਂ ਦੁਨੀਆ ਨੂੰ ਸੁਨੇਹਾ ਦਿੱਤਾ ਕਿ ਭਾਰਤ ਜੰਗ ਨਹੀਂ ਚਾਹੁੰਦਾ, ਪਰ ਅੱਤਵਾਦ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਰਾਸ਼ਟਰ ਲਈ ਫੌਜੀ ਸ਼ਕਤੀ ਦਾ ਸਸ਼ਕਤ ਹੋਣਾ ਲਾਜ਼ਮੀ ਹੈ, ਪਰ ਸ਼ਕਤੀ ਬਣਨ ਲਈ ਯੁੱਧ ਜਾਂ ਸੈਨਾ ਹੀ ਸਭ ਕੁਝ ਨਹੀਂ ਹੈ। ਬੀਤੇ 12 ਵਰ੍ਹਿਆਂ ਵਿੱਚ ਦੁਨੀਆ ਵਿੱਚ ਯੋਗਾ, ਵਿਸ਼ਵ ਵਿੱਚ ਆਪਣੇ ਵੱਖਰੇ ਅਕਸ ਦਾ ਨਿਰਮਾਣ ਕੀਤਾ ਹੈ ਤਾਂ ਹਰ ਸੰਕਟ ਵਿੱਚ ਆਪਣਿਆਂ ਅਤੇ ਦੁਨੀਆ ਦੇ ਹੋਰ ਲੋਕਾਂ ਲਈ ਮਦਦਗਾਰ ਦੇ ਰੂਪ ਵਿੱਚ ਉਭਰਨਾ, ਕੋਵਿਡ ਜਿਹੀ ਆਲਮੀ ਆਫ਼ਤ ਨੂੰ ਮੌਕੇ ਬਣਾ ਕੇ ਦੁਨੀਆ ਦੇ ਲਈ ਇੱਕ ਉਦਾਹਰਣ ਪੇਸ਼ ਕਰਨਾ ਹੋਵੇ ਜਾਂ ਰੱਖਿਆ ਖੇਤਰ ਵਿੱਚ ਆਤਮ-ਨਿਰਭਰਤਾ ਦੀ ਨਵੀਂ ਕ੍ਰਾਂਤੀ ਦਾ ਸੂਤਰਪਾਤ ਕਰਨਾ ਹੋਵੇ, ਭਾਰਤ ਇੱਕ ਸਾਫਟ ਪਾਵਰ ਦੇ ਰੂਪ ਵਿੱਚ ਵੀ ਆਪਣੀ ਨਵੀਂ ਪਛਾਣ ਬਣਾ ਰਿਹਾ ਹੈ।*

# ਵਿਕਾਸ, ਵਿਸ਼ਵਾਸ ਅਤੇ ਆਤਮ-ਨਿਰਭਰਤਾ ਦੀ ਨਵੀਂ ਉਡਾਣ


*ਭਾਰਤ ਅੱਜ ਆਤਮ-ਨਿਰਭਰਤਾ, ਨਵੀਨਤਾ ਅਤੇ ਸਮਾਵੇਸ਼ੀ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। ਡਿਜੀਟਲ ਕ੍ਰਾਂਤੀ, ਬੁਨਿਆਦੀ ਢਾਂਚੇ ਦੇ ਵਿਸਥਾਰ, ਮਹਿਲਾ ਸਸ਼ਕਤੀਕਰਣ ਅਤੇ ਨੌਜਵਾਨ ਲੀਡਰਸ਼ਿਪ ਨੇ ਦੇਸ਼ ਨੂੰ ਵਿਸ਼ਵਵਿਆਪੀ ਮੰਚ 'ਤੇ ਇੱਕ ਮਜ਼ਬੂਤ ਪਛਾਣ ਦਿਵਾਈ ਹੈ। 'ਸਸ਼ਕਤ ਭਾਰਤ' ਹੁਣ ਸਿਰਫ਼ ਇੱਕ ਸੁਪਨਾ ਨਹੀਂ, ਸਗੋਂ ਕਰੋੜਾਂ ਭਾਰਤੀਆਂ ਦੇ ਸਮੂਹਿਕ ਯਤਨਾਂ ਅਤੇ ਸੰਕਲਪਾਂ ਦੀ ਇੱਕ ਜਿਉਂਦੀ-ਜਾਗਦੀ ਉਦਾਹਰਣ ਬਣ ਚੁੱਕਿਆ ਹੈ, ਜੋ ਵਿਕਾਸ ਅਤੇ ਵਿਸ਼ਵਾਸ ਦੀ ਲਿਖ ਰਿਹਾ ਹੈ ਨਵੀਂ ਕਹਾਣੀ...*

## ਸਸ਼ਕਤ ਭਾਰਤ ਦੇ ਮਹੱਤਵਪੂਰਨ ਤੱਥ..

- ਭਾਰਤ ਵਰ੍ਹੇ 2018 ਤੋਂ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਸਟੀਲ ਉਤਪਾਦਕ ਦੇਸ਼ ਬਣਿਆ ਹੋਇਆ ਹੈ। ਵਰ੍ਹੇ 2014 ਵਿੱਚ ਵਿਸ਼ਵਵਿਆਪੀ ਉਤਪਾਦਨ ਵਿੱਚ ਭਾਰਤ ਦੀ ਹਿੱਸੇਦਾਰੀ 5.2% ਸੀ, ਜੋ 2024 ਵਿੱਚ ਵਧ ਕੇ 7.9% ਹੋ ਗਈ ਹੈ।
- ਫਾਰਮੇਸੀ ਆਫ਼ ਵਰਲਡ: ਅੱਜ ਭਾਰਤ ਉਤਪਾਦਨ ਦੀ ਦ੍ਰਿਸ਼ਟੀ ਨਾਲ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਤੇ ਕੀਮਤ ਦੇ ਲਿਹਾਜ਼ ਨਾਲ 11ਵਾਂ ਸਭ ਤੋਂ ਵੱਡਾ ਔਸ਼ਧੀ ਉਤਪਾਦਕ ਦੇਸ਼ ਹੈ। ਵਿੱਤੀ ਵਰ੍ਹੇ 2024-25 ਵਿੱਚ ਇਸ ਖੇਤਰ ਦਾ ਸਲਾਨਾ ਕਾਰੋਬਾਰ 4.72 ਲੱਖ ਕਰੋੜ ਰੁਪਏ ਦਰਜ ਹੋਇਆ।
- ਲਗਭਗ 65% ਰੱਖਿਆ ਉਪਕਰਣ ਅੱਜ ਦੇਸ਼ ਵਿੱਚ ਤਿਆਰ ਕੀਤੇ ਜਾ ਰਹੇ ਹਨ, ਜਦਕਿ ਪਹਿਲਾਂ ਲਗਭਗ 65-70% ਉਪਕਰਣ ਆਯਾਤ ਕੀਤੇ ਜਾਂਦੇ ਸਨ।
- ਭਾਰਤ, ਅੱਜ ਦੁਨੀਆ ਦੀਆਂ ਕੁੱਲ ਜੈਨੇਰਿਕ ਦਵਾਈਆਂ ਦਾ ਪੰਜਵਾਂ ਹਿੱਸਾ ਅਤੇ ਯੂਨੀਸੈਫ਼ ਲਈ ਅੱਧੇ ਤੋਂ ਵੱਧ ਵੈਕਸੀਨ ਉਪਲਬਧ ਕਰਵਾ ਰਿਹਾ ਹੈ।
- ਭਾਰਤ 'ਸ਼ਕਤੀ' ਪਹਿਲਕਦਮੀ, ਮੈਡੀਕਲ ਟੂਰਿਜ਼ਮ ਅਤੇ ਗੁਣਵੱਤਾ ਭਰਪੂਰ ਦਵਾਈਆਂ ਦੇ ਨਿਰਯਾਤ ਰਾਹੀਂ 300 ਅਰਬ ਡਾਲਰ ਦੀ ਬਾਇਓਫਾਰਮਾ ਮਹਾਸ਼ਕਤੀ ਬਣਨ ਵੱਲ ਅੱਗੇ ਵਧ ਰਿਹਾ ਹੈ।
- ਪਿਛਲੇ ਕੁਝ ਵਰ੍ਹਿਆਂ ਵਿੱਚ ਭਾਰਤ ਨੇ ਆਪਣੇ ਮੁਕਤ ਵਪਾਰ ਸਮਝੌਤਾ (FTA) ਨੈੱਟਵਰਕ ਦਾ ਵਿਸਥਾਰ ਕਰਦੇ ਹੋਏ 38 ਦੇਸ਼ਾਂ ਨਾਲ 9 ਸਮਝੌਤੇ ਕੀਤੇ ਹਨ।
- ਭਾਰਤ ਨੇ ਪਹਿਲੀ ਵਾਰ 'ਸਪੇਸ ਸਿਸਟਮ ਅਤੇ ਸੰਚਾਲਨ' 'ਤੇ ਆਈਐੱਸਓ ਦੀ ਅੰਤਰਰਾਸ਼ਟਰੀ ਉਪ-ਕਮੇਟੀ ਦੀਆਂ ਬੈਠਕਾਂ ਦੀ ਮੇਜ਼ਬਾਨੀ ਕੀਤੀ ਹੈ।


### ਰੱਖਿਆ ਨਿਰਯਾਤ ਵਿੱਚ ਵਾਧਾ

(ਅੰਕੜੇ ਕਰੋੜ ਰੁਪਏ ਵਿੱਚ)





### ਰੱਖਿਆ ਉਤਪਾਦਨ

(ਅੰਕੜੇ ਲੱਖ ਕਰੋੜ ਰੁਪਏ ਵਿੱਚ)





### ਭਾਰਤੀ ਸੈਮੀਕੰਡਕਟਰ ਦਾ ਵਧਦਾ ਬਜ਼ਾਰ

(ਅੰਕੜੇ ਅਰਬ ਡਾਲਰ ਵਿੱਚ)




### ਭਾਰਤ ਦਾ ਕੁੱਲ ਨਿਰਯਾਤ

(ਅੰਕੜੇ ਅਰਬ ਡਾਲਰ ਵਿੱਚ)




### ਪੁਲਾੜ ਖੇਤਰ ਵਿੱਚ ਭਾਰਤ

**ਰਜਿਸਟਰਡ ਸਟਾਰਟਅੱਪਸ**

1 — 2014

400 ਤੋਂ ਵੱਧ — ਹੁਣ

**ਵਿਦੇਸ਼ੀ ਉਪਗ੍ਰਹਿ**

- ISRO ਦੁਆਰਾ ਲਾਂਚ ਕੀਤੇ ਗਏ 434 ਵਿਦੇਸ਼ੀ ਉਪਗ੍ਰਹਿਆਂ ਵਿੱਚੋਂ 399 ਉਪਗ੍ਰਹਿ 2014 ਤੋਂ ਬਾਅਦ ਲਾਂਚ ਕੀਤੇ ਗਏ ਹਨ। ਇਸ ਲਾਂਚ ਨੇ ਭਾਰਤ ਨੂੰ ਲਗਭਗ 323 ਮਿਲੀਅਨ ਯੂਰੋ ਅਤੇ 233 ਮਿਲੀਅਨ ਡਾਲਰ ਦਾ ਰੈਵੇਨਿਊ ਦਿਵਾਇਆ ਹੈ।
- ਲਗਭਗ 8.4 ਅਰਬ ਡਾਲਰ ਤੱਕ ਪਹੁੰਚ ਚੁੱਕੀ ਹੈ ਭਾਰਤ ਦੀ ਪੁਲਾੜ ਅਰਥਵਿਵਸਥਾ।



### ਭਾਰਤ ਵਿੱਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸੜਕ ਨੈੱਟਵਰਕ

**ਰਾਸ਼ਟਰੀ ਰਾਜਮਾਰਗ ਨੈੱਟਵਰਕ ਵਧਿਆ**

| | |
|---|---|
| ਮਾਰਚ, 2014 | 91,287 ਕਿਲੋਮੀਟਰ |
| ਫਰਵਰੀ, 2026 | 1,46,572 ਕਿਲੋਮੀਟਰ |

### ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥਵਿਵਸਥਾ

ਵਿਸ਼ਵ ਬੈਂਕ ਦਾ ਅਨੁਮਾਨ... ਭਾਰਤ ਦੀ ਅਰਥਵਿਵਸਥਾ 2026-27 ਵਿੱਚ ਲਗਭਗ 6.6% ਦੀ ਦਰ ਨਾਲ ਵਧੇਗੀ। ਇਹ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਵੱਡੀ ਅਰਥਵਿਵਸਥਾ ਹੋਵੇਗੀ।


ਵਰਲਡ ਇਕੌਨਮਿਕ ਆਊਟਲੁੱਕ 202 ਦੇ ਅਨੁਸਾਰ ਭਾਰਤ ਦੀ ਵਿਕਾਸ ਦਰ 6.5% ਰਹਿਣ ਦਾ ਅਨੁਮਾਨ ਹੈ, ਜਦਕਿ ਵਿਕਸਿਤ ਦੇਸ਼ਾਂ ਲਈ ਇਹ 1.8%, ਵਿਕਾਸਸ਼ੀਲ ਦੇਸ਼ਾਂ ਲਈ 3.9% ਅਤੇ ਪੂਰੀ ਦੁਨੀਆ ਲਈ 3.1% ਰੱਖੀ ਗਈ ਹੈ।

ਕਵਰ ਸਟੋਰੀ
ਵਿਕਾਸ ਯਾਤਰਾ ਦੇ 12 ਵਰ੍ਹੇ


## ਭਾਰਤ ਗਲੋਬਲ ਇਲੈਕਟ੍ਰੌਨਿਕਸ ਮੈਨੂਫੈਕਚਰਿੰਗ ਦਾ ਪਾਵਰਹਾਊਸ

(ਅੰਕੜੇ ਲੱਖ ਕਰੋੜ ਰੁਪਏ ਵਿੱਚ)

### ਮੋਬਾਈਲ ਮੈਨੂਫੈਕਚਰਿੰਗ ਉਤਪਾਦਨ ਮੁੱਲ




### ਮੋਬਾਈਲ ਫੋਨ ਨਿਰਯਾਤ




## ਸਸ਼ਕਤ ਭਾਰਤ ਦੀ ਪਛਾਣ

### ਏਆਈ ਵਿੱਚ ਸਸ਼ਕਤ ਭਾਰਤ

ਏਆਈ ਇੰਪੈਕਟ ਸਮਿਟ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਾਸ਼ਣ ਦਿੰਦੇ ਹਨ ਅਤੇ ਉਨ੍ਹਾਂ ਦੇ ਪਿੱਛੇ ਏਆਈ ਦੀ ਮਦਦ ਨਾਲ ਤੁਰੰਤ ਸੰਕੇਤਕ ਭਾਸ਼ਾ ਵਿੱਚ ਦਿਵਯਾਂਗਜਨਾਂ ਲਈ ਉਸ ਨੂੰ ਟ੍ਰਾਂਸਕ੍ਰਿਪਟ ਕੀਤਾ ਜਾ ਰਿਹਾ ਹੈ।

### ਸਾਹਸੀ ਫ਼ੈਸਲਿਆਂ ਵਾਲਾ ਸਸ਼ਕਤ ਭਾਰਤ

ਕਸ਼ਮੀਰ ਵਿੱਚ ਦਹਾਕਿਆਂ ਤੋਂ ਲੰਬਿਤ ਇੱਕ ਸੰਵਿਧਾਨ ਇੱਕ ਵਿਧਾਨ ਨੂੰ ਲਾਗੂ ਕਰਨ ਵਿੱਚ ਆ ਰਹੀ ਰੁਕਾਵਟ ਯਾਨੀ ਧਾਰਾ 370 ਨੂੰ ਖ਼ਤਮ ਕੀਤਾ ਗਿਆ। ਹੁਣ ਉਹ ਸਾਰੇ ਕਾਨੂੰਨ ਕਸ਼ਮੀਰ ਵਿੱਚ ਲਾਗੂ ਹਨ ਜੋ ਦੇਸ਼ ਦੇ ਬਾਕੀ ਰਾਜਾਂ ਵਿੱਚ ਹਨ।

### ਨਾਰੀ ਲੀਡਰਸ਼ਿਪ ਵਾਲਾ ਸਸ਼ਕਤ ਭਾਰਤ



ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ 33 ਫੀਸਦੀ ਮਹਿਲਾ ਰਾਖਵੇਂਕਰਨ ਦੀ ਤਿੰਨ ਦਹਾਕਿਆਂ ਤੋਂ ਚੱਲੀ ਆ ਰਹੀ ਰੁਕਾਵਟ ਨੂੰ ਤੋੜ ਕੇ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਨੋਟੀਫਾਈ ਕੀਤਾ ਗਿਆ। 1996 ਤੋਂ ਬਾਅਦ ਕੋਸ਼ਿਸ਼ਾਂ ਹੋਈਆਂ ਪਰ ਨਵੇਂ ਸੰਸਦ ਭਵਨ ਵਿੱਚ 'ਨਾਰੀ ਸ਼ਕਤੀ ਵੰਦਨ ਅਧਿਨਿਯਮ, 2023' ਪਾਸ ਹੋਇਆ।

### ਪੁਲਾੜ ਵਿੱਚ ਸਸ਼ਕਤ ਭਾਰਤ

ਭਾਰਤ ਹੁਣ ਚੰਦ੍ਰਮਾ ਤੱਕ ਪਹੁੰਚ ਗਿਆ ਹੈ, ਉਹ ਵੀ ਚੰਦ੍ਰਮਾ ਦੇ ਦੱਖਣੀ ਧਰੁਵ 'ਤੇ ਜਿੱਥੇ ਵਿਸ਼ਵ ਦਾ ਕੋਈ ਵੀ ਦੇਸ਼ ਅਜੇ ਤੱਕ ਨਹੀਂ ਪਹੁੰਚ ਸਕਿਆ ਸੀ।

### ਬਸਤੀਵਾਦ ਨੂੰ ਖ਼ਤਮ ਕਰਦਾ ਸਸ਼ਕਤ ਭਾਰਤ

'ਪੰਚ ਅੰਮ੍ਰਿਤ' ਦੇ ਸੱਦੇ ਨਾਲ ਦੇਸ਼ ਵਿੱਚੋਂ ਬਸਤੀਵਾਦ ਦੀਆਂ ਨਿਸ਼ਾਨੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਆਪਣੀ ਵਿਰਾਸਤ 'ਤੇ ਮਾਣ ਕਰਨ ਲਈ ਕਰਤਵਯ ਪਥ 'ਤੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਪ੍ਰਤਿਮਾ ਲਗਾਉਣਾ, ਜਲ ਸੈਨਾ ਦੇ ਝੰਡੇ ਨੂੰ ਬਦਲਣਾ, ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ 'ਤੇ ਸਵਦੇਸ਼ੀ ਤੋਪਾਂ ਦੀ ਸਲਾਮੀ ਦੇਣਾ ਸ਼ਾਮਲ ਹੈ।

## ਆਫ਼ਤ ਜੋਖਮ ਪ੍ਰਬੰਧਨ ਮੁਹਿੰਮ


- ਆਪ੍ਰੇਸ਼ਨ ਮੈਤ੍ਰੀ (ਨੇਪਾਲ, 2015)
- ਆਪ੍ਰੇਸ਼ਨ ਦੇਵੀ ਸ਼ਕਤੀ (ਅਫ਼ਗਾਨਿਸਤਾਨ, 2021)

## ਸਾਗਰ ਮਿਸ਼ਨ ਦੇ ਤਹਿਤ ਜਲ ਸੈਨਾ ਦੁਆਰਾ ਮਨੁੱਖੀ ਸਹਾਇਤਾ ਪਹੁੰਚਾਉਣਾ

- ਆਪ੍ਰੇਸ਼ਨ ਸਮੁਦ੍ ਸੇਤੂ (2020)
- ਆਪ੍ਰੇਸ਼ਨ ਗੰਗਾ (ਯੂਕ੍ਰੇਨ, 2022)
- ਆਪ੍ਰੇਸ਼ਨ ਦੋਸਤ (ਤੁਰਕੀ ਅਤੇ ਸੀਰੀਆ, 2023)
- ਆਪ੍ਰੇਸ਼ਨ ਕਾਵੇਰੀ (ਸੂਡਾਨ, ਅਪ੍ਰੈਲ 2023)
- ਆਪ੍ਰੇਸ਼ਨ ਬ੍ਰਹਮਾ (ਮਿਆਂਮਾਰ, 2025)
- ਆਪ੍ਰੇਸ਼ਨ ਸਾਗਰ ਬੰਧੂ (2025)



> **ਰਣਨੀਤਕ ਖੁਦਮੁਖਤਿਆਰੀ ਅਤੇ ਸਵਦੇਸ਼ੀ ਸਮਰੱਥਾਵਾਂ ਖਤਰਿਆਂ ਨਾਲ ਨਿਰਣਾਇਕ ਤੌਰ 'ਤੇ ਨਜਿੱਠਣ ਦੀ ਕੁੰਜੀ ਹਨ, ਜੋ ਆਤਮ-ਨਿਰਭਰਤਾ ਨੂੰ ਰਾਸ਼ਟਰੀ ਸ਼ਕਤੀ, ਮਾਣ ਅਤੇ 2047 ਤੱਕ ਇੱਕ ਵਿਕਸਿਤ ਭਾਰਤ ਬਣਨ ਦੀ ਯਾਤਰਾ ਦਾ ਅਧਾਰ ਬਣਾਉਂਦੀਆਂ ਹਨ।**
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



# ਆਪ੍ਰੇਸ਼ਨ ਸਿੰਦੂਰ

## ਨੌਂ ਅੱਤਵਾਦੀ ਕੈਂਪ ਤਬਾਹ

ਭਾਰਤ ਨੇ ਲਸ਼ਕਰ-ਏ-ਤੈਯਬਾ, ਜੈਸ਼-ਏ-ਮੋਹੰਮਦ ਅਤੇ ਹਿਜ਼ਬੁਲ ਮੁਜਾਹਿਦੀਨ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਪਾਕਿਸਤਾਨ ਅਤੇ ਪਾਕਿਸਤਾਨ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀਓਜੇਕੇ) ਵਿੱਚ ਸਥਿਤ ਨੌਂ ਪ੍ਰਮੁੱਖ ਅੱਤਵਾਦੀ ਲਾਂਚ ਪੈਡਾਂ ਨੂੰ ਸਫ਼ਲਤਾਪੂਰਵਕ ਤਬਾਹ ਕਰ ਦਿੱਤਾ। ਇਸ ਕਾਰਵਾਈ ਵਿੱਚ 100 ਤੋਂ ਵੱਧ ਅੱਤਵਾਦੀ ਮਾਰੇ ਗਏ।

## ਸਰਹੱਦ ਪਾਰ ਸਟੀਕ ਹਮਲੇ

ਭਾਰਤ ਨੇ ਪਾਕਿਸਤਾਨ ਦੇ ਅੰਦਰੂਨੀ ਇਲਾਕਿਆਂ, ਜਿਨ੍ਹਾਂ ਵਿੱਚ ਪੰਜਾਬ ਪ੍ਰਾਂਤ ਅਤੇ ਬਹਾਵਲਪੁਰ ਵੀ ਸ਼ਾਮਲ ਹਨ, 'ਤੇ ਹਮਲੇ ਕਰਕੇ ਯੁੱਧ ਦੇ ਨਿਯਮਾਂ ਨੂੰ ਮੁੜ ਪਰਿਭਾਸ਼ਿਤ ਕੀਤਾ। ਇਹ ਇਲਾਕੇ ਕਦੇ ਅਮਰੀਕੀ ਡਰੋਨਾਂ ਲਈ ਵੀ ਵਰਜਿਤ ਮੰਨੇ ਜਾਂਦੇ ਸਨ।

## ਇੱਕ ਨਵੀਂ ਰਣਨੀਤਕ ਸੀਮਾ ਰੇਖਾ

ਆਪ੍ਰੇਸ਼ਨ ਸਿੰਦੂਰ ਨੇ ਇੱਕ ਨਵੀਂ ਰਣਨੀਤਕ ਸੀਮਾ ਰੇਖਾ ਖਿੱਚ ਦਿੱਤੀ ਹੈ-ਜੇਕਰ ਅੱਤਵਾਦ ਕਿਸੇ ਦੇਸ਼ ਦੀ ਨੀਤੀ ਹੈ, ਤਾਂ ਇਸ ਦਾ ਸਿੱਧਾ ਅਤੇ ਜ਼ੋਰਦਾਰ ਜਵਾਬ ਦਿੱਤਾ ਜਾਵੇਗਾ।

## ਭਾਰਤ ਦੀ ਹਵਾਈ ਰੱਖਿਆ ਉੱਤਮਤਾ ਦਾ ਪ੍ਰਦਰਸ਼ਨ

ਸਵਦੇਸ਼ੀ ਆਕਾਸ਼ਤੀਰ ਪ੍ਰਣਾਲੀ ਸਮੇਤ ਭਾਰਤ ਦੀ ਬਹੁ-ਪੱਧਰੀ ਹਵਾਈ ਰੱਖਿਆ ਪ੍ਰਣਾਲੀ ਨੇ ਸੈਂਕੜੇ ਡਰੋਨਾਂ ਅਤੇ ਮਿਜ਼ਾਈਲਾਂ ਨੂੰ ਨਸ਼ਟ ਕਰ ਦਿੱਤਾ। ਇਸ ਨਾਲ ਉੱਨਤ ਰੱਖਿਆ ਪ੍ਰਣਾਲੀਆਂ ਦੇ ਨਿਰਯਾਤ ਵਿੱਚ ਭਾਰਤ ਦੀਆਂ ਵਧਦੀਆਂ ਸਮਰੱਥਾਵਾਂ ਦਾ ਪ੍ਰਦਰਸ਼ਨ ਹੋਇਆ।

## ਪਾਕਿਸਤਾਨੀ ਫੌਜੀ ਟਿਕਾਣਿਆਂ 'ਤੇ ਹਵਾਈ ਹਮਲੇ

9-10 ਮਈ ਨੂੰ, ਭਾਰਤ ਪਰਮਾਣੂ ਹਥਿਆਰ ਸੰਪੰਨ ਦੇਸ਼ ਦੇ 11 ਹਵਾਈ ਅੱਡਿਆਂ 'ਤੇ ਇੱਕ ਹੀ ਅਭਿਆਨ ਵਿੱਚ ਹਮਲਾ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ, ਜਿਸ ਵਿੱਚ ਪਾਕਿਸਤਾਨ ਦੀ ਹਵਾਈ ਸੈਨਾ ਦੀ 20% ਸੰਪਤੀ ਤਬਾਹ ਹੋ ਗਈ।

## ਭਾਰਤ ਨੇ ਵਿਸ਼ਵਵਿਆਪੀ ਸੰਦੇਸ਼ ਦਿੱਤਾ

ਭਾਰਤ ਨੇ ਦੁਨੀਆ ਨੂੰ ਦਿਖਾ ਦਿੱਤਾ ਕਿ ਉਸ ਨੂੰ ਆਪਣੇ ਲੋਕਾਂ ਦੀ ਰੱਖਿਆ ਲਈ ਕਿਸੇ ਦੀ ਇਜਾਜ਼ਤ ਦੀ ਜ਼ਰੂਰਤ ਨਹੀਂ ਹੈ। ਉਸ ਨੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਕਿ ਅੱਤਵਾਦੀ ਅਤੇ ਉਨ੍ਹਾਂ ਦੇ ਹੁਕਮਰਾਨ ਕਿਤੇ ਵੀ ਲੁਕ ਨਹੀਂ ਸਕਦੇ ਅਤੇ ਜੇਕਰ ਪਾਕਿਸਤਾਨ ਜਵਾਬੀ ਕਾਰਵਾਈ ਕਰਦਾ ਹੈ, ਤਾਂ ਭਾਰਤ ਨਿਰਣਾਇਕ ਜਵਾਬੀ ਹਮਲੇ ਲਈ ਤਿਆਰ ਹੈ।




## ਵਿਆਪਕ ਵਿਸ਼ਵਵਿਆਪੀ ਸਮਰਥਨ

ਪਿਛਲੇ ਸੰਘਰਸ਼ਾਂ ਦੇ ਉਲਟ, ਇਸ ਵਾਰ ਕਈ ਵਿਸ਼ਵਵਿਆਪੀ ਨੇਤਾਵਾਂ ਨੇ ਸੰਜਮ ਵਰਤਣ ਦੀ ਅਪੀਲ ਕਰਨ ਦੀ ਬਜਾਏ ਭਾਰਤ ਦਾ ਸਮਰਥਨ ਕੀਤਾ। ਇਸ ਬਦਲਾਅ ਨੇ ਭਾਰਤ ਦੀ ਬਿਹਤਰ ਵਿਸ਼ਵਵਿਆਪੀ ਸਥਿਤੀ ਅਤੇ ਕਥਾਤਮਕ ਨਿਯੰਤਰਣ ਨੂੰ ਦਰਸਾਇਆ।

# ਵਿਦੇਸ਼ ਨੀਤੀ

## ਵਿਸ਼ਵ ਪਟਲ 'ਤੇ ਚਮਕਦਾ ਭਾਰਤ

*ਪਿਛਲੇ ਇੱਕ ਦਹਾਕੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਦੀ ਵਿਦੇਸ਼ ਨੀਤੀ ਨੇ ਨਾ ਸਿਰਫ਼ ਆਪਣੀਆਂ ਰਵਾਇਤੀ ਸੀਮਾਵਾਂ ਦਾ ਵਿਸਥਾਰ ਕੀਤਾ ਹੈ, ਸਗੋਂ ਵਿਸ਼ਵਵਿਆਪੀ ਪਲੇਟਫਾਰਮ 'ਤੇ ਦੇਸ਼ ਦੀ ਭੂਮਿਕਾ ਨੂੰ ਵੀ ਨਵੀਂ ਪਰਿਭਾਸ਼ਾ ਦਿੱਤੀ ਹੈ। ਬਦਲਦੇ ਅੰਤਰਰਾਸ਼ਟਰੀ ਲੈਂਡਸਕੇਪ, ਬਹੁ-ਧਰੁਵੀ ਵਿਸ਼ਵ ਵਿਵਸਥਾ ਅਤੇ ਉਭਰਦੀਆਂ ਭੂ-ਰਾਜਨੀਤਿਕ ਚੁਣੌਤੀਆਂ ਦੇ ਦਰਮਿਆਨ ਭਾਰਤ ਨੇ ਸੰਤੁਲਿਤ, ਸਰਗਰਮ ਅਤੇ ਰਣਨੀਤਕ ਪਹੁੰਚ ਅਪਣਾਉਂਦੇ ਹੋਏ ਆਪਣੀ ਕੂਟਨੀਤਕ ਪਛਾਣ ਨੂੰ ਸਸ਼ਕਤ ਬਣਾਇਆ ਹੈ। ਗੁਆਂਢੀ ਦੇਸ਼ਾਂ ਦੇ ਨਾਲ ਸਬੰਧਾਂ ਨੂੰ ਪ੍ਰਾਥਮਿਕਤਾ ਦੇਣ ਤੋਂ ਲੈ ਕੇ ਵਿਸ਼ਵਵਿਆਪੀ ਸ਼ਕਤੀਆਂ ਦੇ ਨਾਲ ਸਾਂਝੇਦਾਰੀ ਵਧਾਉਣ ਤੱਕ, ਭਾਰਤ ਦੀ ਵਿਦੇਸ਼ੀ ਨੀਤੀ ਨੇ ਰਾਸ਼ਟਰੀ ਹਿਤਾਂ ਦੀ ਸੁਰੱਖਿਆ ਦੇ ਨਾਲ-ਨਾਲ ਵਿਸ਼ਵਵਿਆਪੀ ਸ਼ਾਂਤੀ, ਸਥਿਰਤਾ ਅਤੇ ਸਹਿਯੋਗ ਨੂੰ ਹੁਲਾਰਾ ਦੇਣ ਵਿੱਚ ਨਿਭਾਈ ਹੈ ਮਹੱਤਵਪੂਰਨ ਭੂਮਿਕਾ...*

### ਮੁਕਤ ਵਪਾਰ ਸਮਝੌਤੇ

- ਭਾਰਤ ਨੇ ਵਿਸ਼ਵਵਿਆਪੀ ਵਪਾਰ ਦੀ ਦਿਸ਼ਾ ਨੂੰ ਨਵੇਂ ਸਿਰ੍ਹੇ ਤੋਂ ਪਰਿਭਾਸ਼ਿਤ ਕੀਤਾ ਹੈ। ਨਵੇਂ ਦੌਰ ਦੇ ਮੁਕਤ ਵਪਾਰ ਸਮਝੌਤਿਆਂ (FTAs) ਦਾ ਰਾਹ ਪੱਧਰਾ ਕੀਤਾ ਹੈ।
- ਪਿਛਲੇ ਕੁਝ ਵਰ੍ਹਿਆਂ ਵਿੱਚ ਮੁਕਤ ਵਪਾਰ ਸਮਝੌਤਿਆਂ ਦੇ ਆਪਣੇ ਦਾਇਰੇ ਨੂੰ ਭਾਰਤ ਨੇ ਵਿਸਥਾਰ ਦਿੱਤਾ ਹੈ। ਹੁਣ ਤੱਕ 38 ਦੇਸ਼ਾਂ ਨਾਲ ਕੁੱਲ 9 ਐੱਫਟੀਏ ਹੋ ਚੁੱਕੇ ਹਨ। ਇਸ ਦੀ ਸ਼ੁਰੂਆਤ ਵਰ੍ਹੇ 2021 ਵਿੱਚ ਭਾਰਤ-ਮਾਰੀਸ਼ਸ ਸਮਝੌਤੇ ਨਾਲ ਹੋਈ ਸੀ।

### ਜੀ-20 ਦੀ ਪ੍ਰਧਾਨਗੀ 'ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ' ਦਾ ਸਮਰਥਨ

- 1 ਦਸੰਬਰ 2022 ਤੋਂ 30 ਨਵੰਬਰ 2023 ਤੱਕ ਭਾਰਤ ਦੀ ਜੀ-20 ਅਗਵਾਈ ਨੇ ਵਿਸ਼ਵਵਿਆਪੀ ਕੂਟਨੀਤੀ ਵਿੱਚ ਇੱਕ ਮਹੱਤਵਪੂਰਨ ਅਧਿਆਏ ਦੀ ਸ਼ੁਰੂਆਤ ਕੀਤੀ।
- 9-10 ਸਤੰਬਰ 2023 ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਆਯੋਜਿਤ 18ਵੇਂ ਜੀ-20 ਨੇਤਾਵਾਂ ਦੇ ਸਿਖਰ ਸੰਮੇਲਨ ਵਿੱਚ 20 ਮੈਂਬਰ ਦੇਸ਼ਾਂ, 9 ਸੱਦੇ ਗਏ ਦੇਸ਼ਾਂ ਅਤੇ 14 ਅੰਤਰਰਾਸ਼ਟਰੀ ਸੰਗਠਨਾਂ ਨੇ ਹਿੱਸਾ ਲਿਆ।
- ਭਾਰਤ ਨੇ 60 ਸ਼ਹਿਰਾਂ ਵਿੱਚ 200 ਤੋਂ ਵੱਧ ਬੈਠਕਾਂ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਇੱਕ ਲੱਖ ਤੋਂ ਵੱਧ ਪ੍ਰਤੀਨਿਧੀਆਂ ਨੇ ਹਿੱਸਾ ਲਿਆ।




### ਵਿਕਾਸਸ਼ੀਲ ਦੇਸ਼ਾਂ ਦੀ ਬੁਲੰਦ ਆਵਾਜ਼

- ਗਲਾਸਗੋ ਵਿੱਚ COP-26 ਅਤੇ ਸ਼ਰਮ-ਅਲ-ਸ਼ੇਖ ਵਿੱਚ COP-27 ਦੀ ਬੈਠਕ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਬੁਲੰਦ ਆਵਾਜ਼ ਬਣ ਕੇ ਉਭਰਿਆ ਭਾਰਤ।

### ਵੈਕਸੀਨ ਮੈਤ੍ਰੀ







- ਕੋਵਿਡ-19 ਸੰਕਟ ਦੇ ਦੌਰਾਨ, ਭਾਰਤ ਨੇ ਆਪਣੀ ਮਨੁੱਖ-ਕੇਂਦ੍ਰਿਤ ਕੂਟਨੀਤੀ ਦੇ ਪ੍ਰਮਾਣ ਦੇ ਰੂਪ ਵਿੱਚ 'ਵੈਕਸੀਨ ਮੈਤ੍ਰੀ' ਪਹਿਲ ਸ਼ੁਰੂ ਕੀਤੀ।
- ਜਨਵਰੀ 2021 ਤੋਂ, ਭਾਰਤ ਨੇ 99 ਦੇਸ਼ਾਂ ਅਤੇ ਸੰਯੁਕਤ ਰਾਸ਼ਟਰ ਸੰਸਥਾਵਾਂ ਨੂੰ 30.12 ਕਰੋੜ ਤੋਂ ਵੱਧ ਵੈਕਸੀਨ ਖੁਰਾਕਾਂ ਉਪਲਬਧ ਕਰਵਾਈਆਂ ਹਨ।
- ਤੁਰੰਤ ਅਤੇ ਵਿਆਪਕ ਸਹਾਇਤਾ ਨੇ ਵਿਸ਼ਵਵਿਆਪੀ ਸਿਹਤ ਦੇ ਲਈ ਇੱਕ ਭਰੋਸੇਮੰਦ ਭਾਗੀਦਾਰ ਅਤੇ ਗਲੋਬਲ ਸਾਊਥ ਤੋਂ ਇੱਕ ਹਮਦਰਦ ਆਵਾਜ਼ ਦੇ ਰੂਪ ਵਿੱਚ ਭਾਰਤ ਦੇ ਅਕਸ ਨੂੰ ਮਜ਼ਬੂਤ ਕੀਤਾ ਹੈ।

**50** ਤੋਂ ਵੱਧ ਦੇਸ਼ਾਂ ਨੂੰ ਤੋਹਫ਼ੇ ਦੇ ਰੂਪ ਵਿੱਚ ਦਿੱਤੀ ਗਈ ਵੈਕਸੀਨ ਦੀਆਂ 1.51 ਕਰੋੜ ਖੁਰਾਕਾਂ।

## ਇੰਟਰਨੈਸ਼ਨਲ ਸੋਲਰ ਅਲਾਇੰਸ




- 30 ਨਵੰਬਰ 2015 ਨੂੰ ਪੈਰਿਸ ਵਿੱਚ **COP**21 ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਫਰਾਂਸੁਆ ਹੋਲਾਂਦ ਦੁਆਰਾ ਸ਼ੁਰੂ ਕੀਤਾ ਗਿਆ ਇੰਟਰਨੈਸ਼ਲਨ ਸੋਲਰ ਅਲਾਇੰਸ (**ISA**) ਭਾਰਤ ਦੀ ਇੱਕ ਪ੍ਰਮੁੱਖ ਜਲਵਾਯੂ ਪਰਿਵਰਤਨ ਪਹਿਲਕਦਮੀ ਹੈ।

**120** ਮੈਂਬਰ ਅਤੇ ਦਸਤਖ਼ਤ ਕਰਨ ਵਾਲੇ ਦੇਸ਼ਾਂ ਦੇ ਨਾਲ, ISA ਦਾ ਟੀਚਾ ਵਰ੍ਹੇ 2030 ਤੱਕ ਸੌਰ ਊਰਜਾ ਵਿੱਚ 1,000 ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਜੁਟਾਉਣਾ ਹੈ।

- ਗੁਰੂਗ੍ਰਾਮ ਵਿੱਚ ਹੈੱਡਕੁਆਰਟਰ ਵਾਲੀ ਇਹ ਭਾਰਤ ਵਿੱਚ ਸਥਿਤ ਪਹਿਲੀ ਅੰਤਰਰਾਸ਼ਟਰੀ ਅੰਤਰ-ਸਰਕਾਰੀ ਸੰਸਥਾ ਹੈ।

## ਸੰਕਟ ਦੇ ਸਮੇਂ ਭਾਰਤ ਮੋਹਰੀ



- ਭਾਰਤ ਨੇ 150 ਤੋਂ ਵੱਧ ਦੇਸ਼ਾਂ ਨੂੰ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ ਪ੍ਰਦਾਨ ਕੀਤੀ ਹੈ।
- ਜੁਲਾਈ 2021 ਵਿੱਚ, ਵਿਦੇਸ਼ ਮੰਤਰਾਲੇ ਨੇ ਰਾਸ਼ਟਰੀ ਏਜੰਸੀਆਂ ਅਤੇ ਵਿਦੇਸ਼ੀ ਸਰਕਾਰਾਂ ਦੇ ਨਾਲ ਤਾਲਮੇਲ ਸਥਾਪਿਤ ਕਰਨ ਲਈ 'ਤੁਰੰਤ ਪ੍ਰਤੀਕਿਰਿਆ ਸੈੱਲ' ਦੀ ਸਥਾਪਨਾ ਕੀਤੀ।

## ਪੜੋਸੀਆਂ ਨੂੰ ਤਰਜੀਹ

- ਭਾਰਤ ਦੀ 'ਪੜੋਸੀ ਪਹਿਲਾਂ'ਨੀਤੀ ਨੇ ਖੇਤਰੀ ਸਬੰਧਾਂ ਦੇ ਪ੍ਰਤੀ ਇੱਕ ਸਾਹਸਿਕ ਅਤੇ ਦੂਰਦਰਸ਼ੀ ਪਹੁੰਚ ਨੂੰ ਆਕਾਰ ਦਿੱਤਾ ਹੈ।
- ਇਹ ਨੀਤੀ ਭੂਟਾਨ, ਨੇਪਾਲ, ਸ੍ਰੀਲੰਕਾ, ਮਾਲਦੀਵ, ਮਿਆਂਮਾਰ, ਬੰਗਲਾ ਦੇਸ਼ ਅਤੇ ਅਫ਼ਗਾਨਿਸਤਾਨ ਵਰਗੇ ਗੁਆਂਢੀ ਦੇਸ਼ਾਂ ਦੇ ਨਾਲ ਮਜ਼ਬੂਤ ਭੌਤਿਕ, ਡਿਜੀਟਲ ਅਤੇ ਸੱਭਿਆਚਾਰਕ ਸਬੰਧਾਂ ਨੂੰ ਤਰਜੀਹ ਦਿੰਦੀ ਹੈ।

## ਨਵੇਂ ਦੂਤਾਵਾਸ ਅਤੇ ਵਣਜ ਦੂਤਾਵਾਸ




**40** ਤੋਂ ਵਧ ਨਵੇਂ ਦੂਤਾਵਾਸ ਅਤੇ ਵਣਜ ਦੂਤਾਵਾਸ ਭਾਰਤ ਨੇ ਵਿਸ਼ਵ ਭਰ ਵਿੱਚ 2014 ਤੋਂ 2025 ਦੇ ਦਰਮਿਆਨ ਖੋਲ੍ਹੇ ਹਨ।

ਇਨ੍ਹਾਂ ਦੀ ਕੁੱਲ ਗਿਣਤੀ **220** ਹੋ ਗਈ ਹੈ। ਇਸ ਵਿਸਤਾਰ ਨੇ ਭਾਰਤ ਦੀ ਗਲੋਬਲ ਮੌਜੂਦਗੀ ਅਤੇ ਪਹੁੰਚ ਨੂੰ ਹੋਰ ਮਜ਼ਬੂਤ ਕੀਤਾ ਹੈ।

## ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ

- ਪਿਛਲੇ ਇੱਕ ਦਹਾਕੇ ਵਿੱਚ ਭਾਰਤ ਨੇ ਸਾਊਦੀ ਅਰਬ, ਫਰਾਂਸ, ਯੂਏਈ, ਜਾਪਾਨ, ਬ੍ਰਿਟੇਨ, ਆਸਟ੍ਰੇਲੀਆ, ਜਰਮਨੀ ਸਮੇਤ ਡੇਢ ਦਰਜਨ ਤੋਂ ਵੱਧ ਦੇਸ਼ਾਂ ਨਾਲ ਮੋਬਿਲਿਟੀ ਅਤੇ ਮਾਈਗ੍ਰੇਸ਼ਨ ਸਾਂਝੇਦਾਰੀ ਕੀਤੀ ਹੈ। ਇਸ ਨਾਲ ਭਾਰਤੀ ਨਾਗਰਿਕਾਂ ਲਈ ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ ਖੁੱਲ੍ਹੇ ਹਨ।





## ਰਾਹਤ ਅਤੇ ਨਿਕਾਸੀ ਮੁਹਿੰਮ

- ਪਿਛਲੇ 10-12 ਵਰ੍ਹਿਆਂ ਵਿੱਚ ਭਾਰਤ ਦੀ ਵਿਦੇਸ਼ ਨੀਤੀ ਨਾ ਸਿਰਫ਼ ਕੂਟਨੀਤੀ ਅਤੇ ਸੰਵਾਦ 'ਤੇ ਅਧਾਰਿਤ ਰਹੀ ਹੈ, ਸਗੋਂ ਵਿਦੇਸ਼ਾਂ ਵਿੱਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਖ਼ਤਰੇ ਵਿੱਚ ਹੋਣ 'ਤੇ ਨਿਰਣਾਇਕ ਕਾਰਵਾਈ ਕਰਨ 'ਤੇ ਵੀ ਕੇਂਦ੍ਰਿਤ ਰਹੀ ਹੈ। ਰਾਹਤ ਅਤੇ ਨਿਕਾਸੀ ਯਤਨ ਰਾਸ਼ਟਰ ਸਰਬਉੱਚ ਨੀਤੀ ਦੀਆਂ ਪ੍ਰਮੁੱਖ ਉਦਾਹਰਣਾਂ ਬਣ ਗਈਆਂ ਹਨ। ਭਾਵੇਂ ਮਹਾਮਾਰੀ ਹੋਵੇ, ਯੁੱਧ ਦਾ ਸੰਕਟ ਹੋਵੇ, ਰਾਜਨੀਤਿਕ ਉਥਲ-ਪੁਥਲ ਹੋਵੇ ਜਾਂ ਕੁਦਰਤੀ ਆਫ਼ਤ, ਭਾਰਤ ਨੇ ਆਪਣੇ ਲੋਕਾਂ ਨੂੰ ਸੁਰੱਖਿਅਤ ਅਤੇ ਸਨਮਾਨ ਨਾਲ ਘਰ ਵਾਪਸ ਲਿਆਂਦਾ ਹੈ।

## ਪ੍ਰਮੁੱਖ ਨਿਕਾਸੀ ਅਭਿਆਨ



- ਵੰਦੇ ਭਾਰਤ ਮਿਸ਼ਨ, ਆਪ੍ਰੇਸ਼ਨ ਦੇਵੀ ਸ਼ਕਤੀ, ਆਪ੍ਰੇਸ਼ਨ ਗੰਗਾ, ਆਪ੍ਰੇਸ਼ਨ ਕਾਵੇਰੀ, ਆਪ੍ਰੇਸ਼ਨ ਅਜੇ, ਆਪ੍ਰੇਸ਼ਨ ਇੰਦਰਾਵਤੀ ਸਮੇਤ ਕਈ ਹੋਰ ਅਭਿਆਨ ਭਾਰਤ ਸਰਕਾਰ ਦੀ ਪਹਿਲਕਦਮੀ 'ਤੇ ਚਲਾਏ ਗਏ।

## ਸਰਵਉੱਚ ਨਾਗਰਿਕ ਸਨਮਾਨ ਨਾਲ ਵਧਿਆ ਭਾਰਤ ਦਾ ਮਾਣ



- ਅਪ੍ਰੈਲ 2024 ਤੱਕ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 29 ਤੋਂ ਵੱਧ ਵੱਖ-ਵੱਖ ਦੇਸ਼ਾਂ ਨੇ ਆਪਣੇ ਸਰਵਉੱਚ ਨਾਗਰਿਕ ਸਨਮਾਨ ਨਾਲ ਸਨਮਾਨਿਤ ਕੀਤਾ ਹੈ, ਜੋ ਉਨ੍ਹਾਂ ਨੂੰ ਇਤਿਹਾਸ ਵਿੱਚ ਸਭ ਤੋਂ ਵੱਧ ਅੰਤਰਰਾਸ਼ਟਰੀ ਸਨਮਾਨ ਪਾਉਣ ਵਾਲੇ ਭਾਰਤੀ ਨੇਤਾ ਬਣਾਉਂਦਾ ਹੈ।

## ਅੱਤਵਾਦ 'ਤੇ ਸਖ਼ਤ ਨੀਤੀ



### ਅੱਤਵਾਦੀ ਹਮਲਿਆਂ ਦਾ ਕਰਾਰਾ ਜਵਾਬ

- ਭਾਰਤ 'ਤੇ ਕਿਸੇ ਵੀ ਅੱਤਵਾਦੀ ਹਮਲੇ ਦਾ ਮੂੰਹ ਤੋੜ ਅਤੇ ਨਿਰਣਾਇਕ ਜਵਾਬ ਦਿੱਤਾ ਜਾਵੇਗਾ, ਭਾਵੇਂ ਹਮਲਾਵਰ ਕਿਤੋਂ ਵੀ ਕੰਮ ਕਰ ਰਹੇ ਹੋਣ।

### ਪਰਮਾਣੂ ਬਲੈਕਮੇਲ ਦੇ ਪ੍ਰਤੀ ਕੋਈ ਸਹਿਣਸ਼ੀਲਤਾ ਨਹੀਂ

- ਭਾਰਤ ਪਰਮਾਣੂ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੋਵੇਗਾ। ਅੱਤਵਾਦੀ ਟਿਕਾਣਿਆਂ 'ਤੇ ਸਟੀਕ ਹਮਲੇ ਕਰਨ ਦੀ ਕਾਰਵਾਈ ਜਾਰੀ ਰੱਖੇਗਾ।

### ਅੱਤਵਾਦੀ ਤੱਤਾਂ ਵਿੱਚ ਕੋਈ ਭੇਦਭਾਵ ਨਹੀਂ

- ਅੱਤਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਰਤਾਵਾਂ ਅਤੇ ਸਪਾਂਸਰਾਂ ਵਿੱਚ ਕੋਈ ਫਰਕ ਨਹੀਂ ਹੋਵੇਗਾ, ਦੋਵਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।

### ਗੱਲਬਾਤ ਵਿੱਚ ਅੱਤਵਾਦ ਨੂੰ ਤਰਜੀਹ

- ਪਾਕਿਸਤਾਨ ਨਾਲ ਜੇਕਰ ਕੋਈ ਗੱਲਬਾਤ ਹੁੰਦੀ ਵੀ ਹੈ, ਤਾਂ ਉਹ ਸਿਰਫ਼ ਅੱਤਵਾਦ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੁੱਦੇ 'ਤੇ ਹੀ ਕੇਂਦ੍ਰਿਤ ਹੋਵੇਗੀ।

### ਪ੍ਰਭੂਸੱਤਾ 'ਤੇ ਕੋਈ ਸਮਝੌਤਾ ਨਹੀਂ

- 'ਅੱਤਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ, ਅੱਤਵਾਦ ਅਤੇ ਵਪਾਰ ਇਕੱਠੇ ਨਹੀਂ ਵਧ-ਫੁੱਲ ਸਕਦੇ ਅਤੇ ਪਾਣੀ ਅਤੇ ਖ਼ੂਨ ਇਕੱਠੇ ਨਹੀਂ ਵਹਿ ਸਕਦੇ।' ਅੱਤਵਾਦੀ ਖ਼ਤਰਿਆਂ ਦੇ ਦਰਮਿਆਨ ਆਮ ਸਬੰਧਾਂ ਦੇ ਦਰਵਾਜ਼ੇ ਨੂੰ ਦ੍ਰਿੜ੍ਹਤਾ ਨਾਲ ਬੰਦ ਕੀਤਾ ਗਿਆ ਹੈ।




# ਅੱਤਵਾਦ 'ਤੇ ਜ਼ੀਰੋ ਟੌਲਰੈਂਸ

*ਅੱਤਵਾਦ ਦੇ ਵਿਰੁੱਧ ਭਾਰਤ ਦੀ ਲੜਾਈ ਸਪਸ਼ਟ ਹੈ ਅਤੇ ਇਹ ਇੱਕ ਹਮਲੇ ਨੂੰ ਵੀ ਕਈ ਹਮਲਿਆਂ ਦੀ ਤਰ੍ਹਾਂ ਮੰਨਦਾ ਹੈ। ਭਾਰਤ ਇਹ ਵੀ ਮੰਨਦਾ ਹੈ ਕਿ ਚੰਗਾ ਅੱਤਵਾਦ ਅਤੇ ਮਾੜਾ ਅੱਤਵਾਦ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ ਹੈ। ਇਹ ਮਨੁੱਖਤਾ, ਸੁਤੰਤਰਤਾ ਅਤੇ ਸੱਭਿਅਤਾ 'ਤੇ ਹਮਲਾ ਹੈ। ਇਸ ਲਈ ਅੱਤਵਾਦ ਦੇ ਵਿਰੁੱਧ ਜ਼ੀਰੋ ਟੌਲਰੈਂਸ ਦੀ ਨੀਤੀ 'ਤੇ ਕੇਂਦਰ ਸਰਕਾਰ ਸੰਕਲਪਿਤ ਹੈ। ਦੁਨੀਆ ਨੇ ਇਹ ਵਚਨਬੱਧਤਾ ਉਰੀ ਸਰਜੀਕਲ ਸਟ੍ਰਾਈਕ, ਬਾਲਾਕੋਟ ਏਅਰ ਸਟ੍ਰਾਈਕ ਅਤੇ 'ਆਪ੍ਰੇਸ਼ਨ ਸਿੰਦੂਰ' ਵਿੱਚ ਦੇਖੀ ਵੀ ਹੈ। ਸਟੀਕ, ਸਖ਼ਤ ਅਤੇ ਨਿਰਣਾਇਕ ਹਮਲੇ ਕਰਦੇ ਹੋਏ ਦੁਨੀਆ ਨੂੰ ਸੰਦੇਸ਼ ਦਿੱਤਾ ਗਿਆ ਕਿ ਭਾਰਤ ਯੁੱਧ ਨਹੀਂ ਚਾਹੁੰਦਾ, ਪਰ ਅੱਤਵਾਦ ਨੂੰ ਕਦੇ ਵੀ ਨਹੀਂ ਕੀਤਾ ਜਾਵੇਗਾ ਬਰਦਾਸ਼ਤ...*

## ਆਪ੍ਰੇਸ਼ਨ ਸਿੰਦੂਰ

- ਅਪ੍ਰੈਲ 2025 ਵਿੱਚ, ਪਹਿਲਗਾਮ ਵਿੱਚ ਨਾਗਰਿਕਾਂ 'ਤੇ ਹੋਏ ਬੇਰਹਿਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ।
- ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ 9 ਅੱਤਵਾਦੀ ਕੈਂਪਾਂ 'ਤੇ ਸਟੀਕ ਜਵਾਬੀ ਹਮਲੇ ਕੀਤੇ ਗਏ।
- ਭਾਰਤੀ ਸੈਨਾ ਨੇ ਅੰਤਰਰਾਸ਼ਟਰੀ ਸਰਹੱਦਾਂ ਨੂੰ ਪਾਰ ਕੀਤੇ ਬਿਨਾ ਖਤਰਿਆਂ ਨੂੰ ਨਾਕਾਮ ਕਰਨ ਲਈ ਡਰੋਨ ਹਮਲੇ, ਗੋਲਾ-ਬਾਰੂਦ ਅਤੇ ਬਹੁ-ਪੱਧਰੀ ਹਵਾਈ ਸੁਰੱਖਿਆ ਦੀ ਵਰਤੋਂ ਕੀਤੀ।
- ਭਾਰਤੀ ਥਲ ਸੈਨਾ, ਹਵਾਈ ਸੈਨਾ ਅਤੇ ਜਲ ਸੈਨਾ ਦਰਮਿਆਨ ਤਾਲਮੇਲ ਦੀ ਇੱਕ ਉੱਤਮ ਉਦਾਹਰਣ ਹੈ।
- ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਵਿੱਚ ਅੱਤਵਾਦੀ ਢਾਂਚੇ 'ਤੇ ਸਟੀਕ ਹਮਲਾ ਕੀਤਾ, ਨੂਰ ਖਾਨ ਏਅਰਬੇਸ ਅਤੇ ਰਹੀਮਯਾਰ ਖਾਨ ਏਅਰਬੇਸ ਜਿਹੇ ਟੀਚਿਆਂ 'ਤੇ ਹਵਾਈ ਅਭਿਆਨ ਚਲਾਇਆ।
- ਜਲ ਸੈਨਾ ਨੇ ਮਿਗ-29 ਦੇ ਲੜਾਕੂ ਜਹਾਜ਼ਾਂ ਅਤੇ ਹਵਾਈ ਸ਼ੁਰੂਆਤੀ ਚੇਤਾਵਨੀ ਹੈਲੀਕੌਪਟਰਾਂ ਨਾਲ ਲੈਸ ਆਪਣੇ ਕੈਰੀਅਰ ਬੈਟਲ ਗਰੁੱਪ (ਸੀਬੀਜੀ) ਨੂੰ ਤੈਨਾਤ ਕੀਤਾ।
- ਰਣਨੀਤਕ ਸਫ਼ਲਤਾ ਦੇ ਨਾਲ-ਨਾਲ ਰਣਨੀਤਕ ਸੰਦੇਸ਼ ਵੀ ਸੀ। ਥਲ, ਹਵਾਈ ਅਤੇ ਸਮੁੰਦਰ ਵਿੱਚ ਤਾਲਮੇਲ ਕਰਨ ਵਾਲੀ ਫੌਜੀ ਕਾਰਵਾਈ ਕਰਨ ਦੀ ਭਾਰਤ ਦੀ ਸਮਰੱਥਾ ਦਾ ਪ੍ਰਦਰਸ਼ਨ।
- ਜਕੋਬਾਬਾਦ ਵਿੱਚ ਸ਼ਾਹਬਾਜ਼ ਏਅਰਬੇਸ 'ਤੇ ਹਮਲੇ ਤੋਂ ਪਹਿਲਾਂ ਅਤੇ ਬਾਅਦ ਦੀਆਂ ਸੈਟੇਲਾਈਟ ਤਸਵੀਰਾਂ ਵਿਨਾਸ਼ ਨੂੰ ਸਪਸ਼ਟ ਤੌਰ 'ਤੇ ਦਰਸਾਉਂਦੀਆਂ ਹਨ।
- ਹਮਲੇ ਵਿੱਚ ਸਰਗੋਧਾ ਅਤੇ ਭੋਲਾਰੀ ਜਿਹੇ ਪ੍ਰਮੁੱਖ ਗੋਲਾ-ਬਾਰੂਦ ਡਿਪੂਆਂ ਅਤੇ ਏਅਰਬੇਸਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੇ ਐੱਫ-16 ਅਤੇ ਜੇਐੱਫ-17 ਲੜਾਕੂ ਜਹਾਜ਼ ਤੈਨਾਤ ਸਨ। ਨਤੀਜੇ ਵਜੋਂ, ਪਾਕਿਸਤਾਨ ਦੀ ਹਵਾਈ ਸੈਨਾ ਦਾ ਲਗਭਗ 20% ਬੁਨਿਆਦੀ ਢਾਂਚਾ ਤਬਾਹ ਹੋ ਗਿਆ।
- ਭੋਲਾਰੀ ਏਅਰਬੇਸ 'ਤੇ ਬੰਬਾਰੀ ਵਿੱਚ ਸਕੁਆਡਰਨ ਲੀਡਰ ਉਸਮਾਨ ਯੂਸਫ਼ ਅਤੇ 4 ਹਵਾਈ ਸੈਨਿਕਾਂ ਸਮੇਤ 50 ਤੋਂ ਵੱਧ ਲੋਕ ਮਾਰੇ ਗਏ। ਕਈ ਪਾਕਿਸਤਾਨੀ ਲੜਾਕੂ ਜਹਾਜ਼ ਵੀ ਤਬਾਹ ਕਰ ਦਿੱਤੇ ਗਏ ਸਨ।
- ਆਪ੍ਰੇਸ਼ਨ ਸਿੰਦੂਰ ਨੇ ਇੱਕ ਨਵੀਂ ਲਾਲ ਰੇਖਾ ਖਿੱਚ ਦਿੱਤੀ ਹੈ - ਜੇਕਰ ਅੱਤਵਾਦ ਕਿਸੇ ਦੇਸ਼ ਦੀ ਨੀਤੀ ਹੈ, ਤਾਂ ਇਸ ਦਾ ਸਪਸ਼ਟ ਅਤੇ ਸਸ਼ਕਤ ਜਵਾਬ ਦਿੱਤਾ ਜਾਵੇਗਾ।

**ਸਿਰਫ਼ ਤਿੰਨ ਘੰਟਿਆਂ ਦੇ ਅੰਦਰ ਭਾਰਤ ਨੇ ਨੂਰ ਖਾਨ ਸਮੇਤ, 11 ਫੌਜੀ ਟਿਕਾਣਿਆਂ ਰਫੀਕੀ, ਮੁਰੀਦ, ਸੁੱਕੁਰ, ਸਿਆਲਕੋਟ, ਪਸਰੂਰ, ਚੁਨੀਅਨ, ਸਰਗੋਧਾ, ਸਕਰਦੂ, ਭੋਲਾਰੀ ਅਤੇ ਜੈਕੋਬਾਬਾਦ ਨੂੰ ਨਿਸ਼ਾਨਾ ਬਣਾਇਆ।**



## ਭਾਰਤ ਅਤੇ ਫਰਾਂਸ ਅੱਤਵਾਦ ਦੇ ਵਿਰੁੱਧ ਹੋਏ ਇਕਜੁੱਟ

- ਅੱਤਵਾਦ ਨਾਲ ਜੁੜੀ ਫੰਡਿੰਗ ਨੂੰ ਰੋਕਣ ਦੇ ਲਈ ਐੱਫਏਟੀਐੱਫ ਨਿਯਮਾਂ ਦੀ ਪਾਲਣਾ 'ਤੇ ਜ਼ੋਰ।
- ਮਿਲੀਪੋਲ 2025 ਦਾ ਆਯੋਜਨ ਨਵੀਂ ਦਿੱਲੀ ਵਿੱਚ ਭਾਰਤ ਦੀ ਅੱਤਵਾਦ ਵਿਰੋਧੀ ਅਗਵਾਈ ਦਾ ਪ੍ਰਦਰਸ਼ਨ।
- ਅਪ੍ਰੈਲ 2024 ਵਿੱਚ ਭਾਰਤ-ਫਰਾਂਸ ਅੱਤਵਾਦ ਵਿਰੋਧੀ ਗੱਲਬਾਤ ਦਾ ਆਯੋਜਨ।





## ਭਾਰਤ ਅਤੇ ਅਮਰੀਕਾ ਦਾ ਅੱਤਵਾਦ ਦੇ ਵਿਰੁੱਧ ਸਾਂਝਾ ਮੋਰਚਾ

- ਅੱਤਵਾਦ ਨਾਲ ਜੁੜੇ ਨੈੱਟਵਰਕ ਨੂੰ ਖ਼ਤਮ ਕਰਨ ਲਈ ਭਾਰਤ ਅਤੇ ਅਮਰੀਕਾ ਦੀ ਇਕਜੁੱਟਤਾ।
- ਅਲ-ਕਾਇਦਾ, ਆਈਐੱਸਆਈਐੱਸ, ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ ਵਰਗੇ ਅੱਤਵਾਦੀ ਸੰਗਠਨਾਂ ਦੇ ਵਿਰੁੱਧ ਸਾਂਝੀ ਕਾਰਵਾਈ।
- 26/11 ਅਤੇ ਆਬੇ ਗੇਟ ਦੇ ਹਮਲਿਆਂ ਦੇ ਦੋਸ਼ੀਆਂ ਨੂੰ ਕਰਾਰਾ ਜਵਾਬ।
- ਅਮਰੀਕਾ ਨੇ 26/11 ਦੇ ਸਾਜਿਸ਼ਕਰਤਾ ਤਹੱਵੁਰ ਰਾਣਾ ਨੂੰ ਭਾਰਤ ਦੇ ਹਵਾਲੇ ਕੀਤਾ।
- ਪਾਕਿਸਤਾਨ ਨੂੰ 26/11 ਅਤੇ ਪਠਾਨਕੋਟ ਹਮਲਾਵਰਾਂ ਦੇ ਵਿਰੁੱਧ ਕਾਰਵਾਈ ਕਰਨ ਦੀ ਅਪੀਲ।

## ਦੁਨੀਆ ਭਰ ਵਿੱਚ ਅੱਤਵਾਦ ਫੰਡਿੰਗ ਦੇ ਵਿਰੁੱਧ ਮੁਹਿੰਮ

- 2022 ਵਿੱਚ ਭਾਰਤ ਨੇ 'ਨੋ ਮਨੀ ਫਾਰ ਟੈਰਰ' ਸੰਮੇਲਨ ਦੀ ਮੇਜ਼ਬਾਨੀ ਕੀਤੀ।
- ਭਾਰਤ ਵੱਲੋਂ ਗਲੋਬਲ ਕ੍ਰਿਪਟੋ ਰੈਗੂਲੇਸ਼ਨ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ।



- ਭਾਰਤ ਨੇ 28-29 ਸਤੰਬਰ, 2016 ਨੂੰ ਸਰਜੀਕਲ ਸਟ੍ਰਾਈਕ ਕਰਕੇ ਉਰੀ ਵਿੱਚ 18 ਸੈਨਿਕਾਂ 'ਤੇ ਹੋਏ ਅੱਤਵਾਦੀ ਹਮਲੇ ਦਾ ਜਵਾਬ ਦਿੱਤਾ।
- ਇਨ੍ਹਾਂ ਹਮਲਿਆਂ ਨੇ ਨਿਯੰਤਰਣ ਰੇਖਾ ਦੇ ਪਾਰ ਅੱਤਵਾਦੀਆਂ ਅਤੇ ਉਨ੍ਹਾਂ ਦੇ ਮਦਦਗਾਰਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ।
- 14 ਫਰਵਰੀ 2019 ਨੂੰ, ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਤੇਜ਼ ਕਾਰਵਾਈ ਕੀਤੀ। 26 ਫਰਵਰੀ 2019 ਨੂੰ ਬਾਲਾਕੋਟ ਹਵਾਈ ਹਮਲਿਆਂ ਵਿੱਚ ਸੀਨੀਅਰ ਕਮਾਂਡਰਾਂ ਸਮੇਤ ਵੱਡੀ ਗਿਣਤੀ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ ਗਿਆ।
- ਪੂਰਵ-ਪ੍ਰਤੀਕਿਰਿਆਤਮਕ ਕਾਰਵਾਈਆਂ ਨੇ ਦੁਨੀਆ ਨੂੰ ਦਿਖਾਇਆ ਕਿ ਭਾਰਤ ਹੁਣ ਅੱਤਵਾਦ ਦੇ ਜ਼ਰੀਏ ਹੋਣ ਵਾਲੇ ਯੁੱਧ ਨੂੰ ਸਹਿਣ ਨਹੀਂ ਕਰੇਗਾ।

## ਸਰਜੀਕਲ ਸਟ੍ਰਾਈਕ
## ਬਾਲਾਕੋਟ ਏਅਰ ਸਟ੍ਰਾਈਕ




## ਮਸੂਦ ਅਜ਼ਹਰ ਗਲੋਬਲ ਅੱਤਵਾਦੀ ਐਲਾਨਿਆ

- ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿੱਚ ਮਸੂਦ ਅਜ਼ਹਰ ਨੂੰ ਅੱਤਵਾਦੀ ਦੇ ਰੂਪ ਵਿੱਚ ਸੂਚੀਬੱਧ ਕੀਤਾ।
- 2019 ਵਿੱਚ ਭਾਰਤ ਦੀ ਵੱਡੀ ਕੂਟਨੀਤਕ ਜਿੱਤ ਸਿੱਧ ਹੋਈ।

## ਇੱਕ ਨਵੇਂ ਅਤੇ ਸੁਰੱਖਿਅਤ ਭਾਰਤ ਵੱਲ...

- 2010 ਤੋਂ 2024 ਤੱਕ ਅੱਤਵਾਦ ਨਾਲ ਹੋਣ ਵਾਲੀਆਂ ਮੌਤਾਂ ਵਿੱਚ 85 ਫੀਸਦੀ ਦੀ ਕਮੀ ਆਈ।
- ਜੰਮੂ-ਕਸ਼ਮੀਰ ਵਿੱਚ ਅੱਤਵਾਦ ਨਾਲ ਜੁੜੀਆਂ ਘਟਨਾਵਾਂ ਵਿੱਚ 2019 ਤੋਂ 70 ਫੀਸਦੀ ਤੱਕ ਦੀ ਕਮੀ ਆਈ।



## ਅੱਤਵਾਦ ਦੇ ਵਿਰੁੱਧ ਜ਼ੀਰੋ ਟੌਲਰੈਂਸ




- 2 ਅਗਸਤ 2019 ਵਿੱਚ ਐੱਨਆਈਏ ਐਕਟ ਵਿੱਚ ਸੋਧ ਕਰਕੇ ਨਵੇਂ ਅਪਰਾਧਾਂ ਨੂੰ ਸ਼ਾਮਲ ਕਰਨ ਦੇ ਨਾਲ ਹੀ ਐੱਨਆਈਏ ਨੂੰ ਵਿਦੇਸ਼ਾਂ ਵਿੱਚ ਵੀ ਜਾਂਚ ਕਰਨ ਦਾ ਅਧਿਕਾਰ ਮਿਲਿਆ ਹੈ।
- **UAPA** ਵਿੱਚ ਵੀ ਸੋਧ ਕਰਕੇ ਅੱਤਵਾਦੀਆਂ ਦੀ ਸੰਪਤੀ ਜ਼ਬਤ ਕਰਨ ਅਤੇ ਵਿਅਕਤੀਆਂ ਨੂੰ ਵੀ ਅੱਤਵਾਦੀ ਐਲਾਨੇ ਜਾਣ ਦਾ ਅਧਿਕਾਰ ਮਿਲਿਆ ਹੈ।
- ਮੌਜੂਦਾ ਕੇਂਦਰ ਸਰਕਾਰ ਨੇ ਕਾਨੂੰਨ ਵਿੱਚ ਪਹਿਲੀ ਵਾਰ ਅੱਤਵਾਦ ਨੂੰ ਪਰਿਭਾਸ਼ਿਤ ਕੀਤਾ ਹੈ।

### ਮਜ਼ਬੂਤ ਨੀਤੀਆਂ ਨਾਲ ਸੁਰੱਖਿਅਤ ਭਾਰਤ

- ਬੀਤੇ 10 ਵਰ੍ਹਿਆਂ ਵਿੱਚ ਅੱਤਵਾਦੀ ਘਟਨਾਵਾਂ ਵਿੱਚ 70% ਦੀ ਕਮੀ ਆਈ।
- ਯੂਏਪੀਏ ਮਾਮਲਿਆਂ ਵਿੱਚ ਐੱਨਆਈਏ ਦੀ 95 ਪ੍ਰਤੀਸ਼ਤ ਸਜ਼ਾ ਦਰ, ਮਜ਼ਬੂਤ ਅੱਤਵਾਦ ਵਿਰੋਧੀ ਨੀਤੀ।

15 ਤੋਂ ਵੱਧ ਸੰਗਠਨਾਂ 'ਤੇ ਅੱਤਵਾਦੀ ਸੰਗਠਨ ਦੇ ਰੂਪ ਵਿੱਚ ਪਾਬੰਦੀ।

## ਅੱਤਵਾਦੀ ਘਟਨਾਵਾਂ






> **ਕੁਝ ਦੇਸ਼ ਆਪਣੀ ਵਿਦੇਸ਼ ਨੀਤੀ ਦੇ ਤਹਿਤ ਅੱਤਵਾਦ ਦਾ ਸਮਰਥਨ ਕਰਦੇ ਹਨ। ਇਨ੍ਹਾਂ ਦੇਸ਼ਾਂ ਨੂੰ ਵੱਖ-ਵੱਖ ਕਰ ਦੇਣਾ ਚਾਹੀਦਾ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪਰੰਤੂ ਨਹੀਂ ਹੋਣਾ ਚਾਹੀਦਾ।**
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



# ਨਕਸਲ ਮੁਕਤ ਭਾਰਤ : ਨਵੇਂ ਭਾਰਤ ਦੀ ਨਵੀਂ ਕਹਾਣੀ

*ਭਾਰਤ ਨਕਸਲਵਾਦ, ਮਾਓਵਾਦੀ ਅੱਤਵਾਦ ਤੋਂ ਮੁਕਤ ਹੋ ਚੁੱਕਿਆ ਹੈ। ਰਾਸ਼ਟਰੀ ਸੁਰੱਖਿਆ ਨੂੰ ਲੈ ਕੇ ਪਿਛਲੇ 12 ਵਰ੍ਹਿਆਂ ਵਿੱਚ ਭਾਰਤ ਦੀਆਂ ਇਹ ਸਭ ਤੋਂ ਵੱਡੀਆਂ ਸਫਲਤਾਵਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਹੈ। ਬੰਬ, ਬੰਦੂਕ ਅਤੇ ਪਿਸਤੌਲ ਦੇ ਸਾਹਮਣੇ ਦੇਸ਼ ਦਾ ਸੰਵਿਧਾਨ ਜੇਤੂ ਹੋਇਆ ਹੈ। ਕੱਲ੍ਹ ਤੱਕ ਜੋ ਲਾਲ ਕੋਰੀਡੋਰ ਸਨ, ਉਹ ਅੱਜ ਗ੍ਰੀਨ ਗ੍ਰੋਥ ਜ਼ੋਨ ਵਿੱਚ ਤਬਦੀਲ ਹੁੰਦੇ ਨਜ਼ਰ ਆ ਰਹੇ ਹਨ। ਸਮਾਂਬੱਧ ਤਰੀਕੇ ਨਾਲ ਦਹਾਕਿਆਂ ਪੁਰਾਣੀ ਸਮੱਸਿਆ ਦੀ ਸਮਾਪਤੀ ਭਾਵ ਨਕਸਲ ਮੁਕਤ ਭਾਰਤ ਦੇ ਸੰਕਲਪ ਨੇ 31 ਮਾਰਚ 2026 ਨੂੰ ਸੰਘਰਸ਼ ਤੋਂ ਸਿੱਧੀ ਦਾ ਰਚ ਦਿੱਤਾ ਇਤਿਹਾਸਕ ਅਧਿਆਏ...*

## ਨਕਸਲ ਪ੍ਰਭਾਵਿਤ ਖੇਤਰਾਂ ਵਿੱਚ ਹੋਏ ਕੰਮ

**2014 ਤੋਂ ਨਕਸਲਵਾਦ ਪ੍ਰਭਾਵਿਤ ਖੇਤਰਾਂ ਵਿੱਚ**

**17,589** ਕਿਲੋਮੀਟਰ ਸੜਕਾਂ ਦੇ ਨਿਰਮਾਣ ਦੀ ਮਨਜ਼ੂਰੀ ਦਿੱਤੀ ਗਈ ਹੈ।

**12,000** ਕਿਲੋਮੀਟਰ ਸੜਕਾਂ ਪਹਿਲਾਂ ਹੀ ਬਣ ਚੁੱਕੀਆਂ ਹਨ।

**₹6,000 ਕਰੋੜ** ਕਰੋੜ ਦੀ ਲਾਗਤ ਨਾਲ ਲਗਭਗ 5,000 ਮੋਬਾਈਲ ਟਾਵਰ ਸਥਾਪਿਤ ਕੀਤੇ ਹਨ।

**6,025** ਡਾਕ ਘਰ ਖੋਲ੍ਹੇ ਗਏ ਹਨ।

**8,000** 4G ਟਾਵਰ ਸਥਾਪਿਤ ਕਰਨ ਦਾ ਵੀ ਫੈਸਲਾ ਲਿਆ ਗਿਆ।

ਪਿਛਲੇ 12 ਵਰ੍ਹਿਆਂ ਵਿੱਚ **1,804** ਬੈਂਕ ਸ਼ਾਖਾਵਾਂ ਖੋਲ੍ਹੀਆਂ ਗਈਆਂ ਹਨ, **1,321** ਏਟੀਐੱਮ ਸਥਾਪਿਤ ਕੀਤੇ ਗਏ ਹਨ।



### ਕਈ ਰਾਜਾਂ ਵਿੱਚ 2024 ਵਿੱਚ ਹੀ ਨਕਸਲਵਾਦ ਹੋ ਗਿਆ ਸੀ ਖਤਮ

- ਓਡੀਸ਼ਾ ਅਤੇ ਬਿਹਾਰ2024 ਤੋਂ ਪਹਿਲਾਂ ਹੀ ਨਕਸਲਵਾਦ ਤੋਂ ਮੁਕਤ ਹੋ ਚੁੱਕਿਆ ਸੀ।
- ਇੱਕ ਤਹਿਸੀਲ ਨੂੰ ਛੱਡ ਕੇ 2024 ਤੋਂ ਪਹਿਲਾਂ ਹੀ ਮਹਾਰਾਸ਼ਟਰ ਨਕਸਲਵਾਦ ਤੋਂ ਮੁਕਤ ਹੋ ਚੁੱਕਿਆ ਸੀ।
- ਝਾਰਖੰਡ ਇੱਕ ਜ਼ਿਲ੍ਹੇ ਨੂੰ ਛੱਡ ਕੇ 2024 ਤੋਂ ਪਹਿਲਾਂ ਨਕਸਲਵਾਦ ਮੁਕਤ ਹੋ ਚੁੱਕਿਆ ਸੀ।
- 24 ਅਗਸਤ 2024 ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 31 ਮਾਰਚ 2026 ਤੱਕ ਪੂਰੇ ਦੇਸ਼ ਤੋਂ ਨਕਸਲਵਾਦ ਨੂੰ ਪੂਰੀ ਤਰ੍ਹਾਂ ਨਾਲ ਖਤਮ ਕਰਨ ਦਾ ਐਲਾਨ ਕੀਤਾ ਸੀ।





> **“ਖੱਬੇ-ਪੱਖੀ ਕੱਟੜਪੰਥੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਭੋਲੇ-ਭਾਲੇ ਆਦਿਵਾਸੀਆਂ ਦੇ ਸਾਹਮਣੇ ਇੱਕ ਗਲਤ ਤਰ੍ਹਾਂ ਦਾ ਨੈਰੇਟਿਵ ਰੱਖਿਆ ਸੀ ਕਿ ਉਹ ਉਨ੍ਹਾਂ ਦੇ ਅਧਿਕਾਰਾਂ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਲੜ ਰਹੇ ਹਨ।**
>
> **–ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

### ਨਕਸਲਵਾਦ ਖਤਮ ਕਰਨ ਦੇ ਲਈ ਚੁੱਕੇ ਗਏ ਕਦਮ

11 ਵਰ੍ਹਿਆਂ ਵਿੱਚ **596** ਕਿਲ੍ਹਾਬੰਦ ਪੁਲਿਸ ਸਟੇਸ਼ਨ ਬਣਾਏ ਗਏ।

ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਦੀ ਸੰਖਿਆ



## ਸਰਕਾਰ ਦੀਆਂ ਨੀਤੀਆਂ ਦਾ ਅਸਰ

- ਨਕਸਲੀਆਂ ਤੋਂ ਜ਼ਬਤ ਕੀਤੇ ਗਏ ਹਥਿਆਰਾਂ ਵਿੱਚੋਂ **92%** ਪੁਲਿਸ ਤੋਂ ਲੁੱਟੇ ਗਏ ਸਨ।
- ਨਕਸਲੀਆਂ ਦੇ ਜਨਰਲ ਸਕੱਤਰ ਬਸਵਰਜੁ ਨੂੰ ਮਾਰ ਗਿਰਾਇਆ ਗਿਆ।
- **27** ਲੋਕਾਂ ਦੀ ਹੱਤਿਆ ਕਰਨ ਵਾਲੇ ਹਿਡਮਾ ਨੂੰ ਮਾਰ ਗਿਰਾਇਆ ਗਿਆ।
- **11** ਵਰ੍ਹਿਆਂ ਤੋਂ ਸਰਗਰਮ ਗਜੁਰੈੱਲਾ ਰਵੀ ਨੂੰ ਮਾਰ ਗਿਰਾਇਆ ਗਿਆ।
- **46** ਵਰ੍ਹਿਆਂ ਤੋਂ ਸਰਗਰਮ ਕਾਦਰੀ ਸੱਤਿਆਨਾਰਾਇਣ ਰੈੱਡੀ ਨੂੰ ਮਾਰ ਗਿਰਾਇਆ ਗਿਆ।
- **44** ਵਰ੍ਹਿਆਂ ਤੋਂ ਸਰਗਰਮ ਗਣੇਸ਼ ਓਇਕੇ ਨੂੰ ਮਾਰ ਗਿਰਾਇਆ ਗਿਆ।
- **46** ਵਰ੍ਹਿਆਂ ਤੋਂ ਸਰਗਰਮ ਵੇਣੁਗੋਪਾਲ ਅਤੇ ਪੱਲੂਰੀ ਪ੍ਰਸਾਦ ਰਾਓ ਚੰਦਨਾ ਨੇ ਆਤਮ-ਸਮਰਪਣ ਕੀਤਾ।
- **36** ਵਰ੍ਹਿਆਂ ਤੋਂ ਸਰਗਰਮ ਵਾਸੁਦੇਵ ਅਤੇ ਰਾਮਦੇਵ ਮਾਂਝੀ ਦੇਬੂ ਨੇ ਆਤਮ-ਸਮਰਪਣ ਕੀਤਾ।
- **44** ਵਰ੍ਹਿਆਂ ਤੋਂ ਸਰਗਰਮ ਵਾਸੁਦੇਵ ਅਤੇ ਰਾਮਦੇਵ ਮਾਂਝੀ ਦੇਬੂ ਨੇ ਆਤਮ-ਸਮਰਪਣ ਕੀਤਾ।
- ਬਚੇ ਸਾਰੇ ਚੋਟੀ ਦੇ ਹਥਿਆਰਬੰਦ ਮਾਓਵਾਦੀ ਨੇਤਾਵਾਂ ਨੂੰ ਮਾਰ ਗਿਰਾਇਆ ਗਿਆ।

**ਨਕਸਲਬਾੜੀ**

ਨਕਸਲਬਾੜੀ ਤੋਂ ਸ਼ੁਰੂ ਹੋਇਆ ਅੰਦੋਲਨ 12 ਰਾਜਾਂ ਵਿੱਚ ਫੈਲ ਗਿਆ

ਜਿਸ ਵਿੱਚ ਦੇਸ਼ ਦਾ **17%** ਜ਼ਮੀਨੀ ਧਰਾਤਲ **10%** ਤੋਂ ਵੱਧ ਜਨਸੰਖਿਆ ਸ਼ਾਮਲ ਸੀ।

## ਨਕਸਲੀ ਖਾਤਮੇ ਲਈ ਆਪ੍ਰੇਸ਼ਨ



**ਆਪ੍ਰੇਸ਼ਨ ਓਕਟੋਪਸ:** ਬਿਹਾਰ ਦੇ ਬੂੜ੍ਹਾ ਪਹਾੜ ਖੇਤਰ ਵਿੱਚ ਵਰ੍ਹੇ 2022 ਵਿੱਚ ਚਲਿਆ।

**ਆਪ੍ਰੇਸ਼ਨ ਡਬਲ ਬੁਲ:** ਝਾਰਖੰਡ ਦੇ ਗੁਮਲਾ, ਲੋਹਰਦਗਾ ਅਤੇ ਲਾਤੇਹਾਰ ਜ਼ਿਲ੍ਹਿਆਂ ਵਿੱਚ ਫਰਵਰੀ 2022 ਵਿੱਚ ਚਲਿਆ। ਤਿੰਨੋਂ ਜ਼ਿਲ੍ਹੇ ਨਕਸਲਵਾਦ ਤੋਂ ਮੁਕਤ ਹੋ ਗਏ।

**ਆਪ੍ਰੇਸ਼ਨ ਥੰਡਰਸਟ੍ਰੋਮ:** ਝਾਰਖੰਡ ਦੇ ਸਰਾਏਕੇਲਾ, ਪੱਛਮੀ ਸਿੰਘਭੂਮ ਅਤੇ ਖੂੰਟੀ ਜ਼ਿਲ੍ਹੇ ਵਿੱਚ ਸਤੰਬਰ 2022 ਵਿੱਚ ਚਲਿਆ।

**ਆਪ੍ਰੇਸ਼ਨ ਭੀਮਬਰਗ:** ਮੁੰਗੇਰ ਜ਼ਿਲ੍ਹੇ ਵਿੱਚ ਜੂਨ ਅਤੇ ਜੁਲਾਈ 2022 ਵਿੱਚ ਚਲਿਆ।

ਆਪ੍ਰੇਸ਼ਨ ਚਕ੍ਰਬਾਂਧਾ: ਬਿਹਾਰ ਦੇ ਗਯਾ ਅਤੇ ਔਰੰਗਾਬਾਦ ਜ਼ਿਲ੍ਹਿਆਂ ਵਿੱਚ 2022 ਵਿੱਚ ਚਲਿਆ।

**ਆਪ੍ਰੇਸ਼ਨ ਬਲੈਕ ਫੌਰੈਸਟ:** ਤੇਲੰਗਾਨਾ ਅਤੇ ਛੱਤੀਸਗੜ੍ਹ ਦੀ ਸੀਮਾ ਵਿੱਚ 50 ਕਿਲੋਮੀਟਰ ਲੰਬੀ ਅਤੇ 37 ਕਿਲੋਮੀਟਰ ਚੌੜੀ ਇੱਕ ਪਹਾੜੀ 'ਤੇ ਵਰ੍ਹੇ 2025 ਵਿੱਚ ਚਲਿਆ।

## ਵਿਸ਼ੇਸ਼ ਕੋਰਟ ਅਤੇ ਜਾਂਚ ਏਜੰਸੀਆਂ ਦਾ ਗਠਨ

- ਐੱਨਆਈਏ ਨੂੰ ਬਹੁਤ ਮਜ਼ਬੂਤ ਕੀਤਾ ਗਿਆ ਹੈ ਅਤੇ ਐੱਲਡਬਲਿਊਈ ਪ੍ਰਭਾਵਿਤ ਰਾਜਾਂ ਵਿੱਚ ਸਟੇਟ ਇਨਵੈਸਟੀਗੇਸ਼ਨ ਏਜੰਸੀਆਂ (ਐੱਸਆਈਏ) ਨੂੰ ਵੀ ਸਥਾਪਿਤ ਕੀਤਾ ਗਿਆ।
- ਛੱਤੀਸਗੜ੍ਹ ਵਿੱਚ 4 ਐੱਲਡਬਲਿਊਈ ਸਪੈਸ਼ਲ ਕੋਰਟਾਂ ਸ਼ੁਰੂ ਕੀਤੀਆਂ ਗਈਆਂ ਅਤੇ ਦੂਸਰੇ ਰਾਜਾਂ ਵਿੱਚ ਵੀ ਐਕਸਕਲੂਸਿਵ ਕੋਰਟ ਦੀ ਸਥਾਪਨਾ ਕੀਤੀ ਗਈ।

## ਆਰਥਿਕ ਤੌਰ 'ਤੇ ਕੀਤਾ ਗਿਆ ਕਮਜ਼ੋਰ

ਨਕਸਲੀਆਂ ਦੇ ਵਿੱਤਪੋਸ਼ਣ ਨੂੰ ਰੋਕਣ ਲਈ ਰਾਸ਼ਟਰੀ ਜਾਂਚ ਏਜੰਸੀ ਨੂੰ ਸਰਗਰਮ ਕਰਕੇ ਇੱਕ ਹਮਲਾਵਰ ਰਣਨੀਤੀ ਅਪਣਾਈ ਗਈ। ਜਿਸ ਦੇ ਸਦਕਾ ਉਨ੍ਹਾਂ ਦੇ ਵਿੱਤੀ ਸੰਸਾਧਨਾਂ ਦੀ ਕਮੀ ਆਈ।



## ਪੁਲਿਸ ਬਲ ਦਾ ਆਧੁਨਿਕੀਕਰਣ

- ਰਾਜਾਂ ਦੀ ਪੁਲਿਸ ਫੋਰਸ ਨੂੰ ਲੈਸ ਕਰਨ ਅਤੇ ਆਧੁਨਿਕ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਪੁਲਿਸ ਫੋਰਸ ਦੇ ਆਧੁਨਿਕੀਕਰਣ ਦੀ ਯੋਜਨਾ ਦੇ ਤਹਿਤ ਸਹਾਇਤਾ ਦਿੱਤੀ ਗਈ।
- ਯੋਜਨਾ ਦੇ ਤਹਿਤ, ਰਾਜ ਸਰਕਾਰਾਂ ਨੂੰ ਹਥਿਆਰ, ਇਨਫਰਮੇਸ਼ਨ ਟੈਕਨੋਲੋਜੀ ਲਈ ਉਪਕਰਣ, ਕਮਿਊਨੀਕੇਸ਼ਨ, ਟ੍ਰੇਨਿੰਗ, ਪੁਲਿਸ ਸਟੇਸ਼ਨਾਂ ਦੇ ਨਿਰਮਾਣ, ਮੋਬੀਲਿਟੀ ਅਤੇ ਪੁਲਿਸ ਆਵਾਸ ਅਤੇ ਹੋਰ ਪੁਲਿਸ ਇਨਫ੍ਰਾਸਟ੍ਰਕਚਰ ਆਦਿ ਦੇ ਲਈ ਕੇਂਦਰ ਸਰਕਾਰ ਨੇ ਮਦਦ ਦਿੱਤੀ।
- ਸਪੈਸ਼ਲ ਇਨਫ੍ਰਾਸਟ੍ਰਕਚਰ ਸਕੀਮ (ਐੱਸਆਈਐੱਸ) ਦੇ ਤਹਿਤ, ਐੱਲਡਬਲਿਊਈ ਪ੍ਰਭਾਵਿਤ ਰਾਜਾਂ ਨੂੰ ਰਾਜ ਦੀ ਸਪੈਸ਼ਲ ਫੋਰਸ, ਸਟੇਟ ਇੰਟੈਲੀਜੈਂਸ ਬ੍ਰਾਂਚ (ਐੱਸਆਈਬੀ), ਜ਼ਿਲ੍ਹਾ ਪੁਲਿਸ ਅਤੇ ਮਜ਼ਬੂਤ ਪੁਲਿਸ ਸਟੇਸ਼ਨਾਂ (ਐੱਫਪੀਐੱਸ) ਦੇ ਨਿਰਮਾਣ ਲਈ 1,761 ਕਰੋੜ ਰੁਪਏ ਦੇ ਕੰਮ ਮਨਜ਼ੂਰ ਕੀਤੇ ਗਏ ਸਨ।





ਕਵਰ ਸਟੋਰੀ

ਵਿਕਾਸ ਯਾਤਰਾ ਦੇ 12 ਵਰ੍ਹੇ

# ਵਿਕਾਸ ਭੀ, ਵਿਰਾਸਤ ਭੀ

## ਸਸ਼ਕਤ, ਖੁਸ਼ਹਾਲ, ਸੁਰੱਖਿਅਤ ਭਾਰਤ

***ਰਾਸ਼ਟਰੀ ਏਕਤਾ ਹੋਵੇ ਜਾਂ ਫਿਰ ਨਾਗਰਿਕ ਫਰਜ਼ ਦੀ ਭਾਵਨਾ, ਸੱਭਿਆਚਾਰਕ ਵਿਰਾਸਤ ਕੜੀ ਵਜੋਂ ਕੰਮ ਕਰਦੀ ਹੈ। ਇਹੋ ਉਹ ਮਜ਼ਬੂਤ ਕੜੀ ਹੈ ਜੋ ਦੇਸ਼ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਵੀ ਭਾਰਤ ਨਾਲ ਜੋੜਦੀ ਹੈ। ਇਸੇ ਸੋਚ ਨਾਲ ਸੱਭਿਆਚਾਰਕ ਵਿਰਾਸਤ 'ਤੇ ਮਾਣ ਕਰਦੇ ਭਾਰਤ ਨੇ ਆਪਣੇ ਅਦਭੁਤ ਸਨਮਾਨਜਨਕ ਇਤਿਹਾਸ ਨਾਲ ਵਰਤਮਾਨ ਵਿੱਚ ਨਵੇਂ ਆਯਾਮ ਜੋੜ ਕੇ ਵਿਕਾਸ ਅਤੇ ਵਿਰਾਸਤ ਨੂੰ ਸਿੱਧ ਕਰਦੇ ਹੋਏ ਬੀਤੇ 12 ਵਰ੍ਹਿਆਂ ਵਿੱਚ ਲਿਖ ਦਿੱਤੀ ਹੈ ਸੁਨਹਿਰੇ ਭਵਿੱਖ ਦੀ ਪਟਕਥਾ। ਨਾਲ ਹੀ, ਇੱਕ ਪ੍ਰਿਥਵੀ, ਇੱਕ ਪਰਿਵਾਰ, ਇੱਕ ਭਵਿੱਖ ਦੀ ਥੀਮ 'ਤੇ ਵਸੁਧੈਵ ਕੁਟੁੰਬਕਮ ਦੇ ਮੰਤਰ ਨੂੰ ਅਪਣਾਉਂਦੇ ਹੋਏ ਭਾਰਤ ਵਾਤਾਵਰਣ ਸੰਭਾਲ ਦੀ ਦਿਸ਼ਾ ਵਿੱਚ ਵੀ ਵਿਸ਼ਵ ਦਾ ਮਾਰਗਦਰਸ਼ਕ ਬਣ ਕੇ ਉੱਭਰਿਆ ਹੈ। ਦੁਨੀਆ ਦੀਆਂ ਕਈ ਸੰਸਥਾਵਾਂ ਦੀ ਮੁੱਖ ਆਵਾਜ਼ ਬਣ ਕੇ ਭਾਰਤ ਨੇ ਮਿਸ਼ਨ ਲਾਈਫ ਅਤੇ ਕੁਦਰਤ ਨਾਲ ਤਾਲਮੇਲ ਦੀ ਨਵੀਂ ਰਾਹ ਦੁਨੀਆ ਨੂੰ ਦਿਖਾਈ ਹੈ। ਵਾਤਾਵਰਣ ਵਚਨਬੱਧਤਾ ਵਿੱਚ ਅਗਵਾਈ ਦਾ ਯੁੱਗ ਪੱਧਰਾ ਕਰਦੇ ਹੋਏ ਭਾਰਤ ਨੇ ਕਰ ਦਿੱਤਾ ਹੈ ਨਵੇਂ ਅਧਿਆਏ ਦਾ ਸੂਤਰਪਾਤ...***

# ਅਤੀਤ ਦੀ ਪਛਾਣ, ਭਵਿੱਖ ਦੀ ਦਿਸ਼ਾ

*ਭਾਰਤ ਦੀ ਵਿਰਾਸਤ ਉਸ ਦੀ ਹਜ਼ਾਰਾਂ ਵਰ੍ਹਿਆਂ ਪੁਰਾਣੀ ਸੱਭਿਅਤਾ, ਸੰਸਕ੍ਰਿਤੀ ਅਤੇ ਪਰੰਪਰਾਵਾਂ ਦਾ ਜੀਵਨ ਪ੍ਰਤੀਬਿੰਬ ਹੈ। ਵਿਭਿੰਨਤਾਵਾਂ ਨਾਲ ਭਰੇ ਇਸ ਦੇਸ਼ ਵਿੱਚ ਇਤਿਹਾਸਕ ਸਮਾਰਕ ਅਤੇ ਜੀਵਨ ਸ਼ੈਲੀ ਪਛਾਣ ਨੂੰ ਸਮ੍ਰਿੱਧ ਬਣਾਉਂਦੇ ਹਨ। ਅੱਜ ਦੇ ਦੌਰ ਵਿੱਚ ਵਿਰਾਸਤ ਸਿਰਫ਼ ਅਤੀਤ ਦੀ ਵਿਰਾਸਤ ਨਹੀਂ, ਸਗੋਂ ਵਿਕਾਸ ਅਤੇ ਆਤਮ-ਸਨਮਾਨ ਦਾ ਅਧਾਰ ਵੀ ਹੈ। ਸਰਕਾਰ ਦੁਆਰਾ ਸੰਭਾਲ, ਪ੍ਰਚਾਰ ਅਤੇ ਡਿਜੀਟਲ ਦਸਤਾਵੇਜ਼ਾਂ ਵਰਗੇ ਯਤਨਾਂ ਰਾਹੀਂ, ਇਸ ਅਨਮੋਲ ਵਿਰਾਸਤ ਨੂੰ ਨੌਜਵਾਨ ਪੀੜ੍ਹੀ ਨਾਲ ਜੋੜਿਆ ਜਾ ਰਿਹਾ ਹੈ। ਇਹ ਪਹਿਲਕਦਮੀ ਨਾ ਸਿਰਫ ਸਾਡੀਆਂ ਜੜ੍ਹਾਂ ਨੂੰ ਮਜ਼ਬੂਤ ਕਰਦੀ ਹੈ, ਸਗੋਂ ਭਾਰਤ ਨੂੰ ਆਲਮੀ ਸੱਭਿਆਚਾਰ ਮੈਪ 'ਤੇ ਬਣਾਉਂਦੀ ਹੈ ਹੋਰ ਸਸ਼ਕਤ...*

## ਨਵਾਂ ਸੰਸਦ ਭਵਨ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 28 ਮਈ 2023 ਨੂੰ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ ਅਤੇ ਇਸ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ।
- 10 ਦਸੰਬਰ 2020 ਨੂੰ ਪੀਐੱਮ ਮੋਦੀ ਨੇ ਹੀ ਨਵੇਂ ਸੰਸਦ ਭਵਨ ਦੇ ਨਿਰਮਾਣ ਦੀ ਨੀਂਹ ਰੱਖੀ ਸੀ।



## ਰਾਸ਼ਟਰੀ ਯੁੱਧ ਸਮਾਰਕ

- ਰਾਸ਼ਟਰੀ ਯੁੱਧ ਸਮਾਰਕ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 25 ਫਰਵਰੀ 2019 ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ। ਇਹ ਸਮਾਰਕ ਸੁਤੰਤਰਤਾ ਦੇ ਬਾਅਦ ਤੋਂ ਵੀਰ ਸੈਨਿਕਾਂ ਦੇ ਬਲੀਦਾਨ ਦਾ ਗਵਾਹ ਹੈ।



## ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ



- ਰਾਸ਼ਟਰੀ ਨਾਇਕ ਅਤੇ ਸੁਤੰਤਰਤਾ ਸੈਨਾਨੀ ਸੁਭਾਸ਼ ਚੰਦ੍ਰ ਬੋਸ ਦੀ ਸ਼ਾਨਦਾਰ ਪ੍ਰਤਿਮਾ ਇੰਡੀਆ ਗੇਟ ਦੇ ਕੋਲ ਸਥਾਪਿਤ ਕੀਤੀ ਗਈ ਹੈ, ਜਿਸ ਨੇ ਉੱਥੇ ਪਹਿਲਾਂ ਸਥਾਪਿਤ ਕਿੰਗ ਜੌਰਜ ਪੰਚਮ ਦੀ ਮੂਰਤੀ ਦਾ ਸਥਾਨ ਲਿਆ ਹੈ।
- ਗ਼ੁਲਾਮੀ ਦਾ ਪ੍ਰਤੀਕ ਕਿੰਗਸਵੇ ਭਾਵ ਰਾਜਪਥ ਇਤਿਹਾਸ ਦਾ ਵਿਸ਼ਾ ਬਣ ਗਿਆ ਅਤੇ ਸਤੰਬਰ 2022 ਨੂੰ ਇਸ ਨੂੰ ਕਰਤਵਯ ਪਥ ਵਿੱਚ ਬਦਲ ਦਿੱਤਾ ਗਿਆ।
- ਰੇਸ ਕੋਰਸ ਰੋਡ ਹੋਇਆ 7 ਲੋਕ ਕਲਿਆਣ ਮਾਰਗ, ਵਰ੍ਹੇ 2016 ਵਿੱਚ।
- ਡਲਹੌਜੀ ਰੋਡ ਹੋਇਆ ਹੁਣ ਦਾਰਾ ਸ਼ਿਕੋਹ ਰੋਡ, ਵਰ੍ਹੇ 2017 ਵਿੱਚ।
- ਭਾਰਤੀ ਜਲ ਸੈਨਾ ਲਈ ਰਾਸ਼ਟਰਪਤੀ ਰੰਗ ਅਤੇ ਝੰਡੇ ਤੇ ਭਾਰਤੀ ਜਲ ਸੈਨਾ ਪ੍ਰਤੀਕ ਚਿੰਨ੍ਹ ਦੇ ਨਵੇਂ ਡਿਜ਼ਾਈਨ ਦਾ ਉਦਘਾਟਨ 4 ਦਸੰਬਰ 2022 ਨੂੰ ਜਲ ਸੈਨਾ ਦਿਵਸ ਦੇ ਮੌਕੇ 'ਤੇ ਵਿਸ਼ਾਖਾਪਟਨਮ ਵਿੱਚ ਕੀਤਾ ਗਿਆ।



- ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਦੇ ਤਹਿਤ ਜਲ ਸੈਨਾ ਨੂੰ ਨਵਾਂ ਝੰਡਾ ਮਿਲਿਆ ਜਿਸ ਨਾਲ ਸ਼ਿਵਾਜੀ ਮਹਾਰਾਜ ਦੀ ਵਿਰਾਸਤ ਨਾਲ ਜੋੜਿਆ ਗਿਆ।
- ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੇ 21 ਸਭ ਤੋਂ ਵੱਡੇ ਅਨਾਮ ਦ੍ਵੀਪਾਂ ਦਾ ਨਾਮਕਰਣ 21 ਪਰਮਵੀਰ ਚਕ੍ਰ ਜੇਤੂਆਂ ਦੇ ਨਾਂ 'ਤੇ ਕੀਤਾ ਗਿਆ।

**1,500** ਪੁਰਾਣੇ ਕਾਨੂੰਨ ਰੱਦ ਕੀਤੇ ਗਏ।

ਕਵਰ ਸਟੋਰੀ

ਵਿਕਾਸ ਯਾਤਰਾ ਦੇ 12 ਵਰ੍ਹੇ

## ਪ੍ਰਧਾਨ ਮੰਤਰੀ ਸੰਗ੍ਰਹਾਲਯ

- 14 ਅਪ੍ਰੈਲ 2022 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਸੰਗ੍ਰਹਾਲਯ ਦਾ ਉਦਘਾਟਨ ਕੀਤਾ। ਇਹ ਭਾਰਤ ਦੇ ਸਾਰੇ ਪ੍ਰਧਾਨ ਮੰਤਰੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦਾ ਹੈ ਅਤੇ ਦਰਸਾਉਂਦਾ ਹੈ ਕਿ ਕਿਵੇਂ ਲੋਕਤੰਤਰ ਨੇ ਸਮਾਜ ਦੇ ਹਰ ਵਰਗ ਅਤੇ ਪੱਧਰ ਦੇ ਨੇਤਾਵਾਂ ਨੂੰ ਰਾਸ਼ਟਰ ਵਿੱਚ ਯੋਗਦਾਨ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ।



## ਗੁਆਚੀ ਹੋਈ ਵਿਰਾਸਤ ਨੂੰ ਵਾਪਸ ਲਿਆਂਦਾ ਗਿਆ



- 2014 ਤੋਂ, 653 ਤੋਂ ਵੱਧ ਚੋਰੀ ਕੀਤੀਆਂ ਗਈਆਂ ਪ੍ਰਾਚੀਨ ਵਸਤੂਆਂ ਨੂੰ ਦੇਸ਼ ਵਿੱਚ ਵਾਪਸ ਲਿਆਂਦਾ ਗਿਆ।
- 2013 ਤੋਂ ਪਹਿਲਾਂ, ਵਿਦੇਸ਼ ਤੋਂ ਭਾਰਤ ਸਿਰਫ 13 ਚੋਰੀ ਕੀਤੀਆਂ ਗਈਆਂ ਪ੍ਰਾਚੀਨ ਵਸਤੂਆਂ ਵਾਪਸ ਲਿਆਂਦੀਆਂ ਗਈਆਂ ਸਨ।

***2016 ਤੋਂ, ਅਮਰੀਕੀ ਸਰਕਾਰ ਨੇ ਤਸਕਰੀ ਜਾਂ ਚੋਰੀ ਕੀਤੀਆਂ ਗਈਆਂ ਪ੍ਰਾਚੀਨ ਵਸਤੂਆਂ ਦੀ ਵਾਪਸੀ ਦੀ ਸੁਵਿਧਾ ਪ੍ਰਦਾਨ ਕੀਤੀ ਹੈ।***

***2016 ਤੋਂ ਅਮਰੀਕਾ ਤੋਂ ਭਾਰਤ ਨੂੰ ਵਾਪਸ ਕੀਤੀਆਂ ਗਈਆਂ ਸੱਭਿਆਚਾਰਕ ਕਲਾਕ੍ਰਿਤੀਆਂ ਦੀ ਕੁੱਲ ਸੰਖਿਆ 578 ਹੈ। ਇਹ ਕਿਸੇ ਵੀ ਦੇਸ਼ ਵੱਲੋਂ ਭਾਰਤ ਨੂੰ ਵਾਪਸ ਕੀਤੀਆਂ ਗਈਆਂ ਸੱਭਿਆਚਾਰਕ ਕਲਾਕ੍ਰਿਤੀਆਂ ਦੀ ਵੱਧ ਤੋਂ ਵੱਧ ਸੰਖਿਆ ਹੈ।***

## ਯੂਨੈਸਕੋ: ਵਿਰਾਸਤ ਦੇ ਮੀਲ ਦੇ ਪੱਥਰ

ਪਿਛਲੇ ਇੱਕ ਦਹਾਕੇ ਵਿੱਚ, ਭਾਰਤ ਨੇ ਵਿਸ਼ਵ ਵਿਰਾਸਤ ਸੂਚੀ ਵਿੱਚ ਆਪਣੀ ਮੌਜੂਦਗੀ ਦਾ ਵਿਸਤਾਰ ਕੀਤਾ ਹੈ। ਭਾਰਤ ਵਿੱਚ ਹੁਣ ਵਿਸ਼ਵ ਵਿਰਾਸਤ ਸੂਚੀ ਵਿੱਚ 44 ਸਥਲ ਅਤੇ ਯੂਨੈਸਕੋ ਦੀ ਸੰਭਾਵਿਤ ਸੂਚੀ ਵਿੱਚ 69 ਸਥਲ ਹਨ। ਇਨ੍ਹਾਂ ਸਥਲਾਂ ਨੂੰ ਨਾ ਸਿਰਫ ਇਤਿਹਾਸ ਦੇ ਪ੍ਰਤੀਕ ਵਜੋਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਸਿੱਖਣ ਦੀ ਥਾਂ ਦੇ ਰੂਪ ਵਿੱਚ ਵੀ ਸੁਰੱਖਿਅਤ ਕੀਤਾ ਜਾਂਦਾ ਹੈ।



## ਡਿਜੀਟਲ ਆਰਕਾਈਵਲ ਰਿਕਾਰਡਜ਼

- ਨੈਸ਼ਨਲ ਆਰਕਾਈਵਜ਼ ਆਫ ਇੰਡੀਆ (ਐੱਨਏਆਈ) ਨੇ ਇਤਿਹਾਸਕ ਤੌਰ 'ਤੇ ਕੀਮਤੀ ਦਸਤਾਵੇਜ਼ਾਂ ਨੂੰ ਸੁਰੱਖਿਅਤ ਕਰਨ ਅਤੇ ਖੋਜਕਰਤਾਵਾਂ ਅਤੇ ਆਮ ਜਨਤਾ ਦੇ ਲਈ ਆਰਕਾਈਵਲ ਸੰਸਾਧਨਾਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਦੇ ਉਦੇਸ਼ ਨਾਲ ਆਰਕਾਈਵਲ ਰਿਕਾਰਡਾਂ ਦੇ ਡਿਜੀਟਲੀਕਰਣ ਲਈ ਇੱਕ ਪੜਾਅਵਾਰ ਪ੍ਰੋਗਰਾਮ ਸ਼ੁਰੂ ਕੀਤਾ ਹੈ।

### ਅਭਿਲੇਖ ਪਟਲ ਪੋਰਟਲ 'ਤੇ ਵਰਤਮਾਨ ਉਪਲਬਧ ਸਮੱਗਰੀ



**18.98** ਕਰੋੜ ਡਿਜੀਟਾਈਜ਼ਡ ਪੇਜ

**40.09** ਲੱਖ ਡਿਜੀਟਾਈਜ਼ਡ ਫਾਈਲ

**74.03** ਲੱਖ ਸੰਦਰਭ ਮੀਡੀਆ ਰਿਕਾਰਡ

## ਸਕਾਰਾਤਮਕ ਵਿਰਾਸਤ ਦੀ ਸੰਭਾਲ

- ਜਦੋਂ ਸਫਲ ਰਾਸ਼ਟਰ ਅੱਗੇ ਵਧਦੇ ਹਨ, ਤਾਂ ਆਪਣੀ ਸਕਾਰਾਤਮਕ ਵਿਰਾਸਤ ਨੂੰ ਤਿਆਗਦੇ ਨਹੀਂ ਹਨ, ਉਸ ਉਸ ਨੂੰ ਸੁਰੱਖਿਅਤ ਕਰਦੇ ਹਨ। ਅੱਜ 'ਵਿਕਾਸ ਅਤੇ ਵਿਰਾਸਤ' ਦੇ ਇਸੇ ਵਿਜ਼ਨ 'ਤੇ ਭਾਰਤ ਅੱਗੇ ਵਧ ਰਿਹਾ ਹੈ।
- ਨੌਰਥ ਅਤੇ ਸਾਊਥ ਬਲਾਕ ਨੂੰ ਭਾਰਤ ਦੀ ਮਹਾਨ ਵਿਰਾਸਤ ਦਾ ਹਿੱਸਾ ਬਣਾਇਆ ਜਾਵੇਗਾ। ਨੌਰਥ ਅਤੇ ਸਾਊਥ ਬਲਾਕ ਨੂੰ ਦੇਸ਼ ਦੀ ਜਨਤਾ ਦੇ ਲਈ 'ਯੁਗੇ ਯੁਗੀਨ ਭਾਰਤ', ਸੰਗ੍ਰਹਾਲਯ ਦੇ ਰੂਪ ਵਿੱਚ ਬਦਲਿਆ ਜਾ ਰਿਹਾ ਹੈ। ਦੇਸ਼ ਦਾ ਹਰ ਨਾਗਰਿਕ ਇੱਥੇ ਜਾ ਸਕੇਗਾ, ਦੇਸ਼ ਦੀ ਇਤਿਹਾਸਕ ਯਾਤਰਾ ਦੇ ਦਰਸ਼ਨ ਕਰ ਸਕੇਗਾ।

## ਪੰਚ ਪ੍ਰਣ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਸਾਰੇ ਦੇਸ਼ਵਾਸੀਆਂ ਨੂੰ 'ਪੰਚ ਪ੍ਰਣ'- ਵਿਕਸਿਤ ਭਾਰਤ ਦੇ ਟੀਚੇ ਨੂੰ ਅਪਣਾਉਣ, ਗੁਲਾਮੀ ਦੀ ਮਾਨਸਿਕਤਾ ਨੂੰ ਦੂਰ ਕਰਨ, ਆਪਣੀਆਂ ਪਰੰਪਰਾਵਾਂ 'ਤੇ ਮਾਣ ਕਰਨ, ਏਕਤਾ ਅਤੇ ਅਖੰਡਤਾ ਲਈ ਪੂਰਾ ਜੀਵਨ ਸਮਰਪਿਤ ਕਰਨ ਅਤੇ ਹਰ ਨਾਗਰਿਕ ਦੇ ਮਨ ਵਿੱਚ ਫਰਜ਼ ਦੀ ਭਾਵਨਾ ਜਗਾਉਣ ਦੀ ਤਾਕੀਦ ਕੀਤੀ।

## ਸਮਾਰਕਾਂ ਦਾ ਨਵਾਂ ਦੌਰ: ਵਿਰਾਸਤ ਤੋਂ ਨਵੀਂ ਪ੍ਰੇਰਣਾ

- ਪ੍ਰਧਾਨ ਮੰਤਰੀ ਸੰਗ੍ਰਹਾਲਯ, ਨੈਸ਼ਨਲ ਵਾਰ ਮੈਮੋਰੀਅਲ, ਰਾਸ਼ਟਰੀ ਪੁਲਿਸ ਸਮਾਰਕ, ਜਲ੍ਹਿਆਂਵਾਲਾ ਬਾਗ ਸਮਾਰਕ, ਬਿਪਲੌਬੀ ਭਾਰਤ ਗੈਲਰੀ ਦੇ ਨਿਰਮਾਣ ਦੇ ਨਾਲ-ਨਾਲ ਦੇਸ਼ ਭਰ ਵਿੱਚ 11 ਕਬਾਇਲੀ ਮਿਊਜ਼ੀਅਮਾਂ ਨੂੰ ਮਨਜ਼ੂਰੀ।

ਕਵਰ ਸਟੋਰੀ
ਵਿਕਾਸ ਯਾਤਰਾ ਦੇ 12 ਵਰ੍ਹੇ

# ਆਲਮੀ ਪਟਲ 'ਤੇ ਸੱਭਿਆਚਾਰਕ ਪਛਾਣ

*ਜਦੋਂ ਕਿਸੇ ਦੇਸ਼ ਦੀ ਆਰਥਿਕ ਸ਼ਕਤੀ ਦੇ ਨਾਲ ਸੱਭਿਆਚਾਰਕ ਵਿਰਾਸਤ ਨੂੰ ਸਵੀਕਾਰਿਆ ਜਾਂਦਾ ਹੈ, ਤਾਂ ਸਹੀ ਅਰਥਾਂ ਵਿੱਚ ਆਲਮੀ ਪਟਲ 'ਤੇ ਉਸ ਦੇਸ਼ ਨੂੰ ਸਨਮਾਨ ਅਤੇ ਪਛਾਣ ਮਿਲਦੀ ਹੈ। ਇਹੋਕਾਰਨ ਹੈ ਕਿ ਪਿਛਲੇ 12 ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਸਰਕਾਰ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਈ ਅਜਿਹੇ ਕਾਰਜ ਕੀਤੇ ਹਨ ਜਿਸ ਨਾਲ ਦੇਸ਼ ਦੇ ਲੋਕਾਂ ਨੂੰ ਆਪਣੀ ਸੱਭਿਆਚਾਰਕ ਵਿਰਾਸਤ 'ਤੇ ਹੋ ਰਿਹਾ ਹੈ ਮਾਣ...*

## ਰਾਮ ਮੰਦਿਰ

- ਅਯੋਧਿਆ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 22 ਜਨਵਰੀ 2024 ਨੂੰ ਭਵਯ ਸ਼੍ਰੀ ਰਾਮ ਮੰਦਿਰ ਵਿੱਚ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ, ਜੋ 500 ਵਰ੍ਹਿਆਂ ਦੀ ਉਡੀਕ ਦੀ ਸਮਾਪਤੀ ਸੀ।
- ਭਵਯ ਸ਼੍ਰੀ ਰਾਮ ਜਨਮਭੂਮੀ ਮੰਦਿਰ ਦਾ ਨਿਰਮਾਣ ਪਰੰਪਰਾਗਤ ਨਾਗਰ ਸ਼ੈਲੀ ਵਿੱਚ ਕੀਤਾ ਗਿਆ ਹੈ।
- ਮੰਦਿਰ ਦੀ ਲੰਬਾਈ (ਪੂਰਬ-ਪੱਛਮ) 380 ਫੀਟ ਹੈ, ਚੌੜਾਈ 250 ਫੁੱਟ ਅਤੇ ਉੱਚੀ 161 ਫੁੱਟ ਹੈ।
- ਮੰਦਿਰ ਦੇ ਥੰਮ੍ਹਾਂ ਅਤੇ ਕੰਧਾਂ 'ਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਗੂੜ੍ਹੀ ਛਾਪ ਹੈ।
- ਭੂ-ਤਲ 'ਤੇ ਮੁੱਖ ਗਰਭਗ੍ਰਹਿ ਵਿੱਚ ਭਗਵਾਨ ਸ਼੍ਰੀ ਰਾਮ ਦੇ ਬਚਪਨ ਦੇ ਸਰੂਪ (ਸ਼੍ਰੀ ਰਾਮ ਲਲਾ ਦੀ ਮੂਰਤੀ) ਨੂੰ ਰੱਖਿਆ ਗਿਆ ਹੈ।
- ਸ਼੍ਰੀ ਰਾਮ ਮੰਦਿਰ 'ਤੇ 25 ਨਵੰਬਰ 2025 ਨੂੰ ਭਗਵਾ ਝੰਡਾ ਲਹਿਰਾਉਣ ਦੇ ਨਾਲ ਪਰਿਸਰ ਦਾ ਨਿਰਮਾਣ ਕਾਰਜ ਪੂਰਾ ਹੋ ਗਿਆ।



> **"ਇਹ ਭਵਯ ਰਾਮ ਮੰਦਿਰ ਭਾਰਤ ਦੀ ਤਰੱਕੀ ਅਤੇ ਉਦੈ ਦਾ ਗਵਾਹ ਹੋਵੇਗਾ। ਇਹ ਭਵਯ ਰਾਮ ਮੰਦਿਰ ਭਾਰਤ ਦੀ ਖੁਸ਼ਹਾਲੀ ਅਤੇ ਵਿਕਸਿਤ ਭਾਰਤ ਦਾ ਗਵਾਹ ਹੋਵੇਗਾ।**
>
> **-ਪ੍ਰਧਾਨ ਮੰਤਰੀ ਨਰੇਂਦਰ ਮੋਦੀ (ਅਯੋਧਿਆ ਵਿੱਚ ਰਾਮ ਮੰਦਿਰ ਦੇ ਪ੍ਰਤਿਸ਼ਠਾਪਨ ਸਮਾਰੋਹ ਵਿੱਚ 22 ਜਨਵਰੀ 2024 ਨੂੰ)**

## ਭੂਮੀ ਪੂਜਨ ਅਤੇ ਨੀਂਹ ਪੱਥਰ

- ਪੀਐੱਮ ਨਰੇਂਦਰ ਮੋਦੀ ਨੇ 5 ਅਗਸਤ, 2020 ਨੂੰ ਸ਼੍ਰੀ ਰਾਮ ਮੰਦਿਰ ਨਿਰਮਾਣ ਦੇ ਲਈ ਭੂਮੀ ਪੂਜਨ ਅਤੇ ਨੀਂਹ ਪੱਥਰ ਰੱਖਿਆ ਸੀ।
- 5 ਫਰਵਰੀ 2020 ਨੂੰ ਭਾਰਤ ਸਰਕਾਰ ਨੇ ਇਸ ਲਈ ਪ੍ਰਵਾਨਗੀ ਪ੍ਰਦਾਨ ਕੀਤੀ ਸੀ।
- 9 ਨਵੰਬਰ 2019 ਨੂੰ ਸੁਪਰੀਮ ਕੋਰਟ ਨੇ ਪੂਰੀ 2.77 ਏਕੜ ਵਿਵਾਦਿਤ ਭੂਮੀ ਸਰਵਸੰਮਤੀ ਅਤੇ ਇਤਿਹਾਸਕ ਫੈਸਲਾ ਦਿੰਦੇ ਹੋਏ ਸ਼੍ਰੀ ਰਾਮ ਮੰਦਿਰ ਨਿਰਮਾਣ ਲਈ ਦੇ ਦਿੱਤੀ।





## ਸ਼੍ਰੀ ਕਾਸ਼ੀ ਵਿਸ਼ਵਨਾਥ ਕੌਰੀਡੋਰ

**5.5** ਏਕੜ ਵਿੱਚ ਫੈਲੇ 355 ਕਰੋੜ ਰੁਪਏ ਦੇ ਪ੍ਰੋਜੈਕਟ ਕਾਸ਼ੀ ਵਿਸ਼ਵਨਾਥ ਕੌਰੀਡੋਰ ਦਾ ਉਦਘਾਟਨ 13 ਦਸੰਬਰ, 2021 ਨੂੰ ਹੋਇਆ।

- ਇਹ ਕੌਰੀਡੋਰ ਕਾਸ਼ੀ ਵਿਸ਼ਵਨਾਥ ਮੰਦਿਰ ਨੂੰ ਚਾਰ ਲੇਨ ਮਾਰਗ ਨਾਲ ਸਿੱਧਾ ਗੰਗਾ ਨਦੀ ਨਾਲ ਜੋੜਦਾ ਹੈ। ਮੰਦਿਰ ਜਾਣ ਵਾਲੇ ਤੀਰਥਯਾਤਰੀਆਂ ਨੂੰ ਸੁਗਮਤਾ ਪ੍ਰਦਾਨ ਕਰਦਾ ਹੈ।

**3,880** ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਅਪ੍ਰੈਲ ਨੂੰ ਕਾਸ਼ੀ ਵਿੱਚ ਲਾਂਚ ਕੀਤਾ।

- ਵਰ੍ਹੇ 2014 ਤੋਂ ਮਾਰਚ 2025 ਤੱਕ ਕਾਸ਼ੀ ਵਿੱਚ ਵਿਕਾਸ ਦੇ ਤਹਿਤ ਕੁੱਲ 48,459 ਕਰੋੜ ਰੁਪਏ ਦੀ ਲਾਗਤ ਨਾਲ 580 ਪ੍ਰੋਜੈਕਟਾਂ 'ਤੇ ਕੰਮ ਸ਼ੁਰੂ ਹੋਇਆ।



> **"ਕਾਸ਼ੀ ਅੱਜ ਸਿਰਫ ਪੁਰਾਤਨਤਾ ਹੀ ਨਹੀਂ, ਸਗੋਂ ਤਰੱਕੀ ਦਾ ਵੀ ਪ੍ਰਤੀਕ ਹੈ।**
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



## ਮਹਾਕਾਲ ਲੋਕ ਪ੍ਰੋਜੈਕਟ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਅਕਤੂਬਰ 2022 ਨੂੰ ਮੱਧ ਪ੍ਰਦੇਸ਼ ਦੇ ਉੱਜੈਨ ਵਿੱਚ ਮਹਾਕਾਲ ਲੋਕ ਪ੍ਰੋਜੈਕਟ ਦਾ ਪਹਿਲਾ ਪੜਾਅ ਰਾਸ਼ਟਰ ਨੂੰ ਸਮਰਪਿਤ ਕੀਤਾ।
- 850 ਕਰੋੜ ਰੁਪਏ ਹੈ ਪੂਰੇ ਪ੍ਰੋਜੈਕਟ ਦੀ ਲਾਗਤ।
- ਮਹਾਕਾਲ ਪਥ 'ਤੇ 108 ਥੰਮ੍ਹ ਹਨ ਜਿਨ੍ਹਾਂ 'ਤੇ ਭਗਵਾਨ ਸ਼ਿਵ ਦੇ ਆਨੰਦ ਤਾਂਡਵ ਸਰੂਪ ਨੂੰ ਦਰਸਾਇਆ ਗਿਆ ਹੈ।
- ਮਹਾਕਾਲ ਪਥ ਦੇ ਕਿਨਾਰੇ ਭਗਵਾਨ ਸ਼ਿਵ ਦੇ ਜੀਵਨ ਨੂੰ ਦਰਸਾਉਣ ਵਾਲੀਆਂ ਕਈ ਧਾਰਮਿਕ ਮੂਰਤੀਆਂ ਸਥਾਪਿਤ ਹਨ।
- ਰਸਤੇ ਦੇ ਨਾਲ-ਨਾਲ ਕੰਧਾਂ 'ਤੇ ਸਜਾਏ ਗਏ ਕੰਧ-ਚਿੱਤਰ ਸ਼ਿਵ ਪੁਰਾਣ ਤੋਂ ਸ੍ਰਿਸ਼ਟੀ ਦੀਆਂ ਕਹਾਣੀਆਂ, ਭਗਵਾਨ ਗਣੇਸ਼ ਦੇ ਜਨਮ, ਸਤੀ ਅਤੇ ਦਕਸ਼ ਦੀ ਕਥਾ, ਆਦਿ ਨੂੰ ਦਰਸਾਉਂਦੇ ਹਨ।
- ਪਰਿਸਰ ਦੀ ਨਿਗਰਾਨੀ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਕੈਮਰਿਆਂ ਦੀ ਸਹਾਇਤਾ ਨਾਲ ਕਮਾਂਡ ਅਤੇ ਨਿਯੰਤ੍ਰਣ ਕੇਂਦਰ ਵੱਲੋਂ ਕੀਤੀ ਜਾਂਦੀ ਹੈ।




## ਮਾਂ ਕਾਮਾਖਿਆ ਮੰਦਿਰ, ਅਸਾਮ

ਮਾਂ ਕਾਮਾਖਿਆ ਮੰਦਿਰ ਦੇ ਵਿਕਾਸ ਵਿੱਚ ਬੁਨਿਆਦੀ ਢਾਂਚੇ ਅਤੇ ਤੀਰਥਯਾਤਰੀ ਸੁਵਿਧਾਵਾਂ ਨੂੰ ਵਧਾਉਣ ‘ਤੇ ਧਿਆਨ ਕੇਂਦ੍ਰਿਤ ਕੀਤਾ ਗਿਆ, ਜਿਸ ਨਾਲ ਵੱਧ ਬਿਹਤਰ ਸੁਵਿਧਾਵਾਂ, ਅਰਾਮਦਾਇਕ ਅਤੇ ਪਹੁੰਚਯੋਗ ਅਧਿਆਤਮਿਕ ਅਨੁਭਵ ਯਕੀਨੀ ਹੋਇਆ।



## ਕੇਦਾਰਨਾਥ ਮੰਦਿਰ, ਉੱਤਰਾਖੰਡ


ਕੇਦਾਰਨਾਥ ਦੇ ਵਿਕਾਸ ਵਿੱਚ ਆਦੀ ਸ਼ੰਕਰਾਚਾਰਿਆ ਦੀ ਪ੍ਰਤਿਮਾ ਦੀ ਸਥਾਪਨਾ ਸ਼ਾਮਲ ਹੈ, ਜੋ ਸੱਭਿਆਚਾਰਕ ਏਕਤਾ ਦਾ ਪ੍ਰਤੀਕ ਹੈ ਅਤੇ ਤੀਰਥ ਸਥਾਨ ਦੇ ਅਧਿਆਤਮਿਕ ਮਹੱਤਵ ਨੂੰ ਵਧਾਉਂਦੀ ਹੈ।



## ਜੂਨਾ ਸੋਮਨਾਥ ਮੰਦਿਰ ਦਾ ਪੁਨਰ-ਨਿਰਮਾਣ, ਗੁਜਰਾਤ

ਸੋਮਨਾਥ ਮੰਦਿਰ ਦੇ ਆਲੇ-ਦੁਆਲੇ ਵਿਕਾਸ ਅਤੇ ਪਾਰਵਤੀ ਮੰਦਿਰ ਦੇ ਨਿਰਮਾਣ ਸਮੇਤ ਪ੍ਰਮੁੱਖ ਤੀਰਥ ਸਥਾਨਾਂ ਦਾ ਨਵੀਨੀਕਰਣ ਕਰਕੇ ਅਹਿੱਲਿਆਬਾਈ ਹੋਲਕਰ ਦੀ ਵਿਰਾਸਤ ਨੂੰ ਅੱਗੇ ਵਧਾਇਆ ਗਿਆ ਹੈ।

- ਤੀਰਥਯਾਤਰੀਆਂ ਨੂੰ ਅਰਬ ਸਾਗਰ ਦੇ ਸਾਹਮਣੇ ਸੋਮਨਾਥ ਮੰਦਿਰ ਦਾ ਸ਼ਾਨਦਾਰ ਦ੍ਰਿਸ਼ ਦਿਖਾਉਣ ਦੇ ਲਈ ਸੈਰਗਾਹ ਦਾ ਵਿਕਾਸ ਕੀਤਾ ਹੈ।



## ਵਿਦੇਸ਼ ਮੰਤਰਾਲੇ ਵਿੱਚ ਵੱਖਰੇ ਤੌਰ ‘ਤੇ ਬਣਾਇਆ ਵਿਭਾਗ

ਭਾਰਤੀ ਵਿਦੇਸ਼ ਮੰਤਰਾਲੇ ਨੇ ਸੱਭਿਆਚਾਰਕ ਵਿਰਾਸਤ ਦੀ ਬਹਾਲੀ, ਨਵੀਨੀਕਰਣ ਅਤੇ ਦੇਖਭਾਲ ਲਈ ਇੱਕ ਵੱਖਰਾ ਵਿਭਾਗ ਬਣਾਇਆ ਹੈ।

# ਵਾਤਾਵਰਣ ਪ੍ਰਤੀ ਵਚਨਬੱਧਤਾ ਵਿੱਚ ਲੀਡਰਸ਼ਿਪ ਦਾ ਯੁੱਗ

*ਇੱਕ ਪ੍ਰਿਥਵੀ, ਇੱਕ ਪਰਿਵਾਰ, ਇੱਕ ਭਵਿੱਖ ਦੀ ਥੀਮ 'ਤੇ ਵਸੁਧੈਵ ਕੁਟੁੰਬਕਮ ਦੇ ਮੰਤਰ ਨੂੰ ਅਪਣਾਉਂਦੇ ਹੋਏ ਭਾਰਤ ਵਾਤਾਵਰਣ ਦੀ ਸੰਭਾਲ ਦੀ ਦਿਸ਼ਾ ਵਿੱਚ ਵੀ ਵਿਸ਼ਵ ਦਾ ਮਾਰਗਦਰਸ਼ਕ ਬਣ ਕੇ ਉੱਭਰਿਆ ਹੈ। ਦੁਨੀਆ ਦੀਆਂ ਕਈ ਸੰਸਥਾਵਾਂ ਦੀ ਮੁੱਖ ਆਵਾਜ਼ ਬਣ ਕੇ ਭਾਰਤ ਨੇ ਮਿਸ਼ਨ ਲਾਈਫ ਅਤੇ ਕੁਦਰਤ ਦੇ ਨਾਲ ਤਾਲਮੇਲ ਦੀ ਨਵੀਂ ਰਾਹ ਦੁਨੀਆ ਨੂੰ ਦਿਖਾਈ ਹੈ। ਬੀਤੇ 12 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਕੁਦਰਤ ਦੇ ਨਾਲ ਤਾਲਮੇਲ ਦੇ ਨਵੇਂ ਯੁੱਗ ਦੀ ਕਰ ਦਿੱਤੀ ਹੈ ਸ਼ੁਰੂਆਤ...*

## ਦੁਨੀਆ ਦੀ ਅਗਵਾਈ ਕਰਦਾ ਭਾਰਤ


- ਭਾਰਤ ਨੇ **UNFCCC** ਅਤੇ ਪੈਰਿਸ ਸਮਝੌਤੇ ਦੇ ਤਹਿਤ ਆਪਣੇ ਜਲਵਾਯੂ ਟੀਚਿਆਂ ਨੂੰ ਲਗਾਤਾਰ ਅੱਗੇ ਵਧਾਇਆ ਹੈ। 2015 ਦੇ ਸ਼ੁਰੂਆਤੀ **NDC** ਟੀਚਿਆਂ ਤੋਂ ਲੈ ਕੇ ਹੁਣ 2031- 2035 ਦੇ ਨਵੇਂ ਟੀਚਿਆਂ ਤੱਕ ਭਾਰਤ ਆਪਣੀ ਵਚਨਬੱਧਤਾ ਨਿਭਾ ਰਿਹਾ ਹੈ। ਭਾਰਤ ਹੁਣ ਜਲਵਾਯੂ ਪਰਿਵਰਤਨ ਚਰਚਾਵਾਂ ਵਿੱਚ ਇੱਕ ਮਜ਼ਬੂਤ ਅਤੇ ਮੁੱਖ ਆਵਾਜ਼ ਬਣ ਚੁੱਕਿਆ ਹੈ।
- ਵਰ੍ਹੇ 2015 ਵਿੱਚ ਭਾਰਤ ਨੇ **UNFCCC** ਦੇ ਤਹਿਤ ਆਪਣਾ ਪਹਿਲਾ ਨੈਸ਼ਨਲ ਡਿਟਰਮਾਈਂਡ ਕੰਟ੍ਰੀਬਿਊਸ਼ਨ (**NDC**) ਪੇਸ਼ ਕੀਤਾ, ਜਿਸ ਵਿੱਚ 2030 ਤੱਕ ਦੇ ਟੀਚੇ ਤੈਅ ਕੀਤੇ ਗਏ ਸਨ।
- **COP21** ਦੇ ਬਾਅਦ ਤੋਂ ਪ੍ਰਧਾਨ ਮੰਤਰੀ ਮੋਦੀ ਦੇ 'ਕਲਾਈਮੇਟ ਜਸਟਿਸ' ਯਾਨੀ ਜਲਵਾਯੂ ਨਿਆਂ ਦੇ ਸਿਧਾਂਤ ਨੇ ਇਹ ਯਕੀਨੀ ਬਣਾਇਆ ਕਿ ਜਲਵਾਯੂ ਪਰਿਵਰਤਨ ਨਾਲ ਜੁੜੇ ਮੁੱਦਿਆਂ ਵਿੱਚ ਸਮਾਨਤਾ ਅਤੇ ਨਿਆਂ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ।
- ਗਲਾਸਗੋ ਵਿਖੇ ਆਯੋਜਿਤ **COP26** ਸਮਿਟ (2021) ਵਿੱਚ ਪ੍ਰਧਾਨ ਮੰਤਰੀ ਮੋਦੀ ਨੇ 'ਲਾਈਫ ਸਟਾਈਲ ਫਾਰ ਇਨਵਾਇਰਮੈਂਟ' ਯਾਨੀ LiFE ਦਾ ਵਿਚਾਰ ਸਾਹਮਣੇ ਰੱਖਿਆ, ਜਿਸ ਦਾ ਉਦੇਸ਼ ਲੋਕਾਂ ਅਤੇ ਭਾਈਚਾਰਿਆਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਛੋਟੇ-ਛੋਟੇ ਵਾਤਾਵਰਣ ਪੱਖੀ ਕੰਮ ਅਪਣਾਉਣ ਦੇ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਜਲਵਾਯੂ ਪਰਿਵਰਤਨ ਨਾਲ ਮੁਕਾਬਲਾ ਕੀਤਾ ਜਾ ਸਕੇ।
- ਪ੍ਰਧਾਨ ਮੰਤਰੀ ਮੋਦੀ ਦੀ 'ਪੰਚਾਮ੍ਰਿਤ' ਪਹਿਲ, ਜਲਵਾਯੂ ਪਰਿਵਰਤਨ ਨਾਲ ਨਜਿੱਠਣ ਵਿੱਚ



ਭਾਰਤ ਨੂੰ ਇੱਕ ਆਲਮੀ ਆਦਰਸ਼ ਦੇ ਰੂਪ ਵਿੱਚ ਪੇਸ਼ ਕਰਦੀ ਹੈ।

- **BRICS 2026 :** ਭਾਰਤ ਨੇ ਮੈਂਬਰ ਦੇਸ਼ਾਂ ਦੇ ਨਾਲ ਟਿਕਾਊ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ, ਜੰਗਲਾਤ, ਜੰਗਲ ਦੀ ਅੱਗ ਪ੍ਰਬੰਧਨ ਅਤੇ ਆਫਤ ਲਚਕਤਾ, ਸਰਕੂਲਰ ਅਰਥਵਿਵਸਥਾ ਅਤੇ ਜਲਵਾਯੂ ਅਨੁਕੂਲਨ ਵਰਗੇ ਮੁੱਖ ਵਿਸ਼ਿਆਂ 'ਤੇ ਚਰਚਾ ਸ਼ੁਰੂ ਕੀਤੀ ਹੈ।
- **UNEA -7** ਵਿੱਚ ਜੰਗਲ ਦੀ ਅੱਗ 'ਤੇ ਪ੍ਰਸਤਾਵ : ਦਸੰਬਰ 2025 ਵਿੱਚ ਕੀਨੀਆ ਦੇ ਨੈਰੋਬੀ ਵਿਖੇ ਆਯੋਜਿਤ ਸੰਯੁਕਤ ਰਾਸ਼ਟਰ ਵਾਤਾਵਰਣ ਸਭਾ (**UNEA -7**) ਦੇ 7ਵੇਂ ਸੈਸ਼ਨ ਵਿੱਚ ਭਾਰਤ ਵੱਲੋਂ ਪੇਸ਼ 'ਜੰਗਲ ਦੀ ਅੱਗ ਪ੍ਰਬੰਧਨ ਦੇ ਲਈ ਆਲਮੀ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ 'ਸਬੰਧੀ ਪ੍ਰਸਤਾਵ ਨੂੰ ਅਪਣਾਇਆ ਗਿਆ।

### ਦੇਸ਼ ਵਿੱਚ ਕਰੀਬ 4 ਗੁਣਾ ਹੋਈ ਅਖੁੱਟ ਊਰਜਾ ਸਮਰੱਥਾ





### ਅਖੁੱਟ ਊਰਜਾ ਦੀ ਅਗਵਾਈ ਕਰਦਾ ਭਾਰਤ

- ਤੀਜੇ ਸਥਾਨ 'ਤੇ ਹੈ ਭਾਰਤ, ਦੁਨੀਆ ਵਿੱਚ ਅਖੁੱਟ ਊਰਜਾ ਸਥਾਪਿਤ ਸਮਰੱਥਾ ਦੇ ਮਾਮਲੇ ਵਿੱਚ।
- ਹਵਾ ਊਰਜਾ ਸਥਾਪਿਤ ਸਮਰੱਥਾ ਵਿੱਚ ਭਾਰਤ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਦੇਸ਼ ਹੈ।
- ਸੋਲਰ ਊਰਜਾ ਸਥਾਪਿਤ ਸਮਰੱਥਾ ਵਿੱਚ ਭਾਰਤ ਤੀਜੇ ਸਥਾਨ 'ਤੇ ਹੈ।
- ਭਾਰਤ ਨੇ ਨੌਨ-ਫੌਸਿਲ ਐਨਰਜੀ ਸਥਾਪਿਤ ਸਮਰੱਥਾ ਮਾਰਚ 2026 ਤੱਕ 283.47 ਗੀਗਾਵਾਟ ਹਾਸਲ ਕੀਤੀ। ਇਹ ਕੁੱਲ ਸਥਾਪਿਤ ਬਿਜਲੀ ਸਮਰੱਥਾ 532.74 ਗੀਗਾਵਾਟ ਦਾ 53.21% ਹੈ।



## ਸਮੇਂ ਤੋਂ ਪਹਿਲਾਂ ਟੀਚਾ ਹਾਸਲ

- **GDP** ਦੀ ਨਿਕਾਸੀ ਤੀਬਰਤਾ **(Emission Intensity)** ਨੂੰ ਘੱਟ ਕਰਨ ਦਾ ਟੀਚਾ ਭਾਰਤ ਨੇ 11 ਵਰ੍ਹੇ ਪਹਿਲਾਂ, ਯਾਨੀ 2019 ਵਿੱਚ ਹੀ ਹਾਸਲ ਕਰ ਲਿਆ।
- ਭਾਰਤ ਨੇ ਨੌਨ-ਫੌਸਿਲ ਫਿਊਲ ਅਧਾਰਿਤ ਊਰਜਾ ਸਰੋਤਾਂ ਦੀ ਹਿੱਸੇਦਾਰੀ ਵਧਾਉਣ ਨਾਲ ਜੁੜਿਆ ਨੈਸ਼ਨਲ ਡਿਟਰਮਾਈਂਡ ਕੰਟ੍ਰੀਬਿਊਸ਼ਨ **(NDC)** 2015 ਦਾ ਟੀਚਾ ਤੈਅ ਸਮੇਂ ਤੋਂ 9 ਵਰ੍ਹੇ ਪਹਿਲਾਂ ਹੀ ਪੂਰਾ ਕਰ ਲਿਆ।
- ਰਾਸ਼ਟਰੀ ਬਾਇਓ ਫਿਊਲ ਪਾਲਿਸੀ ਦੇ ਤਹਿਤ ਈਥੈਨੌਲ ਮਿਸ਼ਰਿਤ ਪੈਟਰੋਲ ਦਾ ਟੀਚਾ ਵੀ ਨਿਰਧਾਰਿਤ ਸਮੇਂ ਤੋਂ 5 ਮਹੀਨੇ ਪਹਿਲਾਂ ਹਾਸਲ ਕਰ ਲਿਆ ਗਿਆ।
- ਨੌਨ-ਫੌਸਿਲ ਫਿਊਲ ਅਧਾਰਿਤ ਊਰਜਾ ਸਰੋਤਾਂ ਤੋਂ 50% ਸਥਾਪਿਤ ਬਿਜਲੀ ਸਮਰੱਥਾ ਹਾਸਲ ਕਰਨ ਦੇ ਪੈਰਿਸ ਸਮਝੌਤੇ ਦੇ ਤਹਿਤ ਤੈਅ 2030 ਦੇ ਟੀਚੇ ਨਾਲ 5 ਵਰ੍ਹੇ ਪਹਿਲਾਂ ਜੂਨ, 2025 ਵਿੱਚ ਪੂਰਾ ਕੀਤਾ।
- 2005 ਤੋਂ 2020 ਦੇ ਦਰਮਿਆਨ ਭਾਰਤ ਨੇ ਆਪਣੀ ਨਿਕਾਸੀ ਤੀਬਰਤਾ ਵਿੱਚ 36% ਦੀ ਕਮੀ ਕੀਤੀ।
- ਵਰ੍ਹੇ 2021 ਤੱਕ ਭਾਰਤ ਨੇ 2.29 ਟਨ **CO** ਦੇ ਬਰਾਬਰ ਵਾਧੂ ਕਾਰਬਨ ਸਿੰਕ ਤਿਆਰ ਕੀਤਾ, ਜੋ ਕਿ 2030 ਦੇ ਟੀਚੇ 2.5 ਅਰਬ ਟਨ ਦੇ ਕਾਫੀ ਨੇੜੇ ਹੈ।
- ਮਾਰਚ 2026 ਵਿੱਚ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਨੇ 2031- 2035 ਮਿਆਦ ਦੇ ਲਈ ਭਾਰਤ ਦੇ ਅਗਲੇ **NDC** ਨੂੰ ਮਨਜ਼ੂਰੀ ਦਿੱਤੀ।
- ਭਾਰਤ ਵਰ੍ਹੇ 2030 ਤੱਕ 500 ਗੀਗਾਵਾਟ ਨੌਨ-ਫੌਸਿਲ ਫਿਊਲ ਅਧਾਰਿਤ ਬਿਜਲੀ ਸਮਰੱਥਾ ਹਾਸਲ ਕਰੇਗਾ।



## ਸਵੱਛਤਾ ਲਈ ਆਦਤ ਵਿੱਚ ਤਬਦੀਲੀ

- ਸਵੱਛਤਾ ਤੋਂ ਲੈ ਕੇ ਸਿੰਗਲ ਯੂਜ਼ ਪਲਾਸਟਿਕ ਤੋਂ ਬਚਣ ਤੱਕ, ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਕਰਨ ਲਈ ਆਪਣੀ ਜੀਵਨਸ਼ੈਲੀ ਵਿੱਚ ਤਬਦੀਲੀ ਲਿਆਉਣ ਦੇ ਲਈ ਲਗਾਤਾਰ ਪ੍ਰੇਰਿਤ ਕੀਤਾ ਹੈ।
- ਗੋਬਰਧਨ ਯੋਜਨਾ 'ਵੇਸਟ ਟੂ ਵੈਲਥ' ਦੀ ਪਹਿਲ ਹੈ, ਜੋ ਕਿ ਸਰਕੂਲਰ ਅਰਥਵਿਵਸਥਾ ਅਤੇ ਮਿਸ਼ਨ LiFE ਦੇ ਅਨੁਸਾਰ ਹੈ। 30 ਅਪ੍ਰੈਲ 2018 ਨੂੰ ਸ਼ੁਰੂ ਕੀਤਾ। ਜਨਵਰੀ, 2026 ਤੱਕ ਕੰਪ੍ਰੈਸਡ ਬਾਇਓਗੈਸ ਪ੍ਰੋਜੈਕਟਾਂ ਦੀ ਸ਼ੁਰੂਆਤ ਹੋ ਚੁੱਕੀ ਹੈ।

**ਸਵੱਛ ਭਾਰਤ**

**12** ਕਰੋੜ ਤੋਂ ਵੱਧ ਪਖਾਨਿਆਂ ਦਾ ਨਿਰਮਾਣ



**262** ਕਰੋੜ ਪੌਦੇ ਲਗਾਏ ਗਏ ਏਕ ਪੇੜ ਮਾਂ ਕੇ ਨਾਮ ਅਭਿਆਨ ਵਿੱਚ।

ਨਮਾਮਿ ਗੰਗੇ ਵਰਗੇ ਅਭਿਆਨਾਂ ਨੂੰ ਜਨਤਕ ਅੰਦੋਲਨ ਦਾ ਰੂਪ ਦੇ ਕੇ ਇਹ ਯਕੀਨੀ ਬਣਾਇਆ ਕਿ ਲੋਕਾਂ ਦੀਆਂ ਆਦਤਾਂ ਵਿੱਚ ਵੱਡੇ ਪੱਧਰ 'ਤੇ ਸਥਾਈ ਤਬਦੀਲੀ ਆਵੇ।

> *ਸਾਨੂੰ ਇਸ ਮੰਤਰ ਨੂੰ ਯਾਦ ਰੱਖਣਾ ਹੈ- ਪ੍ਰਕ੍ਰਿਤਿ ਰਕਸ਼ਤਿ ਰਕਿਸ਼ਤਾ, ਅਰਥਾਤ ਜੋ ਕੁਦਰਤ ਦੀ ਰੱਖਿਆ ਕਰਦੇ ਹਨ, ਕੁਦਰਤ ਉਨ੍ਹਾਂ ਦੀ ਰੱਖਿਆ ਕਰਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਅਸੀਂ ਆਪਣੇ ਮਿਸ਼ਨ ਲਾਈਫ ਦਾ ਪਾਲਣ ਕਰਕੇ ਇੱਕ ਬਿਹਤਰ ਦੁਨੀਆ ਦਾ ਨਿਰਮਾਣ ਕਰਾਂਗੇ।*
>
> **-ਪ੍ਰਧਾਨ ਮੰਤਰੀ, ਨਰੇਂਦਰ ਮੋਦੀ**

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਨੇ ਦਿਖਾਇਆ ਹੈ ਕਿ ਵਿਕਾਸ ਅਤੇ ਵਾਤਾਵਰਣ ਦੀ ਸੰਭਾਲ ਨਾਲ-ਨਾਲ ਚੱਲ ਸਕਦੇ ਹਨ। ਵਾਤਾਵਰਣ ਕਾਨੂੰਨਾਂ ਵਿੱਚ ਸੁਧਾਰ ਨਾਲ ਨਿਯਮਾਂ ਦੀ ਬਿਹਤਰ ਪਾਲਣਾ ਅਤੇ ਕਾਰੋਬਾਰ ਕਰਨ ਵਿੱਚ ਅਸਾਨੀ ਦੋਵੇਂ ਵਧੀਆਂ ਹਨ।**

## ਰੇਲਵੇ ਲਾਈਨ ਦਾ ਇਲੈਕਟ੍ਰੀਫਿਕੇਸ਼ਨ...


178 ਕਰੋੜ ਲੀਟਰ ਡੀਜ਼ਲ ਦੀ ਇੱਕ ਸਾਲ ਵਿੱਚ ਬੱਚਤ





**3.61 ਲੱਖ ਬਾਇਓ-ਟਾਇਲਟ ਰੇਲਵੇ ਪੈਸੇਂਜਰ ਕੋਚ ਵਿੱਚ 2014 ਤੋਂ ਬਾਅਦ ਲਗਾਏ ਗਏ, ਜਦਕਿ 2004 ਤੋਂ 2014 ਤੱਕ ਸਿਰਫ਼ 9,587 ਲਗਾਏ ਗਏ ਸਨ।**

## ਸੂਰਜ ਦੀ ਊਰਜਾ ਨਾਲ ਘਰ ਰੌਸ਼ਨ

36.88 ਲੱਖ ਘਰਾਂ ਵਿੱਚ ਪ੍ਰਧਾਨ ਮੰਤਰੀ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ ਵਿੱਚ ਸੋਲਰ ਸਿਸਟਮ ਲਗਾਏ ਗਏ 30 ਅਪ੍ਰੈਲ, 2026 ਤੱਕ। ਯੋਜਨਾ ਵਿੱਚ ਸਥਾਪਿਤ ਸਮਰੱਥਾ 10.77 ਗੀਗਾਵਾਟ ਤੱਕ ਪਹੁੰਚੀ। 19,480 ਕਰੋੜ ਰੁਪਏ ਦੀ ਸਬਸਿਡੀ ਜਾਰੀ।




53 ਗੁਣਾ ਵਧੀ ਸੋਲਰ ਊਰਜਾ ਸਥਾਪਿਤ ਮਰੱਥਾ।




ਸੋਲਰ ਐਨਰਜੀ ਟੈਰਿਫ ਵਿੱਚ 65 ਫੀਸਦੀ ਦੀ ਕਮੀ

## ਸਮਰੱਥਾ ਵਿਸਥਾਰ ਦੇ ਨਾਲ ਨਿਯਮਾਂ ਦੀ ਸਖਤੀ ਵੀ

ਕੇਂਦਰ ਸਰਕਾਰ ਨੇ ਸੌਲਿਡ ਵੇਸਟ ਮੈਨੇਜਮੈਂਟ (ਐੱਸਡਬਲਿਊਐੱਮ) ਨਿਯਮ, 2026 ਨੋਟੀਫਾਇਡ ਕੀਤਾ ਹੈ, ਜੋ ਕਿ ਸੌਲਿਡ ਵੇਸਟ ਮੈਨੇਜਮੈਂਟ ਨਿਯਮ, 2016 ਦੀ ਥਾਂ ਲਵੇਗਾ। ਇਹ ਨਿਯਮ 1 ਅਪ੍ਰੈਲ, 2026 ਤੋਂ ਪੂਰੀ ਤਰ੍ਹਾਂ ਨਾਲ ਲਾਗੂ ਹੋ ਗਿਆ ਹੈ। ਨਿਯਮਾਂ ਵਿੱਚ 'ਪ੍ਰਦੂਸ਼ਕ ਭੁਗਤਾਨ ਸਿਧਾਂਤ' ਦੇ ਆਧਾਰ 'ਤੇ ਵਾਤਾਵਰਣ ਮੁਆਵਜ਼ਾ ਵਸੂਲਣ ਦਾ ਉਪਬੰਧ ਸ਼ਾਮਲ ਹੈ। ਸੌਲਿਡ ਵੇਸਟ ਮੈਨੇਜਮੈਂਟ ਨਿਯਮ, 2026 ਦੇ ਤਹਿਤ ਵੇਸਟ ਨੂੰ ਗਿੱਲ ਕਚਰੇ, ਸੁੱਕੇ ਕਚਰੇ, ਸੈਨੇਟਰੀ ਕਚਰੇ ਅਤੇ ਵਿਸ਼ੇਸ਼ ਦੇਖਭਾਲ ਕਚਰੇ ਵਿੱਚ ਵੱਖ-ਵੱਖ ਕਰਨਾ ਲਾਜ਼ਮੀ ਕੀਤਾ ਗਿਆ ਹੈ।


**5 ਗੁਣਾ ਹੋਈ ਸੌਲਿਡ ਵੇਸਟ ਪ੍ਰੋਸੈਸਿੰਗ**




## ਸਮੇਂ ਦੇ ਨਾਲ ਈਂਧਣ ਦੀ ਵੀ ਬੱਚਤ

ਫਾਸਟੈਗ ਨੇ ਟੋਲ ਪਲਾਜ਼ਾ 'ਤੇ ਉਡੀਕ ਸਮੇਂ ਨੂੰ 12 ਮਿੰਟ ਤੋਂ ਘਟਾ ਕੇ 47 ਸਕਿੰਟ ਤੋਂ ਵੀ ਘੱਟ ਕਰ ਦਿੱਤਾ, ਇਸ ਆਧੁਨਿਕ ਸਿਸਟਮ ਨਾਲ ਈਂਧਣ ਦੀ ਬੱਚਤ ਨਾਲ ਹਰ ਵਰ੍ਹੇ ਲਗਭਗ 1,500 ਕਰੋੜ ਰੁਪਏ ਦੀ ਬੱਚਤ ਹੋ ਰਹੀ ਹੈ।

**13 ਗੁਣਾ ਵਧਿਆ ਈਥੈਨੌਲ ਮਿਸ਼ਰਣ**





**ਭਾਰਤ ਦੇ 13 ਸਮੁੰਦਰੀ ਕਿਨਾਰਿਆਂ ਨੂੰ ਬਲੂ ਫਲੈਗ ਸਰਟੀਫਿਕੇਸ਼ਨ ਪ੍ਰਾਪਤ ਹੋ ਚੁੱਕਿਆ ਹੈ, ਜੋ ਕਿ ਸਵੱਛਤਾ, ਵਾਤਾਵਰਣ ਦੀ ਸੰਭਾਲ, ਸੁਰੱਖਿਆ ਅਤੇ ਬਿਹਤਰ ਟੂਰਿਜ਼ਮ ਸਹੂਲਤਾਂ ਲਈ ਦਿੱਤਾ ਜਾਂਦਾ ਹੈ।**

# ਜੰਗਲੀ ਜੀਵਾਂ ਦੀ ਭਲਾਈ ਅਤੇ ਸੰਭਾਲ ਦੀ ਪਹਿਲ

*ਦੇਸ਼ ਵਿੱਚ ਜੰਗਲੀ ਖੇਤਰ ਵਿੱਚ ਕਾਫੀ ਵਾਧਾ ਹੋਇਆ ਹੈ। ਸੁਰੱਖਿਅਤ ਜੰਗਲਾਂ ਦਾ ਖੇਤਰ ਵੀ ਨਿਰੰਤਰ ਵਧ ਰਿਹਾ ਹੈ। ਦੇਸ਼ ਦੇ ਅੰਦਰ ਹੀ ਰਾਮਸਰ ਸਥਾਨ ਨਾ ਸਿਰਫ ਜੈਵ ਵਿਭਿੰਨਤਾ ਨੂੰ ਹੁਲਾਰਾ ਦੇ ਰਹੇ ਹਨ ਸਗੋਂ ਪ੍ਰੋਜੈਕਟ ਟਾਈਗਰ ਨੇ ਦੇਸ਼ ਵਿੱਚ ਬਾਘਾਂ ਦੀ ਗਿਣਤੀ ਵੀ ਵਧਾਈ ਹੈ। ਅਫਰੀਕੀ ਚੀਤਿਆਂ ਨੂੰ ਭਾਰਤ ਲਿਆਉਣ ਦੀ ਅੰਤਰ ਮਹਾਦ੍ਵੀਪ ਪਹਿਲਕਦਮੀ ਨਾਲ ਦੇਸ਼ ਵਿੱਚ ਜੈਵ ਵਿਭਿੰਨਤਾ ਨੂੰ ਹੁਲਾਰਾ ਮਿਲਿਆ ਹੈ। ਨਾ ਸਿਰਫ਼ ਦੇਸ਼ ਵਿੱਚ ਚੀਤਿਆਂ ਦੀ ਗਿਣਤੀ ਵਧ ਰਹੀ ਹੈ ਸਗੋਂ ਗ੍ਰੇਟ ਇੰਡੀਅਨ ਬਸਟਰਡ ਦਾ ਚੂਜਾ ਵੀ ਨਵੀਂ ਪਹਿਲ ਦੇ ਤਹਿਤ ਜਨਮ ਲੈ ਰਿਹਾ ਹੈ ਕਿਉਂਕਿ ਸਾਡੇ ਸ਼ਾਸਤਰਾਂ ਵਿੱਚ ਵੀ ਕੀਤੀ ਗਈ ਹੈ ਜੀਵਾਂ ਦੀ ਭਲਾਈ ਦੀ ਕਾਮਨਾ...*

## ਰਾਮਸਰ ਸਥਾਨ ਤੋਂ ਲੈ ਕੇ ਟਾਈਗਰ ਅਤੇ ਡੌਲਫਿਨ ਸੰਭਾਲ ਤੱਕ ਭਾਰਤ





*ਬੀਤੇ 12 ਵਰ੍ਹਿਆਂ ਵਿੱਚ ਭਾਰਤ ਨੇ 76 ਰਾਮਸਰ ਸਾਈਟਾਂ ਨੂੰ ਜੋੜ ਕੇ ਇਸ ਦਿਸ਼ਾ ਵਿੱਚ ਆਪਣੀ ਵਚਨਬੱਧਤਾ ਨੂੰ ਕਾਫੀ ਮਜ਼ਬੂਤ ਕੀਤਾ ਹੈ।*

- ਭਾਰਤ ਵਿੱਚ ਬੀਤੇ ਇੱਕ ਦਹਾਕੇ ਵਿੱਚ ਟਾਈਗਰਾਂ ਦੀ ਗਿਣਤੀ ਦੁੱਗਣੀ ਤੋਂ ਵੀ ਜ਼ਿਆਦਾ ਹੋ ਗਈ ਹੈ। 2022 ਦੀ ਗਣਨਾ ਦੇ ਅਨੁਸਾਰ ਟਾਈਗਰਾਂ ਦੀ ਸੰਖਿਆ ਰਿਕਾਰਡ 3,682 ਹੋ ਗਈ ਹੈ।
- ਅੱਜ ਦੁਨੀਆ ਦੇ ਲਗਭਗ 70% ਬਾਘ ਭਾਰਤ ਵਿੱਚ ਪਾਏ ਜਾਂਦੇ ਹਨ। ਇੰਨਾ ਹੀ ਨਹੀਂ, ਪ੍ਰੋਜੈਕਟ ਟਾਈਗਰ ਦੇ ਤਹਿਤ ਸੁਰੱਖਿਅਤ ਜੰਗਲਾਂ ਦਾ ਖੇਤਰ ਵਧ ਕੇ ਲਗਭਗ 85,000 ਵਰਗ ਕਿਲੋਮੀਟਰ ਹੋ ਗਿਆ ਹੈ।



- ਪ੍ਰੋਜੈਕਟ ਚੀਤਾ ਦੁਨੀਆ ਦੀ ਪਹਿਲੀ ਅੰਤਰ -ਮਹਾਦ੍ਵੀਪ ਵੱਡੀ ਜੰਗਲੀ ਮਾਸਾਹਾਰੀ ਪ੍ਰਜਾਤੀ ਦਾ ਟ੍ਰਾਂਸਲੋਕੇਸ਼ਨ ਪ੍ਰੋਜੈਕਟ ਹੈ। ਇਸ ਪਹਿਲ ਨਾਲ ਦੇਸ਼ ਦੇ ਜੰਗਲੀ ਜੀਵ ਵਿਭਿੰਨਤਾ ਨੂੰ ਹੁਲਾਰਾ ਮਿਲਿਆ ਹੈ।
- ਵਰ੍ਹੇ 2030 ਵਿੱਚ 70 ਵਰ੍ਹਿਆਂ ਬਾਅਦ ਭਾਰਤ ਵਿੱਚ ਚੀਤਾ ਸ਼ਾਵਕਾਂ (ਚੀਤੇ ਦੇ ਬੱਚਿਆਂ) ਦਾ ਜਨਮ ਹੋਇਆ, ਕਿਉਂਕਿ ਇਸ ਤੋਂ ਪਹਿਲਾਂ ਦੇਸ਼ ਵਿੱਚ ਚੀਤੇ ਲੁਪਤ ਹੋ ਚੁੱਕੇ ਸਨ। ਹੁਣ ਭਾਰਤ ਵਿੱਚ ਪੈਦਾ ਹੋਏ ਅਜਿਹੇ ਸ਼ਾਵਕਾਂ ਦੀ ਕੁੱਲ ਗਿਣਤੀ 37 ਤੱਕ ਪਹੁੰਚ ਚੁੱਕੀ ਹੈ।




**13,874** *ਹੈ ਲੈਪਰਡਸ ਦੀ ਗਿਣਤੀ, ਭਾਰਤ ਵਿੱਚ ਲੈਪਰਡਸ ਦੀ ਸਥਿਤੀ ਰਿਪੋਰਟ -2022 ਦੇ ਅਨੁਸਾਰ।*



'ਗ੍ਰੇਟ ਇੰਡੀਅਨ ਬਸਟਰਡ' (ਜੀਆਈਬੀ) ਦਾ ਇੱਕ ਚੂਜਾ ਗੁਜਰਾਤ ਦੇ ਕੱਛ ਵਿੱਚ ਲਗਭਗ ਇੱਕ ਦਹਾਕੇ ਤੋਂ ਬਾਅਦ ਪੈਦਾ ਹੋਇਆ ਹੈ। ਇਹ ਪ੍ਰਾਪਤੀ ਜੰਪਸਟਾਰਟ ਅਪ੍ਰੋਚ ਨਾਮਕ ਇੱਕ ਨਵੇਂ ਸੰਭਾਲ ਉਪਾਅ ਰਾਹੀਂ ਸੰਭਵ ਹੋ ਸਕੀ ਹੈ। ਇਸ ਦੀ ਯੋਜਨਾ ਇੱਕ ਵਰ੍ਹੇ ਪਹਿਲਾਂ ਬਣਾਈ ਗਈ ਸੀ। ਪ੍ਰੋਜੈਕਟ ਜੀਆਈਬੀ ਦੀ ਕਲਪਨਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰ੍ਹੇ 2011 ਵਿੱਚ ਗੁਜਰਾਤ ਸਮੇਤ ਇਸ ਦੇ ਕੁਦਰਤੀ ਆਵਾਸਾਂ ਵਿੱਚ ਗ੍ਰੇਟ ਇੰਡੀਅਨ ਬਸਟਰਡ ਦੀ ਸੰਭਾਲ ਦੇ ਲਈ ਕੀਤੀ ਸੀ।


**ਦੇਸ਼ ਵਿੱਚ ਪ੍ਰੋਜੈਕਟ ਟਾਈਗਰ, ਪ੍ਰੋਜੈਕਟ ਐਲੀਫੈਂਟ, ਪ੍ਰੋਜੈਕਟ ਲਾਇਨ, ਪ੍ਰੋਜੈਕਟ ਸਨੋਅ ਲੈਪਰਡ, ਪ੍ਰੋਜੈਕਟ ਡੌਲਫਿਨ ਦੇ ਤਹਿਤ ਪ੍ਰਮੁੱਖ ਪ੍ਰਜਾਤੀਆਂ ਦੀ ਸੰਭਾਲ ਦੇ ਯਤਨ ਕੀਤੇ ਜਾ ਰਹੇ ਹਨ। ਲੁਪਤ ਹੋ ਰਹੀਆਂ 24 ਪ੍ਰਜਾਤੀਆਂ 'ਤੇ ਕੇਂਦ੍ਰਿਤ ਸੁਰੱਖਿਅਤ ਕਾਰਵਾਈ ਕੀਤੀ ਜਾਂਦੀ ਹੈ ਜਿਸ ਵਿੱਚ ਸਮੁੰਦਰੀ ਕੱਛੂਕੁੰਮਾ (ਕੱਛੂ) ਵੀ ਸ਼ਾਮਲ ਹੈ।**



## ਜੰਗਲੀ ਜੀਵਾਂ ਦੇ ਲਈ ਕੀਤੀ ਗਈ ਪਹਿਲਕਦਮੀ

**1,134** ਹੋਈ ਦੇਸ਼ ਵਿੱਚ ਜੰਗਲੀ ਜੀਵਾਂ ਦੀ ਸੁਰੱਖਿਆ, ਪ੍ਰਚਾਰ ਅਤੇ ਵਿਕਾਸ ਦੇ ਲਈ ਸੁਰੱਖਿਅਤ ਖੇਤਰਾਂ ਦੀ ਗਿਣਤੀ 2025 ਵਿੱਚ, 2020 ਵਿੱਚ 921 ਸੀ।

58 ਹੋਈ ਦੇਸ਼ ਵਿੱਚ ਟਾਈਗਰ ਰਿਜ਼ਰਵ ਸੰਖਿਆ 2025 ਵਿੱਚ, 2014 ਵਿੱਚ 48 ਸੀ। 31 ਤੋਂ ਵਧ ਕੇ 33 ਹੋਈ ਐਲੀਫੈਂਟ ਰਿਜ਼ਰਵ ਗਿਣਤੀ 2020 ਤੋਂ 2025 ਦਰਮਿਆਨ।





- ਰਾਸ਼ਟਰੀ ਜੰਗਲੀ ਜੀਵ ਬੋਰਡ ਦੀ 7ਵੀਂ ਬੈਠਕ ਵਿੱਚ ਘੜਿਆਲਾਂ ਦੀ ਸੰਭਾਲ ਅਤੇ ਉਨ੍ਹਾਂ ਦੀ ਹੋਂਦ 'ਤੇ ਹੋਣ ਵਾਲੇ ਖ਼ਤਰਿਆਂ ਨਾਲ ਨਜਿੱਠਣ ਦੇ ਲਈ ਇੱਕ ਨਵੀਂ ਪਹਿਲ ਨੂੰ ਮਨਜ਼ੂਰੀ ਦਿੱਤੀ ਗਈ ਹੈ। ਹੁਣ ਘੜਿਆਲ ਕੇਂਦਰ ਸਰਕਾਰ ਦੇ 'ਸਪੀਸੀਜ਼ ਰਿਕਵਰੀ ਪ੍ਰੋਗਰਾਮ' ਦੇ ਪ੍ਰਜਾਤੀ ਪੁਨਰ-ਬਹਾਲੀ ਪ੍ਰੋਗਰਾਮ ਵਿੱਚ ਸ਼ਾਮਲ ਹੈ।
- ਮਾਨਸ-ਪੋਬਿਤੋਰਾ-ਨਾਮੇਰੀ–ਕਾਜ਼ੀਰੰਗਾ-ਡਿਬ੍ਰੂ-ਸੈਖੋਵਾ ਜੰਗਲੀ ਜੀਵ ਸਰਕਿਟ ਦਾ ਵਿਕਾਸ ਕੀਤਾ ਗਿਆ।
- ਪੰਨਾ-ਮੁਕੁੰਦਪੁਰ-ਸੰਜੈ-ਦੁਬਰੀ-ਬਾਂਧਵਗੜ੍ਹ-ਕਾਨਹਾ-ਮੁੱਕੀ–ਪੇਂਚ ਵਿੱਚ ਜੰਗਲੀ ਜੀਵ ਸਰਕਿਟ ਦਾ ਵਿਕਾਸ ਕੀਤਾ ਗਿਆ।

***"ਸਾਨੂੰ ਇਸ ਗੱਲ 'ਤੇ ਮਾਣ ਹੈ ਕਿ ਭਾਰਤ ਵਿੱਚ ਵਿਸ਼ਵ ਦੇ ਕੁਝ ਸਭ ਤੋਂ ਵਿਲੱਖਣ ਜੰਗਲੀ ਜੀਵ ਪਾਏ ਜਾਂਦੇ ਹਨ। ਅਸੀਂ ਵਿਸ਼ਵ ਦੀ ਟਾਈਗਰਾਂ ਦੀ ਆਬਾਦੀ ਦਾ 70% ਤੋਂ ਵੱਧ ਹਿੱਸਾ ਰੱਖਦੇ ਹਾਂ। ਸਾਡੇ ਇੱਥੇ ਇੱਕ ਸਿੰਗ ਵਾਲੇ ਗੈਂਡਿਆਂ ਦੀ ਸਭ ਤੋਂ ਵੱਡੀ ਆਬਾਦੀ ਅਤੇ ਏਸ਼ਿਆਈ ਹਾਥੀਆਂ ਦੀ ਵੱਧ ਤੋਂ ਵੱਧ ਸੰਖਿਆ ਵੀ ਹੈ। ਭਾਰਤ ਦੁਨੀਆ ਦਾ ਇਕਲੌਤਾ ਸਥਾਨ ਹੈ ਜਿੱਥੇ ਜੰਗਲ ਦੇ ਰਾਜਾ ਏਸ਼ਿਆਈ ਸ਼ੇਰ ਵਧ-ਫੁੱਲ ਰਹੇ ਹਨ।***

**–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**








**ਦ ਆਰਟ ਆਫ ਲਿਵਿੰਗ ਦਾ ਸਥਾਪਨਾ ਸਮਾਗਮ**

# ਬੰਗਲੂਰੂ ਨੇ ਅਧਿਆਤਮ ਅਤੇ ਅਧਿਆਤਮਿਕ ਚੇਤਨਾ ਨੂੰ ਨਵੀਂ ਉਚਾਈ ਤੱਕ ਪਹੁੰਚਾਇਆ

*ਸਾਫਟਵੇਅਰ ਅਤੇ ਸੇਵਾਵਾਂ ਦੇ ਲਈ ਵਿਸ਼ਵ ਭਰ ਵਿੱਚ ਪ੍ਰਸਿੱਧ ਬੰਗਲੁਰੂ ਨੇ ਭਾਰਤ ਦੀ ਸੱਭਿਆਚਾਰਕ ਪਛਾਣ, ਅਧਿਆਤਮ ਅਤੇ ਅਧਿਆਤਮਿਕ ਚੇਤਨਾ ਨੂੰ ਵੀ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ। ਅੱਜ ਵਿਸ਼ਵ ਭਰ ਦੇ ਲੋਕ ਭਾਰਤ ਦੀਆਂ ਅਧਿਆਤਮਿਕ ਕਦਰਾਂ-ਕੀਮਤਾਂ ਤੋਂ ਪ੍ਰਭਾਵਿਤ ਹਨ ਅਤੇ ਇਨ੍ਹਾਂ ਹੀ ਪ੍ਰਾਚੀਨ ਕਦਰਾਂ-ਕੀਮਤਾਂ ਤੋਂ ਭਾਰਤ ਦੀਆਂ ਅਨੇਕਾਂ ਸੰਸਥਾਵਾਂ ਵੀ ਪ੍ਰੇਰਣਾ ਪ੍ਰਾਪਤ ਕਰਦੀਆਂ ਰਹੀਆਂ ਹਨ। 10 ਮਈ ਨੂੰ ਕਰਨਾਟਕ ਦੇ ਬੰਗਲੁਰੂ ਵਿੱਚ ਦ ਆਰਟ ਆਫ ਲਿਵਿੰਗ ਦੇ 45ਵੇਂ ਸਥਾਪਨਾ ਵਰ੍ਹੇ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਜਦੋਂ ਸੰਕਲਪ ਸਾਫ ਹੋਵੇ ਅਤੇ ਕਾਰਜ ਸੇਵਾ ਦੀ ਭਾਵਨਾ ਨਾਲ ਕੀਤਾ ਜਾਵੇ ਤਾਂ ਹਰੇਕ ਯਤਨ ਦਿੰਦਾ ਹੈ ਸੁਖਾਵੇਂ ਨਤੀਜੇ...*

ਦ ਆਰਟ ਆਫ ਲਿਵਿੰਗ ਦਾ ਬੀਜ 45 ਵਰ੍ਹੇ ਪਹਿਲਾਂ ਸ਼੍ਰੀ ਸ਼੍ਰੀ ਰਵਿਸ਼ੰਕਰ ਨੇ ਬੀਜਿਆ ਸੀ, ਜੋ ਕਿ ਅੱਜ ਇੱਕ ਵਿਸ਼ਾਲ ਬੋਹੜ ਦੇ ਰੁੱਖ ਦਾ ਰੂਪ ਲੈ ਚੁੱਕਿਆ ਹੈ। ਦ ਆਰਟ ਆਫ ਲਿਵਿੰਗ ਦੇ ਸਥਾਪਨਾ ਵਰ੍ਹੇ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ, "ਅੱਜ ਇਹ ਸਾਡੇ ਸਾਹਮਣੇ ਇੱਕ ਵਿਸ਼ਾਲ ਬੋਹੜ ਦੇ ਰੁੱਖ ਦੇ ਰੂਪ ਵਿੱਚ ਖੜ੍ਹਾ ਹੈ, ਜਿਸ ਦੀਆਂ ਹਜ਼ਾਰਾਂ ਸ਼ਾਖਾਵਾਂ ਵਿਸ਼ਵ ਭਰ ਵਿੱਚ ਅਣਗਿਣਤ ਲੋਕਾਂ ਦੇ ਜੀਵਨ ਨੂੰ ਛੂਹ ਰਹੀਆਂ ਹਨ।" ਭਾਰਤ ਦੀਆਂ ਭਾਸ਼ਾਵਾਂ ਪਰੰਪਰਾਵਾਂ ਰੀਤੀ-ਰਿਵਾਜਾਂ ਅਤੇ ਪੂਜਾ ਵਿਧੀਆਂ ਨਾਲ ਸਮ੍ਰਿੱਧ ਵਿਭਿੰਨਤਾ ਹੈ। ਇਨ੍ਹਾਂ ਸੋਹਣੀਆਂ ਵਿਭਿੰਨਤਾਵਾਂ ਨੂੰ ਇੱਕ ਸੂਤਰ ਵਿੱਚ ਕੀ ਬੰਨ੍ਹਦਾ ਹੈ। ਇਸ ਦਾ ਉੱਤਰ ਹੈ- ਖੁਦ ਦੇ ਲਈ ਨਹੀਂ, ਸਗੋਂ ਦੂਜਿਆਂ ਦੇ ਲਈ ਜਿਉਣਾ। ਭਾਰਤ ਦੀਆਂ ਕਦਰਾਂ – ਕੀਮਤਾਂ ਵਿੱਚ ਡੂੰਘਾਈ ਨਾਲ ਸ਼ਾਮਲ ਯੋਗਾ, ਧਿਆਨ ਅਤੇ ਪ੍ਰਣਾਯਾਮ ਦੀ ਪਰੰਪਰਾ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਵਿਸ਼ਵ ਭਰ ਦੇ ਲੋਕ ਭਾਰਤ ਦੀਆਂ ਅਧਿਆਤਮਿਕ ਕਦਰਾਂ-ਕੀਮਤਾਂ ਤੋਂ ਪ੍ਰਭਾਵਿਤ ਹਨ ਅਤੇ ਇਨ੍ਹਾਂ ਹੀ ਪ੍ਰਾਚੀਨ ਕਦਰਾਂ- ਕੀਮਤਾਂ ਤੋਂ ਭਾਰਤ ਦੀਆਂ ਕਈ ਸੰਸਥਾਵਾਂ ਵੀ ਪ੍ਰੇਰਣਾ ਪ੍ਰਾਪਤ ਕਰਦੀਆਂ ਰਹੀਆਂ ਹਨ।

> *ਬੰਗਲੁਰੂ ਦਾ ਮਾਹੌਲ... ਇੱਥੋਂ ਦਾ ਵਾਤਾਵਰਣ ... ਕੁਝ ਵੱਖਰਾ ਹੀ ਹੁੰਦਾ ਹੈ। ਇਹ ਸ਼ਹਿਰ software ਅਤੇ services ਦੇ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਲੇਕਿਨ ਭਾਰਤ ਦੀ ਸੱਭਿਆਚਾਰਕ ਪਛਾਣ...Spirituality... ਅਧਿਆਤਮਿਕ ਚੇਤਨਾ ਨੂੰ ਵੀ ਇਸ ਸ਼ਹਿਰ ਨੇ ਨਵੀਂ ਉਚਾਈ ਦਿੱਤੀ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪੁਰਾਣਾਂ ਦੀਆਂ ਪ੍ਰਾਚੀਨ ਸਿੱਖਿਆਵਾਂ ਵਿੱਚ ਜ਼ਿਕਰ ਹੈ ਕਿ ਦੂਜਿਆਂ ਦੀ ਸੇਵਾ ਕਰਨਾ ਪੁੰਨ ਹੈ, ਜਦਕਿ ਦੂਜਿਆਂ ਨੂੰ ਦੁੱਖ ਪਹੁੰਚਾਉਣਾ ਪਾਪ ਹੈ। ਸੇਵਾ ਭਾਰਤੀ ਸਮਾਜ ਦਾ ਸੁਭਾਵਿਕ ਚਰਿੱਤਰ ਹੈ। ਭਾਰਤ ਦੇ ਕਈ ਅਧਿਆਤਮਿਕ ਅੰਦੋਲਨਾਂ ਨੇ ਆਖਰ ਮਨੁੱਖਤਾ ਦੀ ਸੇਵਾ ਦੇ ਰੂਪ ਵਿੱਚ ਖੁਦ ਨੂੰ ਪ੍ਰਗਟਾਇਆ ਹੈ। ਇਹੋ ਭਾਵਨਾ ਦ ਆਰਟ ਆਫ ਲਿਵਿੰਗ ਦੇ ਹਰੇਕ ਯਤਨ ਵਿੱਚ ਵੀ ਦਿਖਾਈ ਦਿੰਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦੇ ਸੰਪੂਰਨ ਵਿਕਾਸ ਨੂੰ ਅੱਗੇ ਵਧਾਉਣ ਵਿੱਚ ਦ ਆਰਟ ਆਫ ਲਿਵਿੰਗ ਵਰਗੀਆਂ ਸੰਸਥਾਵਾਂ ਦੀ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਕੁਦਰਤੀ ਖੇਤੀ ਨਾਲ ਜੋੜਨ 'ਤੇ ਧਿਆਨ ਦੇਣ ਦੀ ਤਾਕੀਦ ਕਰਦੇ ਹੋਏ ਕਿਹਾ ਕਿ ਟਿਕਾਊ ਖੇਤੀਬਾੜੀ ਖੁਦ 'ਆਰਟ ਆਫ ਲਿਵਿੰਗ' ਦਾ ਪ੍ਰਗਟਾਵਾ ਹੈ ਅਤੇ ਰਸਾਇਣਾਂ ਤੋਂ ਧਰਤੀ ਮਾਤਾ ਦੀ ਰੱਖਿਆ ਕਰਨਾ ਅਧਿਆਤਮਿਕ ਸਾਧਨਾ ਅਤੇ ਵਾਤਾਵਰਣ ਦੀ ਸੰਭਾਲ, ਦੋਵਾਂ ਦਾ ਪ੍ਰਤੀਕ ਹੈ। ਕੁਦਰਤੀ ਖੇਤੀ ਨੂੰ ਅਪਣਾਉਣਾ ਅਤੇ ਧਰਤੀ ਮਾਤਾ ਨੂੰ ਰਸਾਇਣਾਂ ਤੋਂ ਬਚਾਉਣਾ, ਇਹ ਵੀ ਆਰਟ ਆਫ ਲਿਵਿੰਗ ਹੈ।

ਪ੍ਰਧਾਨ ਮੰਤਰੀ ਮੋਦੀ ਨੇ 'ਪਰ ਡ੍ਰੌਪ, ਮੋਰ ਕ੍ਰੌਪ' ਪਹਿਲ ਦੇ ਜ਼ਰੀਏ ਕਿਸਾਨਾਂ ਦੇ ਦਰਮਿਆਨ ਬਿਹਤਰ ਜਲ ਪ੍ਰਬੰਧਨ ਅਭਿਆਸਾਂ ਨੂੰ ਅਪਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਪਾਣੀ ਦੀ ਹਰ ਬੂੰਦ ਬਚਾਉਣਾ ਵੀ ਆਰਟ ਆਫ ਲਿਵਿੰਗ ਹੈ। ▪

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਆਧੁਨਿਕ ਇਨਫ੍ਰਾਸਟ੍ਰਕਚਰ ਬਣਾ ਰਿਹਾ ਭਾਰਤ

*ਭਾਰਤ ਅੱਜ 'ਰਿਫੌਰਮ ਐਕਸਪ੍ਰੈੱਸ' 'ਤੇ ਤੇਜ਼ੀ ਨਾਲ ਅੱਗੇ ਵਧਦੇ ਹੋਏ ਵਿਸ਼ਵ ਪੱਧਰੀ ਸੜਕ, ਰੇਲ, ਹਵਾਈ ਅਤੇ ਊਰਜਾ ਸੰਪਰਕ ਸਹੂਲਤਾਂ ਦਾ ਵਿਸਥਾਰ ਕਰ ਰਿਹਾ ਹੈ। 'ਪੀਐੱਮ ਮਿਤ੍ਰ ਪਾਰਕ' ਦੀ ਮਦਦ ਨਾਲ ਭਾਰਤ ਦੀ ਅਮੀਰ ਕਪੜਾ ਉਦਯੋਗ ਦੀ ਵਿਰਾਸਤ ਨੂੰ ਮੁੜ ਤੋਂ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸੇ ਕ੍ਰਮ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 10 ਮਈ ਨੂੰ ਤੇਲੰਗਾਨਾ ਦੇ ਹੈਦਰਾਬਾਦ ਵਿੱਚ ਲਗਭਗ 9,400 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਰੱਖਿਆ ਨੀਂਹ ਪੱਥਰ ਅਤੇ ਕੀਤਾ ਉਦਘਾਟਨ...*



**"ਅਤੀਤ ਵਿੱਚ ਜਦੋਂ ਭਾਰਤ ਦੁਨੀਆ ਦੀ ਬਹੁਤ ਵੱਡੀ ਅਰਥਵਿਵਸਥਾ ਸੀ... ਤਾਂ ਸਾਡੀ ਟੈਕਸਟਾਈਲ ਇੰਡਸਟ੍ਰੀ ਦੀ ਵੱਡੀ ਭੂਮਿਕਾ ਸੀ। ਹੁਣ ਅਸੀਂ ਆਪਣੀ ਉਸ ਵਿਰਾਸਤ ਨੂੰ ਫਿਰ ਤੋਂ ਸਸ਼ਕਤ ਕਰ ਰਹੇ ਹਾਂ। ਵਾਰੰਗਲ ਦਾ ਪੀਐੱਮ ਮਿਤ੍ਰ ਪਾਰਕ, ਦੇਸ਼ ਵਿੱਚ ਟੈਕਸਟਾਈਲ ਕ੍ਰਾਂਤੀ ਨੂੰ ਗਤੀ ਦੇਵੇਗਾ।**

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਤੇਲੰਗਾਨਾ ਦੇ ਲੋਕਾਂ ਦੇ ਜੀਵਨ ਨੂੰ ਅਸਾਨ ਬਣਾਉਣ ਅਤੇ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਦੇ ਲਈ 10 ਮਈ ਨੂੰ ਹੈਦਰਾਬਾਦ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਇਨ੍ਹਾਂ ਪ੍ਰੋਜੈਕਟਾਂ ਨਾਲ ਭਵਿੱਖ ਵਿੱਚ ਇੱਥੇ ਬਣਨ ਵਾਲੇ ਵਾਹਨ ਅਤੇ ਮਸ਼ੀਨਾਂ, ਇਸ ਜ਼ੋਨ ਵਿੱਚ ਲੱਗਣ ਵਾਲੀ ਫੂਡ ਪ੍ਰੋਸੈੱਸਿੰਗ ਇੰਡਸਟ੍ਰੀ ਦੇ ਨਾਲ-ਨਾਲ ਪੂਰੇ ਉਦਯੋਗਿਕ ਖੇਤਰ ਦਾ ਵਿਕਾਸ ਹੋਵੇਗਾ। ਇਸ ਦਾ ਲਾਭ ਆਮ ਲੋਕਾਂ ਦੇ ਨਾਲ-ਨਾਲ ਤੇਲੰਗਾਨਾ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਵੀ ਹੋਵੇਗਾ।

ਸਾਇਬਰਾਬਾਦ, ਤੇਲੰਗਾਨਾ ਦੇ ਹੈਦਰਾਬਾਦ ਸ਼ਹਿਰ ਦਾ ਇੱਕ ਪ੍ਰਮੁੱਖ ਆਈਟੀ ਅਤੇ ਬਿਜ਼ਨਸ ਹੱਬ ਹੈ। ਇਹੀ ਕਾਰਨ ਹੈ ਕਿ ਸਾਇਬਰਾਬਾਦ ਤੋਂ ਤੇਲੰਗਾਨਾ ਨੂੰ ਦੇਸ਼ ਦਾ ਇੱਕ ਵੱਡਾ ਮੈਨੂਫੈਕਚਰਿੰਗ ਪਾਵਰ ਹਾਊਸ ਬਣਾਉਣ ਲਈ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਅੱਜ ਭਾਰਤ ਰਿਫੌਰਮ ਐਕਸਪ੍ਰੈੱਸ 'ਤੇ ਚੱਲ ਰਿਹਾ ਹੈ। ਨਾਲ ਹੀ, ਅੱਜ ਦਾ ਭਾਰਤ ਆਧੁਨਿਕ ਇਨਫ੍ਰਾਸਟ੍ਰਕਚਰ ਵੀ ਬਣਾ ਰਿਹਾ ਹੈ। ਜ਼ਹੀਰਾਬਾਦ ਇੰਡਸਟ੍ਰੀਅਲ ਏਰੀਆ ਦੇ ਨਿਰਮਾਣ ਦੇ ਪਿੱਛੇ ਵੀ ਇਹੋ ਟੀਚਾ ਹੈ। ਇਹ ਇੰਡਸਟ੍ਰੀਅਲ ਏਰੀਆ, ਇੰਡਸਟ੍ਰੀਅਲ ਕੌਰੀਡੋਰ ਵਿਕਸਿਤ ਕਰਨ ਦੇ ਭਾਰਤ ਸਰਕਾਰ ਦੇ ਰਾਸ਼ਟਰੀ ਅਭਿਆਨ ਦਾ ਹਿੱਸਾ ਹੈ। ਇੱਥੇ ਵਿਸ਼ਵ ਪੱਧਰੀ ਇਨਫ੍ਰਾਸਟ੍ਰਕਚਰ ਹੋਵੇਗਾ, ਬਿਹਤਰੀਨ ਬਿਜਲੀ ਸਪਲਾਈ ਹੋਵੇਗੀ, ਦੁਨੀਆ ਭਰ ਦੇ ਨਿਵੇਸ਼ਕਾਂ ਲਈ ਇੱਥੇ ਹਰ ਉਹ ਸੁਵਿਧਾ ਉਪਲਬਧ ਹੋਵੇਗੀ ਜੋ ਇੰਡਸਟ੍ਰੀ ਦੇ ਲਈ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਵਾਰੰਗਲ ਵਿੱਚ ਬਣਿਆ 'ਪੀਐੱਮ ਮਿਤ੍ਰ ਪਾਰਕ' ਦੇਸ਼ ਵਿੱਚ ਟੈਕਸਟਾਈਲ ਕ੍ਰਾਂਤੀ ਨੂੰ ਗਤੀ ਦੇਵੇਗਾ। ਇਸ ਵਿੱਚ ਸ਼ਾਮਲ ਹੋਣ ਵਾਲੀਆਂ ਇਕਾਈਆਂ ਨੂੰ ਪੀਐੱਲਆਈ ਯੋਜਨਾ ਸਮੇਤ ਕੇਂਦਰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦੇ ਲਾਭ ਮਿਲਣਗੇ। ਲਾਭਪਾਤਰੀ ਉੱਦਮਾਂ ਨੇ ਪੀਐੱਲਆਈ ਯੋਜਨਾ ਦਾ ਲਾਭ ਚੁੱਕਣਾ ਸ਼ੁਰੂ ਵੀ ਕਰ ਦਿੱਤਾ ਹੈ। ਇਹ ਟੈਕਸਟਾਈਲ ਪਾਰਕ ਵੱਡੀ ਸੰਖਿਆ ਵਿੱਚ (ਵਿਸ਼ੇਸ਼ ਤੌਰ 'ਤੇ ਭੈਣਾਂ- ਬੇਟੀਆਂ ਦੇ ਲਈ) ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏਗਾ ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸੜਕ, ਰੇਲ ਅਤੇ ਹਵਾਈ ਅੱਡਿਆਂ ਵਰਗੇ ਆਧੁਨਿਕ ਸੰਪਰਕ ਇਨਫ੍ਰਾਸਟ੍ਰਕਚਰ ਵਿੱਚ ਭਾਰਤ ਸਰਕਾਰ ਨੇ ਪਿਛਲੇ 12 ਵਰ੍ਹਿਆਂ ਵਿੱਚ ਬੇਮਿਸਾਲ ਨਿਵੇਸ਼ ਕੀਤਾ ਹੈ। ਸਿਰਫ਼ ਰਾਸ਼ਟਰੀ ਰਾਜਮਾਰਗ ਦੇ ਵਿਕਾਸ ਲਈ ਹੀ ਲਗਭਗ 1 ਲੱਖ 75 ਹਜ਼ਾਰ ਕਰੋੜ ਰੁਪਏ ਵੰਡੇ ਗਏ ਹਨ। ਤੇਲੰਗਾਨਾ ਨੂੰ ਰਾਸ਼ਟਰੀ ਫੋਕਸ ਤੋਂ ਕਾਫੀ ਫਾਇਦਾ ਹੋਇਆ ਹੈ। ਬੀਤੇ 12 ਵਰ੍ਹਿਆਂ ਵਿੱਚ ਰਾਜ ਦਾ ਰਾਸ਼ਟਰੀ ਰਾਜਮਾਰਗ ਨੈੱਟਵਰਕ ਦੁੱਗਣਾ ਹੋਇਆ ਹੈ। ਵਰ੍ਹੇ 2014 ਤੋਂ ਪਹਿਲਾਂ ਅਣ-ਵੰਡੇ ਆਂਧਰ ਪ੍ਰਦੇਸ਼ ਦਾ ਰੇਲ ਬਜਟ 1,000 ਕਰੋੜ ਰੁਪਏ ਤੋਂ ਵੀ ਘੱਟ ਸੀ, ਹਾਲਾਂਕਿ ਤੇਲੰਗਾਨਾ ਦੀ ਮੌਜੂਦਾ ਸਲਾਨਾ ਰੇਲ ਐਲੋਕੇਸ਼ਨ 5500 ਕਰੋੜ ਰੁਪਏ ਤੋਂ ਵੀ ਵੱਧ ਹੈ। ਲਗਭਗ 50,000 ਕਰੋੜ ਰੁਪਏ ਦੇ ਰੇਲ ਪ੍ਰੋਜੈਕਟਸ ਹਾਲੇ ਚੱਲ ਰਹੇ ਹਨ। ਤੇਲੰਗਾਨਾ ਵਿੱਚ ਪੰਜ ਵੰਦੇ ਭਾਰਤ ਅਤੇ ਛੇ ਅੰਮ੍ਰਿਤ ਭਾਰਤ ਟ੍ਰੇਨਾਂ ਸ਼ੁਰੂ ਕੀਤੀਆਂ ਗਈਆਂ ਹਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।




## ਪੀਐੱਮ ਮਿਤ੍ਰ ਪਾਰਕ ਦਾ ਉਦਘਾਟਨ

**ਵਾਰੰਗਲ ਵਿੱਚ 1,700 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਪੀਐੱਮ ਮਿਤ੍ਰ ਪਾਰਕ ਦਾ ਉਦਘਾਟਨ। ਜਿਸ ਨੂੰ ਕਾਕਤੀਯ ਮੈਗਾ ਟੈਕਸਟਾਈਲ ਪਾਰਕ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਪਾਰਕ ਭਾਰਤ ਦਾ ਪਹਿਲਾ ਪੂਰਨ ਤੌਰ 'ਤੇ ਸੰਚਾਲਿਤ ਪੀਐੱਮ ਮਿਤ੍ਰ ਪਾਰਕ ਹੈ। ਇਹ ਪਾਰਕ ਪ੍ਰਸਤਾਵਿਤ ਨਾਗਪੁਰ- ਵਿਜੈਵਾੜਾ ਗ੍ਰੀਨਫੀਲਡ ਐਕਸਪ੍ਰੈੱਸਵੇਅ (ਰਾਸ਼ਟਰੀ ਰਾਜਮਾਰਗ -163ਜੀ) ਦੇ ਨੇੜੇ ਅਤੇ ਰਾਸ਼ਟਰੀ ਰਾਜਮਾਰਗ -163 ਦੇ ਨੇੜੇ ਮੌਜੂਦ ਹੈ। ਇਹ ਪਾਰਕ ਪ੍ਰਮੁੱਖ ਰੇਲਵੇ ਨੈੱਟਵਰਕ ਅਤੇ ਪੋਰਟਸ ਨਾਲ ਉੱਤਮ ਮਲਟੀ ਮਾਡਲ ਸੰਪਰਕ ਪ੍ਰਦਾਨ ਕਰਦਾ ਹੈ।**

## ਕੈਂਸਰ ਮਰੀਜ਼ਾਂ ਦੇ ਇਲਾਜ ਦੀ ਵਿਵਸਥਾ

**ਹੈਦਰਾਬਾਦ ਸਥਿਤ ਸਿੰਧੂ ਹਸਪਤਾਲ, ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ। ਇਹ ਹਸਪਤਾਲ ਕੈਂਸਰ ਦੇ ਇਲਾਜ ਦੇ ਲਈ ਅਤਿ-ਆਧੁਨਿਕ ਮਲਟੀ ਸੁਪਰ ਸਪੈਸ਼ਲਿਟੀ ਸੰਸਥਾ ਹੈ। 18 ਮੰਜ਼ਿਲਾ ਇਸ ਹਸਪਤਾਲ ਵਿੱਚ 1500 ਬੈੱਡਾਂ, 150 ਤੋਂ ਜ਼ਿਆਦਾ ਡਾਕਟਰ ਕੰਸਲਟੇਸ਼ਨ ਰੂਮ ਅਤੇ 29 ਐਡਵਾਂਸਡ ਆਪ੍ਰੇਸ਼ਨ ਥੀਏਟਰ ਹਨ। ਹਸਪਤਾਲ ਵਿੱਚ ਕੀਮੋਥੈਰੇਪੀ, ਰੇਡੀਏਸ਼ਨ ਥੈਰੇਪੀ, ਕੈਂਸਰ ਸਰਜਰੀ, ਬੋਨ ਮੈਰੋ ਟ੍ਰਾਂਸਪਲਾਂਟੇਸ਼ਨ, ਐਡਵਾਂਸਡ ਇੰਟੈਂਸਿਵ ਕੇਅਰ ਅਤੇ 33 ਤੋਂ ਵੱਧ ਮੈਡੀਕਲ ਸਪੈਸ਼ਲਿਸਟਾਂ ਸਮੇਤ ਵਿਆਪਕ ਦੇਖਭਾਲ ਦੀ ਵਿਵਸਥਾ ਹੈ।**



## ਇਨ੍ਹਾਂ ਪ੍ਰੋਜੈਕਟਾਂ ਨਾਲ ਵਿਕਾਸ ਨੂੰ ਮਿਲੇਗੀ ਰਫ਼ਤਾਰ...

**3,175** ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਹੈਦਰਾਬਾਦ-ਪਣਜੀ ਆਰਥਿਕ ਕੌਰੀਡੋਰ 'ਤੇ ਗੁਡੇਬੇਲੂਰ ਤੋਂ ਮਹਿਬੂਬਨਗਰ ਤੱਕ ਰਾਸ਼ਟਰੀ ਰਾਜਮਾਰਗ-167 ਦੇ ਚਾਰ ਲੇਨ ਦੇ ਨਿਰਮਾਣ ਦੀ ਨੀਂਹ।

ਯਾਤਰਾ ਦੇ ਸਮੇਂ ਵਿੱਚ ਲਗਭਗ 1 ਘੰਟਾ 30 ਮਿੰਟ ਦੀ ਕਮੀ ਆਵੇਗੀ।

- ਰੰਗਾਰੇਡੀ ਜ਼ਿਲ੍ਹੇ ਵਿੱਚ ਹੈਦਰਾਬਾਦ- ਨਾਗਪੁਰ ਉਦਯੋਗਿਕ ਕੌਰੀਡੋਰ (ਐੱਚਐੱਨ ਆਈਸੀ) ਦੇ ਤਹਿਤ ਵਿਕਸਿਤ ਕੀਤੇ ਜਾ ਰਹੇ ਜ਼ਹੀਰਾਬਾਦ ਉਦਯੋਗਿਕ ਖੇਤਰ ਦੀ ਨੀਂਹ। 3,245 ਏਕੜ ਵਿੱਚ ਫੈਲੇ ਇਸ ਖੇਤਰ ਨੂੰ 2,350 ਕਰੋੜ ਰੁਪਏ ਤੋਂ ਵੱਧ ਦੀ ਕੁੱਲ ਲਾਗਤ ਨਾਲ ਵਿਕਸਿਤ ਕੀਤਾ ਜਾ ਰਿਹਾ ਹੈ।
- ਜ਼ਹੀਰਾਬਾਦ ਉਦਯੋਗਿਕ ਖੇਤਰ ਵਿੱਚ ਲੱਗਣ ਵਾਲੇ ਪ੍ਰੋਜੈਕਟਾਂ ਨਾਲ ਲਗਭਗ 10,000 ਕਰੋੜ ਰੁਪਏ ਦਾ ਨਿਵੇਸ਼ ਅਤੇ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ।

ਲਗਭਗ **1,535** ਕਰੋੜ ਰੁਪਏ ਦੇ ਰੇਲਵੇ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ।

ਇਨ੍ਹਾਂ ਵਿੱਚ ਕਾਜੀਪੇਟ- ਵਿਜੈਵਾੜਾ ਮਲਟੀ ਟ੍ਰੈਕਿੰਗ ਪ੍ਰੋਜੈਕਟ ਦੇ 118 ਕਿਲੋਮੀਟਰ ਲੰਬੇ ਕਈ ਸੈਕਸ਼ਨ ਸ਼ਾਮਲ ਹਨ।

- ਹੈਦਰਾਬਾਦ ਵਿੱਚ ਇੰਡੀਅਨ ਆਇਲ ਦੀ 600 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਵਿਕਸਿਤ ਮਲਕਾਪੁਰ ਟਰਮੀਨਲ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ। ਇਸ ਟਰਮੀਨਲ ਦੀ ਕੁੱਲ ਟੈਂਕ ਸਮਰੱਥਾ 1,65,000 ਕਿਲੋਮੀਟਰ ਹੈ।

**ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਸਾਨੂੰ ਸਿਰਫ ਓਨੀ ਹੀ ਊਰਜਾ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿੰਨੀ ਜ਼ਰੂਰੀ ਹੋਵੇ, ਤਾਂ ਜੋ ਵਿਦੇਸ਼ੀ ਮੁਦਰਾ ਬਚਾਈ ਜਾ ਸਕੇ ਅਤੇ ਯੁੱਧ ਦੇ ਸੰਕਟਾਂ ਦੇ ਬੁਰੇ ਅਸਰ ਨੂੰ ਘੱਟ ਕੀਤਾ ਜਾ ਸਕੇ।**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

21ਵੀਂ ਸਦੀ ਦੇ ਆਲਮੀ ਸੰਦਰਭ ਵਿੱਚ ਊਰਜਾ ਸੁਰੱਖਿਆ ਦੇ ਮਹੱਤਵ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਊਰਜਾ ਸਪਲਾਈ ਵਿੱਚ ਰੁਕਾਵਟ ਆਉਣ ਨਾਲ ਸਾਰੀਆਂ ਆਰਥਿਕ ਗਤੀਵਿਧੀਆਂ ਠੱਪ ਹੋ ਸਕਦੀਆਂ ਹਨ। ਇਹੀ ਕਾਰਨ ਹੈ ਕਿ ਭਾਰਤ ਸਰਕਾਰ ਰਾਸ਼ਟਰੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਲਈ ਬੇਮਿਸਾਲ ਨਿਵੇਸ਼ ਕਰ ਰਹੀ ਹੈ। ਮਲਕਾਪੁਰ ਵਿੱਚ ਇੰਡੀਅਨ ਆਇਲ ਦੇ ਨਵੇਂ ਟਰਮੀਨਲ ਦੇ ਉਦਘਾਟਨ ਨੂੰ ਮਹੱਤਵਪੂਰਨ ਰਣਨੀਤਕ ਕਦਮ ਦੱਸਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਟਰਮੀਨਲ ਤੇਲੰਗਾਨਾ ਦੀਆਂ ਵਧਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰੇਗਾ ਅਤੇ ਸਪਲਾਈ ਚੇਨ ਨੂੰ ਮਜ਼ਬੂਤ ਬਣਾਏਗਾ। ■

**ਸੋਮਨਾਥ ਮੰਦਿਰ ਦੇ ਮੁੜ-ਸਥਾਪਨਾ ਦੇ 75 ਵਰ੍ਹੇ**

# ਸੋਮਨਾਥ ਅੰਮ੍ਰਿਤ ਮਹੋਤਸਵ

## ਭਾਰਤ ਦੀ ਅਟਲ ਭਾਵਨਾ ਦਾ ਉਤਸਵ

*ਸੋਮਨਾਥ ਸਿਰਫ਼ ਇੱਕ ਮੰਦਿਰ ਨਹੀਂ, ਸਨਾਤਨ ਆਸਥਾ ਦੀ ਅਮਰ ਜੋਤੀ ਦਾ ਪ੍ਰਤੀਕ ਹੈ। ਖੰਡਹਰ ਤੋਂ ਮੁੜ-ਨਿਰਮਾਣ ਤੱਕ ਦਾ ਇਸ ਦਾ ਸਫਰ ਭਾਰਤ ਦੀ ਅਜਿੱਤ ਵਿਰਾਸਤ ਅਤੇ ਉਸ ਦੇ ਅਦੁੱਤੀ ਸੰਕਲਪ ਨੂੰ ਦਰਸਾਉਂਦਾ ਹੈ। ਗੁਜਰਾਤ ਦੇ ਸੋਮਨਾਥ ਮੰਦਿਰ ਦੇ ਮੁੜ-ਸਥਾਪਨਾ ਦੇ 75 ਵਰ੍ਹੇ ਪੂਰੇ ਹੋਣ ਦੇ ਜਸ਼ਨ ਵਿੱਚ ਆਯੋਜਿਤ ਸੋਮਨਾਥ ਅੰਮ੍ਰਿਤ ਮਹੋਤਸਵ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਸੰਪਾਦਕੀ ਲੇਖ ਲਿਖਿਆ। ਇਸ ਵਿੱਚ ਉਨ੍ਹਾਂ ਨੇ ਸੋਮਨਾਥ ਦੇ ਸੰਦਰਭ ਵਿੱਚ 11 ਮਈ ਦੇ ਦਿਨ ਸਦੀਵੀ ਮਹੱਤਤਾ ਅਤੇ ਭਾਰਤ ਦੀ ਸੱਭਿਅਤਾ ਦੀ ਮਹਾਨਤਾ ਬਾਰੇ ਗੱਲ ਕੀਤੀ। ਨਾਲ ਹੀ, ਗੁਜਰਾਤ ਯਾਤਰਾ ਦੇ ਦੌਰਾਨ ਉਨ੍ਹਾਂ ਨੇ ਵਡੋਦਰਾ ਵਿੱਚ ਸਰਦਾਰਧਾਮ ਹੋਸਟਲ ਦਾ ਵੀ ਕੀਤਾ ਉਦਘਾਟਨ...*

ਸਾਡੇ ਲੋਕ ਇੱਥੇ ਦਰਸ਼ਨ- ਪੂਜਾ ਦੇ ਲਈ ਆਉਂਦੇ ਹਨ, ਤਾਂ ਉਨ੍ਹਾਂ ਨੂੰ ਇਹ ਉਸ ਸੱਭਿਅਤਾ ਦੀ ਅਦਭੁਤ ਨਿਰੰਤਰਤਾ ਦਾ ਵੀ ਅਹਿਸਾਸ ਹੁੰਦਾ ਹੈ, ਜਿਸ ਦੀ ਜੋਤੀ ਕਦੇ ਬੁਝਾਈ ਨਹੀਂ ਜਾ ਸਕੀ। ਕਈ ਸਾਮਰਾਜ ਆਏ ਅਤੇ ਗਏ, ਸਮਾਂ ਬਦਲਿਆ ਅਤੇ ਇਤਿਹਾਸ ਨੇ ਅਨੇਕਾਂ ਉਤਰਾਅ- ਚੜ੍ਹਾਅ ਦੇਖੇ, ਫਿਰ ਵੀ ਸੋਮਨਾਥ ਰਾਸ਼ਟਰ ਦੇ ਨਾਗਰਿਕਾਂ ਦੇ ਦਿਲ ਵਿੱਚ ਹਮੇਸ਼ਾ ਬਣਿਆ ਰਿਹਾ। ਸੋਮਨਾਥ ਮੰਦਿਰ ਪਰਿਸਰ ਵਿੱਚ ਇਸ ਦੀ ਮੁੜ- ਸਥਾਪਨਾ ਦੀ 75ਵੀਂ ਵਰ੍ਹੇਗੰਢ ਦੇ ਮੌਕੇ ‘ਤੇ ਆਯੋਜਿਤ ਸਭਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦਾਦਾ ਸੋਮਨਾਥ ਦੇ ਵਿਸ਼ੇਸ਼ ਭਗਤ ਦੇ ਰੂਪ ਵਿੱਚ, ਮੈਂ ਕਿੰਨੀ ਹੀ ਵਾਰ ਇੱਥੇ ਆਇਆ ਹਾਂ, ਉਨ੍ਹਾਂ ਦੇ ਸਾਹਮਣੇ ਸੀਸ ਝੁਕਾਇਆ ਹੈ। ਪਰ, ਅੱਜ ਜਦੋਂ ਮੈਂ ਇੱਥੇ ਆ ਰਿਹਾ ਸੀ ਤਾਂ ਇਹ ਯਾਤਰਾ ਇੱਕ ਸੁਖਾਵਾਂ ਅਨੁਭਵ ਦੇ ਰਹੀ ਸੀ। ਹਾਲੇ ਕੁਝ ਹੀ ਮਹੀਨੇ ਪਹਿਲਾਂ ਮੈਂ ਇੱਥੇ ਆਇਆ ਸੀ। ਤਾਂ ਅਸੀਂ ਸੋਮਨਾਥ ਸਵਾਭਿਮਾਨ ਪਰਵ ਮਨਾ ਰਹੇ ਸੀ। ਪਹਿਲੀ ਤਬਾਹੀ ਦੇ 1,000 ਵਰ੍ਹਿਆਂ ਬਾਅਦ ਵੀ ਸੋਮਨਾਥ ਦੇ ਅਵਿਨਾਸ਼ੀ ਹੋਣ ਦਾ ਮਾਣ ਅਤੇ ਅੱਜ ਇਸ ਆਧੁਨਿਕ ਸਰੂਪ ਦੀ ਪ੍ਰਾਣ ਪ੍ਰਤਿਸ਼ਠਾ ਦੇ 75 ਵਰ੍ਹੇ, ਅਸੀਂ ਸਿਰਫ਼ ਦੋ ਆਯੋਜਨਾਂ ਦਾ ਹਿੱਸਾ ਨਹੀਂ ਬਣੇ ਹਾਂ ਸਗੋਂ ਹਜ਼ਾਰਾਂ ਵਰ੍ਹਿਆਂ ਦੀ ਅੰਮ੍ਰਿਤ ਯਾਤਰਾ ਨੂੰ ਮਹਿਸੂਸ ਕਰਨ ਦਾ ਮੌਕਾ ਮਿਲਿਆ ਹੈ।

75 ਵਰ੍ਹੇ ਪਹਿਲਾਂ, 11 ਮਈ ਦੇ ਦਿਨ ਸੋਮਨਾਥ ਮੰਦਿਰ ਦੀ ਮੁੜ-ਸਥਾਪਨਾ ਕੋਈ ਸਧਾਰਣ ਮੌਕਾ ਨਹੀਂ ਸੀ। ਜੇਕਰ 1947 ਵਿੱਚ ਭਾਰਤ ਆਜ਼ਾਦ ਹੋਇਆ ਸੀ ਤਾਂ 1951 ਵਿੱਚ ਸੋਮਨਾਥ ਦੀ ਪ੍ਰਾਣ ਪ੍ਰਤਿਸ਼ਠਾ ਨੇ ਭਾਰਤ ਦੀ ਸੁਤੰਤਰ ਚੇਤਨਾ ਦਾ ਨਾਅਰਾ ਦਿੱਤਾ ਸੀ। ਆਜ਼ਾਦੀ ਦੇ ਸਮੇਂ, ਸਰਦਾਰ ਸਾਹਬ ਨੇ 500 ਤੋਂ ਵੱਧ ਰਿਆਸਤਾਂ ਨੂੰ ਜੋੜ ਕੇ ਇੱਕ ਭਾਰਤ ਦਾ ਆਧੁਨਿਕ ਸਰੂਪ ਘੜ੍ਹਿਆ ਸੀ। ਨਾਲ ਹੀ, ਸੋਮਨਾਥ ਦੇ ਮੁੜ-ਨਿਰਮਾਣ ਨਾਲ ਉਨ੍ਹਾਂ ਨੇ ਦੁਨੀਆ ਨੂੰ ਦੱਸਿਆ ਸੀ, ਭਾਰਤ ਸਿਰਫ਼ ਆਜ਼ਾਦ ਨਹੀਂ ਹੋਇਆ ਹੈ, ਭਾਰਤ ਆਪਣੇ ਪ੍ਰਾਚੀਨ ਗੌਰਵ ਨੂੰ ਮੁੜ ਹਾਸਲ

ਪ੍ਰਧਾਨ ਮੰਤਰੀ ਦਾ ਲੇਖ ਪੜ੍ਹਣ ਦੇ ਲਈ QR ਕੋਡ ਸਕੈਨ ਕਰੋ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਵਡੋਦਰਾ ਵਿੱਚ ਸਰਦਾਰਧਾਮ ਹੋਸਟਲ ਦਾ ਉਦਘਾਟਨ


ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਡੋਦਰਾ ਵਿੱਚ ਸਰਦਾਰਧਾਮ ਹੋਸਟਲ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਵਿੱਚ 1,000 ਲੜਕਿਆਂ ਅਤੇ 1,000 ਲੜਕੀਆਂ ਦੇ ਲਈ ਹੋਸਟਲ ਦੀ ਸੁਵਿਧਾ ਦੇ ਨਾਲ-ਨਾਲ ਕੇਂਦਰੀ ਡਾਈਨਿੰਗ ਹਾਲ, ਇੱਕ ਲਾਈਬ੍ਰੇਰੀ ਅਤੇ ਇੱਕ ਆਡੀਟੋਰੀਅਮ ਵਰਗੀਆਂ ਸੁਵਿਧਾਵਾਂ ਵੀ ਸ਼ਾਮਲ ਹਨ। ਨਾਲ ਹੀ, ਉਨ੍ਹਾਂ ਨੇ ਸਰਦਾਰਧਾਮ ਕੰਪਲੈਕਸ ਵਿੱਚ ਰਿਸੈਪਸ਼ਨ ਏਰੀਆ, ਨਾਗਰਿਕ ਸਹੂਲਤਾਂ, ਡਾਈਨਿੰਗ ਏਰੀਆ ਅਤੇ ਈ-ਲਾਈਬ੍ਰੇਰੀ ਸਮੇਤ ਵੱਖ-ਵੱਖ ਸੁਵਿਧਾਵਾਂ ਦਾ ਦੌਰਾ ਵੀ ਕੀਤਾ।



“

ਅੱਜ ਸਮੇਂ ਦੀ ਮੰਗ ਹੈ ਕਿ ਅਸੀਂ ‘ਵੋਕਲ ਫਾਰ ਲੋਕਲ’ ਨੂੰ ਇੱਕ ਜਨਤਕ ਅੰਦੋਲਨ ਬਣਾਈਏ। ਵਿਦੇਸ਼ੀ ਸਮਾਨ ਦੀ ਜਗ੍ਹਾ ... ਲੋਕਲ ਉਤਪਾਦਾਂ ਨੂੰ ਅਪਣਾਈਏ। ਆਪਣੇ ਪਿੰਡ, ਆਪਣੇ ਸ਼ਹਿਰ, ਆਪਣੇ ਦੇਸ਼ ਦੇ ਉੱਦਮੀਆਂ ਨੂੰ ਤਾਕਤ ਦੇਈਏ।

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



## ਸੋਮਨਾਥ ਮੰਦਿਰ ਨਾਲ ਜੁੜੇ ਦਿਲਚਸਪ ਤੱਥ

- ਹਰ ਸਾਲ ਲਗਭਗ 1 ਕਰੋੜ ਸ਼ਰਧਾਲੂ ਸੋਮਨਾਥ ਪਹੁੰਚਦੇ ਹਨ। ਨਾਲ ਹੀ, ਮਹਾਸ਼ਿਵਰਾਤ੍ਰੀ 2025 ਦੇ ਪਵਿੱਤਰ ਮੌਕੇ ‘ਤੇ ਇੱਕ ਹੀ ਦਿਨ ਵਿੱਚ 3.56 ਲੱਖ ਤੋਂ ਵੱਧ ਭਗਤਾਂ ਨੇ ਭਗਵਾਨ ਸ਼ਿਵ ਦੇ ਦਰਸ਼ਨ ਅਤੇ ਪੂਜਾ ਕੀਤੀ।
- ਸੋਮਨਾਥ ਟ੍ਰਸਟ ਹਰ ਵਰ੍ਹੇ ਸੈਂਕੜੇ ਮਹਿਲਾਵਾਂ ਨੂੰ ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੇ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਨੂੰ ਆਰਥਿਕ ਪੱਖੋਂ ਆਤਮ-ਨਿਰਭਰਤਾ ਦੀ ਦਿਸ਼ਾ ਵਿੱਚ ਸਸ਼ਕਤ ਬਣਾ ਰਿਹਾ ਹੈ।
- ਸੋਮਨਾਥ ਮੰਦਿਰ ਪਰਿਸਰ ਵਿੱਚ ਸਥਿਤ ਪਵਿੱਤਰ ਬਿਲਵਾ ਜੰਗਲ (Wood Apple), ਜਿੱਥੇ ਲਗਭਗ 1,700 ਬਿਲਵਾ ਦੇ ਰੁੱਖ ਹਨ, ਉਸ ਦੀ ਦੇਖ-ਰੇਖ ਅਤੇ ਸੰਭਾਲ ਦੀ ਜ਼ਿੰਮੇਵਾਰੀ ਮਹਿਲਾ ਰੱਖਿਅਕ ਨਿਭਾ ਰਹੀਆਂ ਹਨ।
- ਸੋਮਨਾਥ ਦਾ ਮਿਆਵਾਕੀ ਜੰਗਲ ਹਰ ਵਰ੍ਹੇ ਲਗਭਗ 93,000 ਕਿਲੋਗ੍ਰਾਮ ਕਾਰਬਨ ਡਾਈਆਕਸਾਈਡ ਨੂੰ ਇਕੱਠਾ ਕਰਦਾ ਹੈ।
- ਸੋਮਨਾਥ ਵਿੱਚ ਹਰ ਮਹੀਨੇ ਪਲਾਸਟਿਕ ਵੇਸਟ ਦਾ ਰੀਸਾਈਕਲਿੰਗ ਕਰਕੇ ਲਗਭਗ 4,700 ਟਾਈਲਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਟਾਈਲਾਂ ਦੀ ਵਰਤੋਂ ਮੰਦਿਰ ਪਰਿਸਰ ਵਿੱਚ ਰਸਤਿਆਂ (ਪਾਥਵੇ) ਅਤੇ ਪੈਦਲ ਰਸਤਿਆਂ (ਵਾਕਵੇਅ) ਦੇ ਨਿਰਮਾਣ ਵਿੱਚ ਕੀਤੀ ਜਾਂਦੀ ਹੈ।

ਕਰਨ ਦੇ ਰਾਹ ‘ਤੇ ਵੀ ਹੁਣ ਅੱਗੇ ਵਧ ਚੁੱਕਿਆ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਇਸ ਮੌਕੇ ‘ਤੇ ਮੈਂ ਸਿਰਫ਼ 75 ਵਰ੍ਹਿਆਂ ਦੀ ਝਾਕੀ ਨਹੀਂ ਦੇਖ ਰਿਹਾ ਹਾਂ। ਮੈਂ ਇੱਥੇ ਦੇਖ ਰਿਹਾ ਹਾਂ, ਵਿਨਾਸ਼ ਵਿੱਚ ਸਿਰਜਣਾ ਦੇ ਸੰਕਲਪ ਨੂੰ, ਜਿਸ ਨੂੰ ਸੋਮਨਾਥ ਨੇ ਸਿੱਧ ਕੀਤਾ ਹੈ। ਮੈਂ ਇੱਥੇ ਦੇਖ ਰਿਹਾ ਹਾਂ, ਝੂਠ ‘ਤੇ ਸੱਚ ਦੀ ਜਿੱਤ ਨੂੰ, ਜਿਸ ਨੂੰ ਪ੍ਰਭਾਸ- ਪਾਟਨ ਨੇ ਵਾਰ-ਵਾਰ ਜੀਵਿਆ ਹੈ। ਮੈਂ ਇੱਥੇ ਦੇਖ ਰਿਹਾ ਹਾਂ, ਹਜ਼ਾਰਾਂ ਵਰ੍ਹਿਆਂ ਦੀ ਅਧਿਆਤਮਿਕ ਚੇਤਨਾ, ਜਿਸ ਨੇ ਮਨੁੱਖ ਦੀ ਸਿਰਫ਼ ਭਲਾਈ ਦੀ ਸਿੱਖਿਆ ਸੰਪੂਰਨ ਵਿਸ਼ਵ ਨੂੰ ਦਿੱਤੀ ਹੈ। ਮੈਂ ਇੱਥੇ ਦੇਖ ਰਿਹਾ ਹਾਂ, ਭਾਰਤ ਦੇ ਉਸ ਅਵਿਨਾਸ਼ੀ ਸਰੂਪ ਨੂੰ, ਜਿਸ ਨੂੰ ਸਦੀਆਂ ਦੇ ਮਾੜੇ ਯਤਨ ਵੀ ਨਾ ਮਿਟਾ ਸਕੇ, ਨਾ

## ਸਰਦਾਰ ਵੱਲਭਭਾਈ ਪਟੇਲ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ

ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਦੇ ਸੋਮਨਾਥ ਵਿਖੇ ਸਰਦਾਰ ਵੱਲਭਭਾਈ ਪਟੇਲ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਕਿਹਾ ਕਿ ਸੋਮਨਾਥ ਮੰਦਿਰ ਦੇ ਮੁੜ-ਨਿਰਮਾਣ ਵਿੱਚ ਸਰਦਾਰ ਪਟੇਲ ਦੀ ਦੂਰਦ੍ਰਿਸ਼ਟੀ ਅਤੇ ਦ੍ਰਿੜ੍ਹ ਸੰਕਲਪ ਨੇ ਫੈਸਲਾਕੁੰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਚਾਨਣਾ ਪਾਇਆ ਕਿ ਸੋਮਨਾਥ ਨੂੰ ਭਾਰਤ ਦੇ ਸੱਭਿਅਤਾਗਤ ਗੌਰਵ ਅਤੇ ਅਧਿਆਤਮਿਕ ਨਿਰੰਤਰਤਾ ਦੇ ਪ੍ਰਤੀਕ ਵਜੋਂ ਆਪਣੀ ਪੂਰੀ ਸ਼ਾਨ ਦੇ ਨਾਲ ਮੁੜ ਸਥਾਪਿਤ ਹੁੰਦੇ ਹੋਏ ਦੇਖਣਾ ਸਰਦਾਰ ਪਟੇਲ ਦਾ ਸੁਪਨਾ ਸੀ। ਦੇਸ਼ ਸਰਦਾਰ ਪਟੇਲ ਦੇ ਇਸ ਵਿਜ਼ਨ ਨੂੰ ਸਾਕਾਰ ਕਰਨ ਦੇ ਪ੍ਰਤੀ ਹਮੇਸ਼ਾ ਵਚਨਬੱਧ ਰਹੇਗਾ।

## ਦਿਲਚਸਪ ਫਲਾਈਪਾਸਟ ਦਾ ਕੀਤਾ ਉਦਘਾਟਨ

ਸੋਮਨਾਥ ਅੰਮ੍ਰਿਤ ਮਹੋਤਸਵ ਦੇ ਸ਼ੁਭ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਹਵਾਈ ਸੈਨਾ ਦੀ ਸੂਰਯਕਿਰਨ ਐਰੋਬੈਟਿਕ ਟੀਮ ਦੁਆਰਾ ਪੇਸ਼ ਕੀਤੇ ਇੱਕ ਦਿਲਚਸਪ ਫਲਾਈਪਾਸਟ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਕਿਹਾ ਕਿ ਅਸਮਾਨ ਵਿੱਚ ਮਾਣ ਅਤੇ ਸ਼ਾਨ ਦਾ ਅਦਭੁਤ ਸੰਗਮ ਸੋਮਨਾਥ ਮੰਦਿਰ 'ਤੇ ਕੇਸਰੀ ਅਤੇ ਤਿਰੰਗੇ ਦਾ ਪ੍ਰਕਾਸ਼ ਫੈਲਾ ਰਿਹਾ ਸੀ। ਭਗਤੀ ਅਤੇ ਸ਼ਕਤੀ ਦਾ ਇਹ ਅਦਭੁਤ ਨਜ਼ਾਰਾ ਹਰੇਕ ਦਿਲ ਨੂੰ ਅੰਦਰ ਤੱਕ ਖੁਸ਼ੀ ਨਾਲ ਭਰ ਦਿੰਦਾ ਹੈ ਅਤੇ ਹਰੇਕ ਭਾਰਤੀ ਨੂੰ ਮਾਣ ਮਹਿਸੂਸ ਕਰਵਾਉਂਦਾ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਹਰਾ ਸਕੇ। ਅਤੇ ਮੈਂ ਇੱਥੇ ਦੇਖ ਰਿਹਾ ਹਾਂ, ਸੋਮਨਾਥ ਅੰਮ੍ਰਿਤ-ਮਹੋਤਸਵ, ਇਹ ਸਿਰਫ਼ ਅਤੀਤ ਦਾ ਉਤਸਵ ਨਹੀਂ ਹੈ, ਇਹ ਅਗਲੇ ਇੱਕ ਹਜ਼ਾਰ ਵਰ੍ਹਿਆਂ ਦੇ ਲਈ ਭਾਰਤ ਦੀ ਪ੍ਰੇਰਣਾ ਦਾ ਮਹੋਤਸਵ ਵੀ ਹੈ।

## ਸੋਮਨਾਥ ਅੰਮ੍ਰਿਤ ਮਹੋਤਸਵ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਸ਼ਿਰਕਤ

ਭਾਰਤ ਦੇ ਬਾਰ੍ਹਾਂ ਜਯੋਤਿਰਲਿੰਗਾਂ ਵਿੱਚੋਂ ਇੱਕ ਹੋਰ ਭਾਰਤ ਦੀ ਅਟੁੱਟ ਆਸਥਾ ਅਤੇ ਸੱਭਿਅਤਾਗਤ ਵਿਰਾਸਤ ਦੇ ਪ੍ਰਤੀਕ ਪਵਿੱਤਰ ਸੋਮਨਾਥ ਮੰਦਿਰ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸੋਮਨਾਥ ਅੰਮ੍ਰਿਤ ਮਹੋਤਸਵ ਵਿੱਚ ਹਿੱਸਾ ਲਿਆ। ਸਮਾਗਮਾਂ ਦੇ ਹਿੱਸੇ ਦੇ ਰੂਪ ਵਿੱਚ ਉਨ੍ਹਾਂ ਨੇ ਕਈ ਸ਼ੁਭ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਝੰਡਾ ਲਹਿਰਾਉਣ ਦੇ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ 'ਤੇ ਸੋਮਨਾਥ ਦੀ ਸਮ੍ਰਿੱਧ ਵਿਰਾਸਤ ਅਤੇ ਅਧਿਆਤਮਿਕ ਮਹੱਤਵ ਨੂੰ ਯਾਦ ਕਰਦੇ ਹੋਏ ਇੱਕ ਸਮਾਰਕ ਡਾਕ ਟਿਕਟ ਅਤੇ ਸਿੱਕਾ ਵੀ ਜਾਰੀ ਕੀਤਾ ਗਿਆ।

## ਸੋਮਨਾਥ ਮੰਦਿਰ ਵਿੱਚ ਮਹਾਪੂਜਾ ਅਤੇ ਕੁੰਭਾਭਿਸ਼ੇਕ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਜਰਾਤ ਯਾਤਰਾ ਦੇ ਦੌਰਾਨ ਸੋਮਨਾਥ ਮੰਦਿਰ ਵਿੱਚ ਮਹਾਪੂਜਾ ਅਤੇ ਕੁੰਭਾਭਿਸ਼ੇਕ ਵੀ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹਾ ਮਹਾਨ ਸੁਭਾਗ ਪ੍ਰਾਪਤ ਹੋਣਾ ਉਨ੍ਹਾਂ ਦੇ ਜੀਵਨ ਦੇ ਸਭ ਤੋਂ ਭਾਵੁਕ ਅਤੇ ਯਾਦਗਾਰੀ ਪਲਾਂ ਵਿੱਚੋਂ ਇੱਕ ਹੈ। ਮੁੜ-ਸੁਰਜੀਤ ਸੋਮਨਾਥ ਮੰਦਿਰ ਦੇ 75 ਵਰ੍ਹੇ ਪੂਰੇ ਹੋਣ ਦੇ ਜਸ਼ਨ ਵਿੱਚ ਆਯੋਜਿਤ ਇਸ ਵਿਸ਼ੇਸ਼ ਮੌਕੇ 'ਤੇ ਮਹਾਦੇਵ ਦੀ ਪੂਜਾ ਕਰਨਾ ਇੱਕ ਯਾਦਗਾਰੀ ਅਨੁਭਵ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਦਰਸ਼ਨ ਅਤੇ ਪੂਜਾ ਅਸੀਮ ਅਧਿਆਤਮਿਕ ਊਰਜਾ ਦੇ ਸਰੋਤ ਹਨ।



## ਸੋਮਨਾਥ ਮੰਦਿਰ ਦੀ ਇੱਕ ਤਸਵੀਰ ਕੀਤੀ ਸਾਂਝੀ

ਸੋਮਨਾਥ ਤੋਂ ਵਡੋਦਰਾ ਜਾਂਦੇ ਸਮੇਂ ਲਈ ਗਈ ਸੋਮਨਾਥ ਮੰਦਿਰ ਦੀ ਇੱਕ ਤਸਵੀਰ ਪ੍ਰਧਾਨ ਮੰਤਰੀ ਮੋਦੀ ਨੇ ਸਾਂਝੀ ਕੀਤੀ। ਨਾਲ ਹੀ ਉਨ੍ਹਾਂ ਨੇ ਜ਼ਿਕਰ ਕੀਤਾ ਕਿ ਪ੍ਰਭਾਸ ਪਾਟਨ ਦੇ ਕਿਨਾਰੇ 'ਤੇ ਸਥਿਤ ਸੋਮਨਾਥ ਮੰਦਿਰ ਭਗਤੀ, ਇਤਿਹਾਸ ਅਤੇ ਸੱਭਿਅਤਾਗਤ ਭਾਵਨਾ ਦੇ ਇੱਕ ਤੇਜਸਵੀ ਪ੍ਰਤੀਕ ਦੇ ਰੂਪ ਵਿੱਚ ਸ਼ਾਨ ਨਾਲ ਖੜ੍ਹਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਸਦੀਵੀ ਮੰਦਿਰ ਭਿਆਨਕ ਹਮਲਿਆਂ, ਆਕ੍ਰਮਣਾਂ ਅਤੇ ਸਦੀਆਂ ਦੇ ਬੀਤਣ ਦੇ ਬਾਵਜੂਦ ਅਟਲ ਰਿਹਾ ਹੈ। ਸੋਮਨਾਥ ਹਰੇਕ ਭਾਰਤੀ ਨੂੰ ਸ਼ਕਤੀ, ਹਿੰਮਤ ਅਤੇ ਉਮੀਦ ਪ੍ਰਦਾਨ ਕਰਦਾ ਹੈ। ▪

X



**Narendra Modi**
@narendramodi

देशभर के किसान भाई-बहनों के हितों की रक्षा और उनकी आय में वृद्धि के लिए हम निरंतर महत्वपूर्ण निर्णय ले रहे हैं। इसी दिशा में हमारी सरकार ने वर्ष 2026-27 के मार्केटिंग सीजन के लिए खरीफ फसलों के न्यूनतम समर्थन मूल्य यानि एमएसपी में बढ़ोतरी को मंजूरी दी है। इस फैसले से देश के करोड़ों अन्नदाताओं को जहां उनकी उपज का उचित और लाभकारी मूल्य मिलेगा, वहीं उनके जीवन में और खुशहाली आएगी।



**Rajnath Singh**
@rajnathsingh

महिलाओं का सम्मान हमारी सभ्यता की आत्मा है और कोई समाज बिना इसके प्रगति नहीं कर सकता। प्रधानमंत्री मोदी जी के नेतृत्व में भारत सरकार नारी सशक्तिकरण के साथ-साथ महिला आरक्षण (33%) के लिए भी प्रतिबद्ध रही है।

यह विधेयक केवल कानून नहीं बल्कि हमारी सामूहिक इच्छा का प्रतीक था, जो भले ही पारित न हो सका, लेकिन महिलाओं को राजनीतिक अधिकार दिलाने का संकल्प और मजबूत हुआ है।



**Amit Shah**
@AmitShah

मैं अपनी माता के चरण स्पर्श हर दिन किया करता था और उनके न रहने पर भी हर दिन उनकी तस्वीर के सामने दीप जलाता हूँ। हमारे देश में हर दिन माताओं को समर्पित है।



**Nitin Gadkari**
@nitin_gadkari

Tolling reimagined with Multi Lane Free Flow (MLFF)—a barrier-less system enabling seamless, non-stop travel. Powered by FASTag, AI, and number plate recognition, it ensures zero waiting time, faster journeys, and lower costs. Drive through at speeds of up to 80 km/h and experience the future of smart, efficient toll collection on India's highways.



**Jyotiraditya M. Sc...**
@JM_Scindia

भारत देश में अगर रक्त का संचार कोई हृदय के रूप में करता है तो मेरा @IndiaPostOffice करता है



**Hardeep Singh Puri**
@HardeepSPuri

देश में किसी भी पेट्रोलियम उत्पाद की कमी नहीं...

भारत के पास 60 दिनों का कच्चा तेल, 60 दिनों की LNG और 45 दिनों का एलपीजी भंडार उपलब्ध है।

पश्चिम एशिया में तनाव के बीच निर्बाध आपूर्ति सुनिश्चित करने के लिए भारत ने अपने दैनिक एलपीजी उत्पादन में अभूतपूर्व वृद्धि (35,000 टन से बढ़ाकर 54,000 टन) की है।



# दुनिया की कोई ताकत भारत को झुका नहीं सकती : मोदी

कोरोना जैसे कायदे: वैश्विक संकट को देखते हुए पीएम मोदी की अपील

# एक साल सोना नहीं खरीदें, वर्क फ्रॉम होम और ऑनलाइन मीटिंग करें : मोदी

पेट्रोल-डीजल के विकल्पों के इस्तेमाल पर भी जोर

इन बातों से समझें पीएम का संदेश

# विकसित भारत के लिए मिलकर करें काम

आर्ट ऑफ लिविंग के 45 वर्ष पूरे, पीएम ने सेवा भाव को सराहा

रूसी विदेश मंत्री ने पीएम से की मुलाकात, यूक्रेन युद्ध व प. एशिया संकट पर चर्चा

# किसी युद्ध से नहीं, कूटनीति और संवाद से सुलझेगा विवाद : मोदी

# आतंकवाद पर चीन और पाकिस्तान बेनकाब: भारत

दो टूक

# संकट में भी अर्थव्यवस्था मजबूत'

PM की अपील, माननीयों का काफिला कम

# तेल की बचत: प्रधानमंत्री ने अपना काफिला 50% घटाया, साथ चलीं सिर्फ 4 गाड़ियां

इन्होंने भी अपने काफिले छोटे किए



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ 7 ਅਪੀਲਾਂ

# ਰਾਸ਼ਟਰ ਹਿਤ ਵਿੱਚ ਅੱਗੇ ਆਉਣ ਦਾ ਸਮਾਂ

ਵਿਕਸਿਤ ਭਾਰਤ ਵੱਲ ਵਧ ਰਿਹਾ ਭਾਰਤ ਸਮਰੱਥ, ਯੋਗ ਅਤੇ ਸਸ਼ਕਤ ਅਧਾਰ ਥੰਮ੍ਹ ਤਿਆਰ ਕਰ ਚੁੱਕਿਆ ਹੈ। ਦੇਸ਼ ਨੇ ਆਪਣੀ ਵਿਕਾਸ ਯਾਤਰਾ ਵਿੱਚ ਜਨ-ਜਨ ਨੂੰ ਸਾਰਥੀ ਬਣਾਇਆ ਹੈ ਜਿਸ ਦਾ ਅਧਾਰ ਜਨਤਕ ਸ਼ਮੂਲੀਅਤ ਹੈ। ਇਹੋ ਕਾਰਨ ਹੈ ਕਿ ਆਲਮੀ ਚੁਣੌਤੀਆਂ ਦੇ ਦਰਮਿਆਨ ਭਾਰਤ ਨੂੰ ਮਜ਼ਬੂਤ ਬਣਾਉਣ ਦੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 7 ਮਹੱਤਵਪੂਰਨ ਸੱਦੇ ਦਿੱਤੇ ਹਨ। ਪਹਿਲਾਂ ਦੇ ਦਹਾਕਿਆਂ ਵਿੱਚ ਵੀ ਜਦੋਂ-ਜਦੋਂ ਦੇਸ਼ ਯੁੱਧ ਜਾਂ ਕਿਸੇ ਹੋਰ ਵੱਡੇ ਸੰਕਟ ਤੋਂ ਗੁਜ਼ਰਿਆ ਹੈ, ਸਰਕਾਰ ਦੀ ਅਪੀਲ ‘ਤੇ ਹਰ ਨਾਗਰਿਕ ਨੇ ਇਸੇ ਤਰ੍ਹਾਂ ਹੀ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਜਦੋਂ ਕਰੋੜਾਂ ਭਾਰਤੀ ਇਕਜੁੱਟ ਹੋ ਕੇ ਛੋਟੀਆਂ-ਛੋਟੀਆਂ ਤਬਦੀਲੀਆਂ ਕਰਨਗੇ ਤਾਂ ਰਾਸ਼ਟਰ ਨੂੰ ਆਤਮ-ਨਿਰਭਰ ਅਤੇ ਸਸ਼ਕਤ ਬਣਾਉਣ ਤੋਂ ਕੋਈ ਰੋਕ ਨਹੀਂ ਸਕਦਾ...

**140** ਕਰੋੜ ਲੋਕਾਂ ਦੇ ਸਾਂਝੇ ਯਤਨ ਹੀ ਭਾਰਤ ਦੀ ਸਭ ਤੋਂ ਵੱਡੀ ਤਾਕਤ ਹਨ। ਛੋਟੀਆਂ-ਛੋਟੀਆਂ ਜ਼ਿੰਮੇਵਾਰੀਆਂ ਨਿਭਾਓ...

**ਆਓ ਭਾਰਤ ਨੂੰ ਹੋਰ ਮਜ਼ਬੂਤ ਬਣਾਈਏ...**

**7 ਅਪੀਲਾਂ**

1. ਜਿੱਥੇ ਸੰਭਵ ਹੋਵੇ, ਵਰਕ ਫਰੋਮ ਹੋਮ ਨੂੰ ਤਰਜੀਹ ਦਿਓ।
2. ਅਗਲੇ ਇੱਕ ਵਰ੍ਹੇ ਤੱਕ ਸੋਨਾ ਖਰੀਦਣ ਤੋਂ ਬਚੋ।
3. ਪੈਟਰੋਲ ਅਤੇ ਡੀਜ਼ਲ ਦੀ ਖਪਤ ਘੱਟ ਕਰੋ–ਮੈਟਰੋ ਅਤੇ ਪਬਲਿਕ ਟ੍ਰਾਂਸਪੋਰਟ ਦੀ ਵਰਤੋਂ ਕਰੋ।
4. ਖੁਰਾਕ ਤੇਲ ਦੀ ਸੀਮਤ ਵਰਤੋਂ ਕਰੋ ਅਤੇ ਗੈਰ-ਜ਼ਰੂਰੀ ਖਪਤ ਘੱਟ ਕਰੋ।
5. ਰਸਾਇਣਕ ਖਾਦਾਂ ‘ਤੇ ਨਿਰਭਰਤਾ ਘੱਟ ਕਰੋ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰੋ।
6. ਵਿਦੇਸ਼ੀ ਬ੍ਰਾਂਡ ਦੇ ਉਤਪਾਦ ਘੱਟ ਇਸਤੇਮਾਲ ਕਰੋ ਅਤੇ ਸਵਦੇਸ਼ੀ ਅਪਣਾਓ।
7. ਅਗਲੇ ਇੱਕ ਵਰ੍ਹੇ ਤੱਕ ਵਿਦੇਸ਼ ਯਾਤਰਾਵਾਂ ਤੋਂ ਬਚੋ।

ਨਿਊ ਇੰਡੀਆ ਸਮਾਚਾਰ ਪੰਦਰਵਾੜਾ

**RNI Registered No. DELPUN/2020/78808, 1–15 June, 2026**
RNI Registered No DELPUN/2020/78808, (Publishing Date: 19 May, 2026, Total Pages-78)

EDITOR IN CHIEF
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of
Communication, 2nd Floor, Soochna
Bhawan, New Delhi -110003